@Qpatrika
@qaumipatrika punjabi
instagram.com/ qaumipatrika
Largest Circulated

विश्व भर में सबसे ज्यादा पढ़ा जाने वाला

# ਕੌਮੀ ਪਤ੍ਰਿਕਾ

Qaumi Patrika NO.1

Punjabi National Daily

दिल्ली, हिमाचल, हरियाणा, पंजाब, उत्तर प्रदेश, उत्तराखण्ड से प्रसारित।

Thursday, 22 August 2024

VISIT: www.qaumipatrika.org
Email: qpatrika@gmail.com

ਨਵੀਂ ਦਿੱਲੀ: ਵੀਰਵਾਰ 22 ਅਗਸਤ 2024, 6 ਭਾਦੋਂ ਨਾਨਕਸ਼ਾਹੀ ਸੰਮਤ 555 (ਸਫ਼ੇ-12) ਮੁੱਲ 3.00 ਰੁਪਏ

R.N.I. No. 39272/81— ਸੰਪਾਦਕ — ਗੁਰਚਰਨ ਸਿੰਘ ਬੱਬਰ — ਸਾਲ — 42, ਅੰਕ 286, qpatrika@gmail.com ਫੋਨ : 9971359517 www.qaumipatrika.org

## ਨੇਕਾਂ ਨੇ 12 ਵਾਅਦਿਆਂ ਵਾਲਾ ਮੈਨੀਫੈਸਟੋ ਕੀਤਾ ਜਾਰੀ, ਧਾਰਾ 370 ਦੀ ਬਹਾਲੀ ਮੁੱਖ ਮੁੱਦਾ

ਨੈਸ਼ਨਲ ਡੈਸਕ 21 ਅਗਸਤ। ਨੈਸ਼ਨਲ ਕਾਨਫਰੰਸ ਨੇ ਵਿਧਾਨ ਸਭਾ ਚੋਣਾਂ ਲਈ ਚੋਣ ਮਨੋਰਥ ਪੱਤਰ ਜਾਰੀ ਕਰ ਦਿੱਤਾ ਹੈ। ਇਸ ਵਿੱਚ 12 ਵਾਅਦਿਆਂ ਦੇ ਨਾਲ ਕਸ਼ਮੀਰ ਨੂੰ ਪਹਿਲ ਦਿੱਤੀ ਗਈ ਹੈ। ਮੈਨੀਫੈਸਟੋ ਵਿੱਚ ਮੁੱਖ ਮੁੱਦਾ ਧਾਰਾ 370 ਦੀ ਬਹਾਲੀ ਅਤੇ ਜੰਮੂ-ਕਸ਼ਮੀਰ ਨੂੰ ਰਾਜ ਦਾ ਦਰਜਾ ਦੇਣਾ ਹੈ। ਇਸ ਦੇ ਨਾਲ ਹੀ



ਵਿਧਾਨ ਸਭਾ ਵੱਲੋਂ ਸਾਲ 2000 ਤੋਂ ਪਹਿਲਾਂ ਪਾਸ ਕੀਤੇ ਗਏ ਖੁਦਮੁਖਤਿਆਰੀ ਦੇ ਮਤੇ ਨੂੰ ਵੀ ਲਾਗੂ ਕਰਨ ਦਾ ਵਾਅਦਾ ਕੀਤਾ ਗਿਆ ਹੈ। ਪਾਰਟੀ ਦੇ ਚੋਣ ਮਨੋਰਥ ਪੱਤਰ ਵਿੱਚ ਨੌਜਵਾਨਾਂ ਅਤੇ ਔਰਤਾਂ ਨੂੰ ਲੁਭਾਉਣ ਦੀ ਕੋਸ਼ਿਸ਼ ਕੀਤੀ ਗਈ ਹੈ। ਇਸ ਦੇ ਨਾਲ ਹੀ 200 ਯੂਨਿਟ ਮੁਫਤ ਬਿਜਲੀ ਦੇਣ ਦਾ ਐਲਾਨ ਕਰਕੇ ਆਮ ਵੋਟਰਾਂ ਨੂੰ ਆਪਣੇ ਹੱਕ ਵਿੱਚ ਭੁਗਤਾਉਣ ਦਾ ਯਤਨ ਕੀਤਾ ਗਿਆ ਹੈ। ਚੋਣ ਮਨੋਰਥ ਪੱਤਰ ਵਿੱਚ ਸਮਾਜ ਦੇ ਲਗਭਗ ਸਾਰੇ ਵਰਗਾਂ ਨੂੰ ਛੂਹਣ ਦਾ ਯਤਨ ਕੀਤਾ ਗਿਆ ਹੈ। ਮੈਨੀਫੈਸਟੋ ਜਾਰੀ ਕਰਨ ਤੋਂ ਬਾਅਦ ਨੈਸ਼ਨਲ ਕਾਨਫਰੰਸ ਦੇ ਉਪ ਪ੍ਰਧਾਨ ਉਮਰ ਅਬਦੁੱਲਾ ਨੇ ਕਿਹਾ ਕਿ ਪਾਰਟੀ ਸਿਰਫ ਉਹ ਵਾਅਦੇ ਕਰ ਰਹੀ ਹੈ ਜੋ ਪੂਰੇ ਕੀਤੇ ਜਾ ਸਕਦੇ ਹਨ। ਉਨ੍ਹਾਂ ਨੇ ਮੈਨੀਫੈਸਟੋ ਨੂੰ ਨੈਸ਼ਨਲ ਕਾਨਫਰੰਸ ਦਾ ਵਿਜ਼ਨ ਪੇਪਰ ਅਤੇ ਸ਼ਾਸਨ ਲਈ ਰੋਡਮੈਪ ਦੱਸਿਆ। ਮੈਨੀਫੈਸਟੋ ਵਿੱਚ ਸ਼ਾਮਲ 12 ਵਾਅਦਿਆਂ ਵਿੱਚ ਜੰਮੂ ਅਤੇ ਕਸ਼ਮੀਰ ਪੁਨਰਗਠਨ ਐਕਟ 2019 ਅਤੇ ਕੇਂਦਰ ਸ਼ਾਸਤ ਪ੍ਰਦੇਸ਼ ਵਪਾਰ ਐਕਟ 2019 ਨੂੰ ਮੁੜ ਤਿਆਰ ਕਰਨਾ ਸ਼ਾਮਲ ਹੈ।

# ਪੋਲੈਂਡ ਪਹੁੰਚੇ ਪ੍ਰਧਾਨ ਮੰਤਰੀ ਮੋਦੀ ਦਾ ਨਿੱਘਾ ਸਵਾਗਤ

**ਸਿੰਮੀ ਕੌਰ ਬੱਬਰ**

ਵਾਰਸਾ 21 ਅਗਸਤ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਆਪਣੀ ਦੋ ਦੇਸ਼ਾਂ ਦੀ ਯਾਤਰਾ ਦੇ ਪਹਿਲੇ ਪੜਾਅ ਵਿੱਚ ਪੋਲੈਂਡ ਪਹੁੰਚ ਗਏ ਹਨ। ਪਿਛਲੇ 45 ਸਾਲਾਂ ਵਿੱਚ ਕਿਸੇ ਭਾਰਤੀ ਪ੍ਰਧਾਨ ਮੰਤਰੀ ਦੀ ਪੋਲੈਂਡ ਦੀ ਇਹ ਪਹਿਲੀ ਯਾਤਰਾ ਵੀ ਹੈ। ਇਸ ਦੌਰਾਨ ਵਾਰਸਾ ਹਵਾਈ ਅੱਡੇ 'ਤੇ ਪੀ.ਐਮ ਮੋਦੀ ਦਾ ਨਿੱਘਾ ਸਵਾਗਤ ਕੀਤਾ ਗਿਆ। ਪੀ.ਐਮ ਮੋਦੀ 21 ਅਤੇ 22 ਅਗਸਤ ਨੂੰ ਪੋਲੈਂਡ ਜਾਣਗੇ ਅਤੇ ਇਸ ਤੋਂ ਬਾਅਦ ਉਹ 23 ਅਗਸਤ ਨੂੰ ਯੁੱਧ ਪ੍ਰਭਾਵਿਤ ਯੂਕ੍ਰੇਨ ਦੀ ਰਾਜਧਾਨੀ ਕੀਵ ਜਾਣਗੇ। ਪੀ.ਐਮ ਮੋਦੀ ਦੀ ਪੋਲੈਂਡ ਫੇਰੀ ਅਜਿਹੇ ਸਮੇਂ ਆਈ ਹੈ ਜਦੋਂ ਦੋਵੇਂ ਦੇਸ਼ ਆਪਣੇ ਕੂਟਨੀਤਕ ਸਬੰਧਾਂ ਦੇ 70 ਸਾਲ ਪੂਰੇ ਕਰ ਰਹੇ ਹਨ। ਪ੍ਰਧਾਨ ਮੰਤਰੀ ਦਫਤਰ ਨੇ ਇੱਕ ਪੱਤਰ ਜਾਰੀ ਕਰਕੇ ਉਨ੍ਹਾਂ ਦੇ ਦੌਰੇ ਬਾਰੇ ਅਧਿਕਾਰਤ ਜਾਣਕਾਰੀ ਦਿੱਤੀ। ਪੱਤਰ ਵਿੱਚ ਪ੍ਰਧਾਨ ਮੰਤਰੀ ਦੇ ਹਵਾਲੇ ਨਾਲ ਕਿਹਾ ਗਿਆ ਹੈ, "ਪੋਲੈਂਡ ਦੀ ਮੇਰੀ ਫੇਰੀ ਅਜਿਹੇ ਸਮੇਂ ਵਿੱਚ ਆਈ ਹੈ ਜਦੋਂ ਅਸੀਂ ਆਪਣੇ ਕੂਟਨੀਤਕ ਸਬੰਧਾਂ ਦੇ 70 ਸਾਲ ਪੂਰੇ ਕਰ ਰਹੇ ਹਾਂ। ਪੋਲੈਂਡ ਮੱਧ ਯੂਰਪ ਵਿੱਚ



ਇੱਕ ਪ੍ਰਮੁੱਖ ਆਰਥਿਕ ਭਾਈਵਾਲ ਹੈ। ਮੈਂ ਲੋਕਤੰਤਰ ਅਤੇ ਬਹੁਲਵਾਦ ਪ੍ਰਤੀ ਸਾਡੀ ਆਪਸੀ ਵਚਨਬੱਧਤਾ ਦੀ ਉਮੀਦ ਕਰਦਾ ਹਾਂ। ਸਾਡੇ ਸਬੰਧਾਂ ਨੂੰ ਹੋਰ ਮਜ਼ਬੂਤ ਕਰਨ ਲਈ ਮੇਰੇ ਦੋਸਤ ਪ੍ਰਧਾਨ ਮੰਤਰੀ ਡੋਨਾਲਡ ਟਸਕ ਅਤੇ ਰਾਸ਼ਟਰਪਤੀ ਆਂਦਰੇਜ਼ ਡੂਡਾ ਨਾਲ ਮੁਲਾਕਾਤ ਕੀਤੀ। ਇਸ ਪੱਤਰ ਵਿੱਚ ਪ੍ਰਧਾਨ ਮੰਤਰੀ ਮੋਦੀ ਦੇ ਯੂਕਰੇਨ ਦੌਰੇ ਦਾ ਵੀ ਜ਼ਿਕਰ ਕੀਤਾ ਗਿਆ ਹੈ। ਪੀ.ਐਮ.ਓ ਨੇ ਕਿਹਾ ਕਿ ਪ੍ਰਧਾਨ ਮੰਤਰੀ ਮੋਦੀ ਰਾਸ਼ਟਰਪਤੀ ਵੋਲੋਦੀਮੀਰ ਜੇਲੇਂਸਕੀ ਦੇ ਸੱਦੇ 'ਤੇ ਯੂਕ੍ਰੇਨ ਦਾ ਦੌਰਾ ਕਰ ਰਹੇ ਹਨ। ਇਹ ਕਿਸੇ ਭਾਰਤੀ ਪ੍ਰਧਾਨ ਮੰਤਰੀ ਦੀ ਯੂਕ੍ਰੇਨ ਦੀ ਪਹਿਲੀ ਯਾਤਰਾ ਹੋਵੇਗੀ। ਪੋਲੈਂਡ ਦੀ ਆਪਣੀ ਯਾਤਰਾ ਦੀ ਸਮਾਪਤੀ ਤੋਂ ਬਾਅਦ ਪ੍ਰਧਾਨ ਮੰਤਰੀ ਮੋਦੀ ਰੇਲ ਰਾਹੀਂ ਯੂਕ੍ਰੇਨ ਦੀ ਰਾਜਧਾਨੀ ਕੀਵ ਦੀ ਯਾਤਰਾ ਕਰਨਗੇ, ਜਿਸ ਵਿੱਚ ਲਗਭਗ 10 ਘੰਟੇ ਲੱਗਣਗੇ। ਇਸ ਦੌਰੇ ਨਾਲ ਭਾਰਤ ਅਤੇ ਯੂਕ੍ਰੇਨ ਦਰਮਿਆਨ ਲਗਾਤਾਰ ਸਬੰਧਾਂ ਨੂੰ ਉਤਸ਼ਾਹਿਤ ਕਰਨ ਅਤੇ ਦੋਵਾਂ ਦੇਸ਼ਾਂ ਦਰਮਿਆਨ ਮਜ਼ਬੂਤ ਅਤੇ ਵਧੇਰੇ ਜੀਵੰਤ ਸਬੰਧਾਂ ਦੀ ਨੀਂਹ ਰੱਖਣ ਵਿੱਚ ਮਦਦ ਮਿਲਣ ਦੀ ਸੰਭਾਵਨਾ ਹੈ।

## ਜੰਮੂ-ਕਸ਼ਮੀਰ 'ਚ ਚੋਣਾਂ ਨੂੰ ਲੈ ਕੇ ਐਕਸ਼ਨ 'ਚ ਕਾਂਗਰਸ, ਸ਼੍ਰੀਨਗਰ ਪਹੁੰਚੇ ਰਾਹੁਲ ਤੇ ਖੜਗੇ

ਸ਼੍ਰੀਨਗਰ 21 ਅਗਸਤ। ਲੋਕ ਸਭਾ 'ਚ ਵਿਰੋਧੀ ਧਿਰ ਦੇ ਨੇਤਾ ਰਾਹੁਲ ਗਾਂਧੀ ਅਤੇ ਕਾਂਗਰਸ ਪ੍ਰਧਾਨ ਮਲਿਕਾਰਜੁਨ ਖੜਗੇ ਆਗਾਮੀ ਵਿਧਾਨ ਸਭਾ ਚੋਣਾਂ ਲਈ ਪਾਰਟੀ ਦੀਆਂ ਤਿਆਰੀਆਂ ਦਾ ਜਾਇਜ਼ਾ ਲੈਣ ਲਈ ਜੰਮੂ-ਕਸ਼ਮੀਰ ਦੇ ਦੋ ਦਿਨਾਂ ਦੌਰੇ 'ਤੇ ਬੁੱਧਵਾਰ ਨੂੰ ਸ਼੍ਰੀਨਗਰ ਪਹੁੰਚੇ। ਇਸ ਦੌਰਾਨ ਇਹ ਦੋਵੇਂ ਕਾਂਗਰਸੀ ਆਗੂ ਨੈਸ਼ਨਲ ਕਾਨਫਰੰਸ ਨਾਲ ਗੱਠਜੋੜ ਦੀਆਂ ਸੰਭਾਵਨਾਵਾਂ ਤਲਾਸ਼ਣਗੇ। ਕਾਂਗਰਸ ਦੇ ਇੱਕ ਸੀਨੀਅਰ ਨੇਤਾ ਨੇ ਕਿਹਾ ਕਿ ਰਾਹੁਲ ਗਾਂਧੀ ਅਤੇ ਖੜਗੇ 18 ਸਤੰਬਰ ਤੋਂ ਤਿੰਨ ਪੜਾਵਾਂ ਵਿੱਚ ਹੋਣ ਵਾਲੀਆਂ ਵਿਧਾਨ ਸਭਾ ਚੋਣਾਂ ਦੇ ਸਬੰਧ ਵਿੱਚ ਮਹੱਤਵਪੂਰਨ ਬੈਠਕਾਂ ਲਈ ਕੇਂਦਰ ਸ਼ਾਸਤ ਪ੍ਰਦੇਸ਼ ਦਾ ਦੌਰਾ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਬੁੱਧਵਾਰ ਨੂੰ ਦੋਵਾਂ ਨੇਤਾਵਾਂ ਦੀ ਕੋਈ ਅਧਿਕਾਰਤ ਮੀਟਿੰਗ ਤੈਅ ਨਹੀਂ ਹੈ। ਦੋਵੇਂ ਸੀਨੀਅਰ ਕਾਂਗਰਸੀ ਨੇਤਾ ਵੀਰਵਾਰ ਨੂੰ ਕਸ਼ਮੀਰ ਘਾਟੀ ਦੇ 10 ਜ਼ਿਲ੍ਹਿਆਂ ਦੇ ਪਾਰਟੀ ਨੇਤਾਵਾਂ ਅਤੇ ਵਰਕਰਾਂ ਨਾਲ ਵਿਆਪਕ ਚਰਚਾ ਕਰਨਗੇ। ਇਹ ਬੈਠਕਾਂ ਸਵੇਰੇ 10 ਵਜੇ ਸ਼ੁਰੂ ਹੋਣਗੀਆਂ ਜਿਸ ਤੋਂ ਬਾਅਦ ਦੋਵੇਂ ਨੇਤਾਵਾਂ (ਰਾਹੁਲ ਅਤੇ ਖੜਗੇ) ਦੇ ਇੱਥੇ ਮੀਡੀਆ ਨਾਲ ਗੱਲਬਾਤ ਕਰਨ ਦੀ ਸੰਭਾਵਨਾ ਹੈ। ਚੋਣਾਂ ਤੋਂ ਪਹਿਲਾਂ ਸੰਭਾਵਿਤ ਗਠਜੋੜ 'ਤੇ ਚਰਚਾ ਕਰਨ ਲਈ ਉਨ੍ਹਾਂ ਦੇ ਨੈਸ਼ਨਲ ਕਾਨਫਰੰਸ (ਐਨ.ਸੀ.) ਦੀ ਚੋਟੀ ਦੀ ਲੀਡਰਸ਼ਿਪ ਨੂੰ ਮਿਲਣ ਦੀ ਵੀ ਸੰਭਾਵਨਾ ਹੈ। ਸ਼੍ਰੀਨਗਰ ਵਿੱਚ ਗੱਲਬਾਤ ਕਰਨ ਤੋਂ ਬਾਅਦ ਰਾਹੁਲ ਅਤੇ ਖੜਗੇ ਵੀਰਵਾਰ ਦੁਪਹਿਰ ਨੂੰ ਹੈਲੀਕਾਪਟਰ ਰਾਹੀਂ ਜੰਮੂ ਲਈ ਰਵਾਨਾ ਹੋਣਗੇ ਅਤੇ ਖੇਤਰ ਦੇ 10 ਜ਼ਿਲ੍ਹਿਆਂ ਦੇ ਵਰਕਰਾਂ ਨਾਲ ਗੱਲਬਾਤ ਕਰਨਗੇ।

## ਮਹਿਲਾ ਡਾਕਟਰ ਨਾਲ ਜਬਰ-ਜਿਨਾਹ ਤੇ ਕਤਲ ਮਾਮਲਾ: ਹੜਤਾਲ 'ਤੇ ਡਾਕਟਰ, ਸਿਹਤ ਸੇਵਾਵਾਂ ਠੱਪ

ਕੋਲਕਾਤਾ 21 ਅਗਸਤ। ਪੱਛਮੀ ਬੰਗਾਲ ਵਿਚ ਕੋਲਕਾਤਾ ਦੇ ਆਰ. ਜੀ. ਕਰ ਹਸਪਤਾਲ 'ਚ ਇਕ ਟ੍ਰੇਨੀ ਮਹਿਲ ਡਾਕਟਰ ਨਾਲ ਜਬਰ-ਜ਼ਿਨਾਹ ਅਤੇ ਕਤਲ ਦੀ ਘਟਨਾ ਦੇ ਵਿਰੋਧ ਵਿਚ ਜੂਨੀਅਰ ਡਾਕਟਰਾਂ ਦਾ ਪ੍ਰਦਰਸ਼ਨ ਬੁੱਧਵਾਰ ਯਾਨੀ ਕਿ ਅੱਜ 13ਵੇਂ ਦਿਨ ਵੀ ਜਾਰੀ ਰਿਹਾ। ਜਿਸ ਕਾਰਨ ਸਰਕਾਰੀ ਹਸਪਤਾਲਾਂ 'ਚ ਸਿਹਤ ਸੇਵਾਵਾਂ ਬੁਰੀ ਤਰ੍ਹਾਂ ਪ੍ਰਭਾਵਿਤ ਰਹੀਆਂ। ਅਧਿਕਾਰੀਆਂ ਨੇ ਦੱਸਿਆ ਕਿ ਕਈ ਹਸਪਤਾਲਾਂ ਵਿਚ ਜੂਨੀਅਰ ਡਾਕਟਰਾਂ ਦੀ ਥਾਂ ਸੀਨੀਅਰ ਡਾਕਟਰਾਂ ਨੂੰ ਡਿਊਟੀ 'ਤੇ ਆਉਣ ਲਈ ਕਿਹਾ ਗਿਆ ਹੈ। ਇਸ ਦੇ ਨਾਲ ਹੀ ਸੂਬਾ ਸਰਕਾਰ ਨੇ ਪ੍ਰਦਰਸ਼ਨਕਾਰੀ ਡਾਕਟਰਾਂ ਨੂੰ ਫਿਰ ਤੋਂ ਕੰਮ ਸ਼ੁਰੂ ਕਰਨ ਦੀ ਅਪੀਲ ਕੀਤੀ ਹੈ। ਇਕ ਜੂਨੀਅਰ ਡਾਕਟਰ ਨੇ ਕਿਹਾ ਕਿ ਸਾਡੀ ਭੈਣ ਨੂੰ ਨਿਆਂ ਮਿਲਣ ਤੱਕ ਸਾਡਾ ਅੰਦੋਲਨ ਜਾਰੀ ਰਹੇਗਾ। ਅਸੀਂ ਸਮਝਦੇ ਹਾਂ ਕਿ ਮਰੀਜਾਂ ਨੂੰ ਸਮੱਸਿਆ ਹੋ ਰਹੀ ਹੈ ਪਰ ਸਾਡੀਆਂ ਮੰਗਾਂ ਉਚਿਤ ਹਨ। ਸਰਕਾਰੀ ਹਸਪਤਾਲਾਂ ਦੇ ਟਿਕਟ ਕਾਊਂਟਰ ਦੇ ਬਾਹਰ ਮਰੀਜਾਂ ਦੀਆਂ ਲੰਬੀਆਂ ਕਤਾਰਾਂ ਵੇਖੀਆਂ ਗਈਆਂ ਅਤੇ ਓ. ਪੀ. ਡੀ. ਅਤੇ ਗੈਰ-ਐਮਰਜੈਂਸੀ ਇਕਾਈਆਂ ਵਿਚ ਸੇਵਾਵਾਂ ਪ੍ਰਭਾਵਿਤ ਰਹੀਆਂ। ਕੋਲਕਤਾ ਨੈਸ਼ਨਲ ਮੈਡੀਕਲ ਕਾਲਜ ਅਤੇ ਹਸਪਤਾਲ ਦੇ ਇਕ ਸੀਨੀਅਰ ਡਾਕਟਰ ਨੇ ਕਿਹਾ ਕਿ ਜਦੋਂ ਤੱਕ ਇਹ ਪੁਸ਼ਟੀ ਨਹੀਂ ਹੋ ਜਾਂਦੀ ਕਿ ਸਬੰਧਤ ਡਾਕਟਰ ਡਿਊਟੀ 'ਤੇ ਮੌਜੂਦ ਹਨ, ਉਦੋਂ ਤੱਕ ਅਸੀਂ ਟਿਕਟਾਂ ਜਾਰੀ ਨਹੀਂ ਕਰ ਰਹੇ। ਹਸਪਤਾਲ ਵਿਚ ਰੋਜ਼ਾਨਾ ਵੱਡੀ ਗਿਣਤੀ ਵਿਚ ਮਰੀਜ ਆ ਰਹੇ ਹਨ ਪਰ ਡਾਕਟਰ ਬਹੁਤ ਘੱਟ ਹਨ। ਕੁਝ ਡਾਕਟਰਾਂ ਨੇ ਜੂਨੀਅਰ ਡਾਕਟਰਾਂ ਦੀ ਗੈਰ-ਹਾਜ਼ਰੀ ਕਾਰਨ ਕਈ ਸਰਜਰੀਆਂ ਟਾਲ ਦਿੱਤੀਆਂ। ਜ਼ਿਕਰਯੋਗ ਹੈ ਕਿ ਕੋਲਕਾਤਾ ਵਿਚ ਸਰਕਾਰੀ ਆਰ. ਜੀ. ਕਰ ਮੈਡੀਕਲ ਕਾਲਜ ਅਤੇ ਹਸਪਤਾਲ ਵਿਚ 9 ਅਗਸਤ ਨੂੰ ਡਿਊਟੀ ਦੌਰਾਨ ਪੋਸਟ ਗਰੈਜੂਏਟ ਟ੍ਰੇਨੀ ਮਹਿਲਾ ਡਾਕਟਰ ਨਾਲ ਜਬਰ-ਜ਼ਿਨਾਹ ਕੀਤਾ ਗਿਆ ਅਤੇ ਫਿਰ ਉਸ ਦਾ ਕਤਲ ਕਰ ਦਿੱਤਾ ਗਿਆ। ਡਾਕਟਰ ਦੀ ਲਾਸ਼ ਹਸਪਤਾਲ ਦੇ ਸੈਮੀਨਾਰ ਹਾਲ ਵਿਚ ਮਿਲੀ ਸੀ ਅਤੇ ਉਸ ਦੇ ਸਰੀਰ 'ਤੇ ਗੰਭੀਰ ਸੱਟਾਂ ਦੇ ਨਿਸ਼ਾਨ ਸਨ। ਡਾਕਟਰ ਨੂੰ ਬਹੁਤ ਹੀ ਬੇਰਹਿਮੀ ਨਾਲ ਮਾਰਿਆ ਗਿਆ। ਉਧਰ ਪ੍ਰਦਰਸ਼ਨਕਾਰੀ ਡਾਕਟਰਾਂ ਦਾ ਮ੍ਰਿਤਕਾ ਦੇ ਪਰਿਵਾਰ ਨੂੰ ਜਲਦੀ ਤੋਂ ਜਲਦੀ ਨਿਆਂ ਦਿਵਾਉਣ ਦੀ ਮੰਗ ਨੂੰ ਲੈ ਕੇ ਬੁੱਧਵਾਰ ਨੂੰ ਕੋਲਕਾਤਾ ਵਿਚ ਇਕ ਰੈਲੀ ਕੱਢਣ ਦਾ ਪ੍ਰੋਗਰਾਮ ਹੈ।

# ਭਾਰਤ ਬੰਦ ਦਰਮਿਆਨ ਅਖਿਲੇਸ਼ ਯਾਦਵ ਬੋਲੇ- ਬੇਲਗਾਮ ਸਰਕਾਰ 'ਤੇ ਲਗਾਮ ਲਾਉਂਦੇ ਹਨ ਜਨ ਅੰਦੋਲਨ

**ਤੇਜਿੰਦਰ ਕੌਰ ਬੱਬਰ**

ਲਖਨਊ 21 ਅਗਸਤ। ਸਮਾਜਵਾਦੀ ਪਾਰਟੀ (ਸਪਾ) ਦੇ ਪ੍ਰਧਾਨ ਅਖਿਲੇਸ਼ ਯਾਦਵ ਨੇ ਅਨੁਸੂਚਿਤ ਜਾਤੀ/ਅਨੁਸੂਚਿਤ ਜਨਜਾਤੀ (ਐੱਸਸੀ/ਐੱਸਟੀ) ਰਿਜ਼ਰਵੇਸ਼ਨ ਵਿਚ ਕ੍ਰੀਮੀ ਲੇਅਰ 'ਤੇ ਸੁਪਰੀਮ ਕੋਰਟ ਦੇ ਫੈਸਲੇ ਨੂੰ ਲੈ ਕੇ ਬੁੱਧਵਾਰ ਨੂੰ ਬੁਲਾਏ ਗਏ 'ਭਾਰਤ ਬੰਦ' ਦਾ ਸਮਰਥਨ ਕੀਤਾ ਅਤੇ ਕਿਹਾ ਕਿ ਅਜਿਹੇ ਜਨਤਕ ਅੰਦੋਲਨ ਬੇਲਗਾਮ ਸਰਕਾਰ 'ਤੇ ਲਗਾਮ ਲਾਉਂਦੇ ਹਨ। ਯਾਦਵ ਨੇ ਸੋਸ਼ਲ ਮੀਡੀਆ ਪਲੇਟਫਾਰਮ 'ਐਕਸ' 'ਤੇ ਇਕ ਟਿੱਪਣੀ ਵਿਚ ਕਿਹਾ ਕਿ ਰਾਖਵਾਂਕਰਨ ਦੀ ਰੱਖਿਆ ਲਈ ਜਨਤਕ ਅੰਦੋਲਨ ਇਕ ਸਕਾਰਾਤਮਕ ਕੋਸ਼ਿਸ਼ ਹੈ। ਇਸ ਨਾਲ ਸੋਸ਼ਿਤ ਅਤੇ ਵਾਂਝੇ ਲੋਕਾਂ ਵਿਚ ਚੇਤਨਾ ਦੀ ਇਕ ਨਵੀਂ ਲਹਿਰ ਪੈਦਾ ਹੋਵੇਗੀ ਅਤੇ ਰਾਖਵੇਂਕਰਨ ਨਾਲ ਕਿਸੇ ਵੀ ਤਰ੍ਹਾਂ ਦੀ ਛੇੜਛਾੜ ਵਿਰੁੱਧ ਲੋਕ ਸ਼ਕਤੀ ਦੀ ਢਾਲ ਸਾਬਤ ਹੋਵੇਗੀ। ਸ਼ਾਂਤਮਈ ਅੰਦੋਲਨ ਇਕ ਜਮਹੂਰੀ ਹੱਕ ਹੁੰਦਾ ਹੈ। ਯਾਦਵ ਨੇ ਇਸ ਦੇ ਨਾਲ ਹੀ ਲਿਖਿਆ ਕਿ ਬਾਬਾ ਸਾਹਿਬ ਭੀਮ ਰਾਓ ਅੰਬੇਡਕਰ ਨੇ ਪਹਿਲਾਂ ਹੀ ਚਿਤਾਵਨੀ ਦਿੱਤੀ ਸੀ ਕਿ ਸੰਵਿਧਾਨ ਉਦੋਂ ਹੀ ਪ੍ਰਭਾਵਸ਼ਾਲੀ ਸਾਬਤ ਹੋਵੇਗਾ ਜਦੋਂ ਇਸ ਨੂੰ ਲਾਗੂ ਕਰਨ ਵਾਲਿਆਂ ਦੀ ਨੀਅਤ ਸਹੀ ਹੋਵੇਗੀ। ਜਦੋਂ ਸੱਤਾ ਵਿਚ ਆਈਆਂ ਸਰਕਾਰਾਂ ਧੋਖੇਬਾਜ਼ੀ, ਘਪਲਿਆਂ ਰਾਹੀਂ ਸੰਵਿਧਾਨ ਅਤੇ ਸੰਵਿਧਾਨ ਵਲੋਂ



ਦਿੱਤੇ ਅਧਿਕਾਰਾਂ ਨਾਲ ਖਿਲਵਾੜ ਕਰਨਗੀਆਂ ਤਾਂ ਲੋਕਾਂ ਨੂੰ ਸੜਕਾਂ 'ਤੇ ਉਤਰਨਾ ਪਵੇਗਾ। ਲੋਕ ਅੰਦੋਲਨਾਂ ਨੇ ਬੇਲਗਾਮ ਸਰਕਾਰ 'ਤੇ ਲਗਾਮ ਕੱਸ ਦਿੱਤੀ ਹੈ। ਜ਼ਿਕਰਯੋਗ ਹੈ ਕਿ ਐੱਸਸੀ-ਐੱਸਟੀ ਰਾਖਵਾਂਕਰਨ 'ਚ ਕ੍ਰੀਮੀ ਲੇਅਰ 'ਤੇ ਸੁਪਰੀਮ ਕੋਰਟ ਦੇ 1 ਅਗਸਤ ਦੇ ਫੈਸਲੇ ਖਿਲਾਫ ਅੱਜ ਦੇਸ਼ ਭਰ ਦੀਆਂ 21 ਜਥੇਬੰਦੀਆਂ ਨੇ ਭਾਰਤ ਬੰਦ ਦਾ ਸੱਦਾ ਦਿੱਤਾ ਹੈ। ਜਥੇਬੰਦੀਆਂ ਨੇ ਇਸ ਫੈਸਲੇ ਦਾ ਵਿਰੋਧ ਕਰਦਿਆਂ ਕਿਹਾ ਕਿ ਇਸ ਨਾਲ ਰਾਖਵੇਂਕਰਨ ਦੇ ਮੂਲ ਸਿਧਾਂਤਾਂ ਨੂੰ ਨੁਕਸਾਨ ਹੋਵੇਗਾ। ਸੁਪਰੀਮ ਕੋਰਟ ਨੇ - ਰਾਖਵਾਂਕਰਨ 'ਚ ਕ੍ਰੀਮੀ ਲੇਅਰ ਨੂੰ ਲੈ ਕੇ ਆਪਣਾ ਫੈਸਲਾ ਸੁਣਾਉਂਦੇ ਹੋਏ ਕਿਹਾ ਸੀ ਕਿ ਸਾਰੀਆਂ ਅਤੇ ਜਾਤੀਆਂ ਅਤੇ ਜਨਜਾਤੀਆਂ ਇਕ ਬਰਾਬਰ ਦਾ ਵਰਗ ਨਹੀਂ ਹੈ। ਕੁਝ ਜਾਤਾਂ ਜ਼ਿਆਦਾ ਪਛੜੀਆਂ ਹੋ ਸਕਦੀਆਂ ਹਨ। ਉਦਾਹਰਨ ਲਈ - ਸੀਵਰ ਦੀ ਸਫਾਈ ਅਤੇ ਬੁਣਕਰ ਦਾ ਕੰਮ ਕਰਨ ਵਾਲੇ। ਇਹ ਦੋਵੇਂ ਜਾਤੀਆਂ ਅਧੀਨ ਆਉਂਦੀਆਂ ਹਨ ਪਰ ਇਸ ਜਾਤੀ ਦੇ ਲੋਕ ਬਾਕੀਆਂ ਨਾਲੋਂ ਜ਼ਿਆਦਾ ਪਛੜੀਆਂ ਹਨ। ਇਨ੍ਹਾਂ ਲੋਕਾਂ ਦੇ ਵਿਕਾਸ ਲਈ, ਸੂਬਾਈ ਸਰਕਾਰਾਂ - ਰਾਖਵਾਂਕਰਨ ਦਾ ਵਰਗੀਕਰਨ (ਉਪ-ਵਰਗੀਕਰਨ) ਕਰ ਕੇ ਵੱਖਰਾ ਕੋਟਾ ਨਿਰਧਾਰਤ ਕਰ ਸਕਦੀਆਂ ਹਨ। ਅਜਿਹਾ ਕਰਨਾ ਸੰਵਿਧਾਨ ਦੀ ਧਾਰਾ 341 ਦੇ ਵਿਰੁੱਧ ਨਹੀਂ ਹੈ। ਸੁਪਰੀਮ ਕੋਰਟ ਨੇ ਕੋਟਾ ਤੈਅ ਕਰਨ ਦੇ ਫੈਸਲੇ ਦੇ ਨਾਲ ਹੀ ਸੂਬਿਆਂ ਨੂੰ ਜ਼ਰੂਰੀ ਨਿਰਦੇਸ਼ ਵੀ ਦਿੱਤੇ ਹਨ। ਕੋਰਟ ਨੇ ਕਿਹਾ ਕਿ ਸੂਬਾਈ ਸਰਕਾਰਾਂ ਮਨਮਾਨੇ ਢੰਗ ਨਾਲ ਇਹ ਫੈਸਲਾ ਨਹੀਂ ਲੈ ਸਕਦੀਆਂ।

## ਕਿਰਨ ਚੌਧਰੀ ਨੇ ਹਰਿਆਣਾ ਵਿਧਾਨ ਸਭਾ ਤੋਂ ਦਿੱਤਾ ਅਸਤੀਫਾ, ਹੁਣ ਰਾਜ ਸਭਾ ਜਾਵੇਗੀ

ਚੰਡੀਗੜ੍ਹ 21 ਅਗਸਤ। ਹਰਿਆਣਾ ਦੀ ਵਿਧਾਇਕ ਕਿਰਨ ਚੌਧਰੀ ਨੇ ਵਿਧਾਨ ਸਭਾ ਦੀ ਮੈਂਬਰਸ਼ਿਪ ਤੋਂ ਅਸਤੀਫਾ ਦੇ ਦਿੱਤਾ ਹੈ। ਉਨ੍ਹਾਂ ਨੂੰ ਭਾਜਪਾ ਵਲੋਂ ਰਾਜ ਸਭਾ ਜ਼ਿਮਨੀ ਚੋਣਾਂ ਵਿਚ ਉਮੀਦਵਾਰ ਬਣਾਏ ਜਾਣ ਦੀ ਸੰਭਾਵਨਾ ਹੈ। ਕਰੀਬ ਦੋ ਮਹੀਨੇ ਪਹਿਲਾਂ ਕਾਂਗਰਸ ਛੱਡ ਕੇ ਭਾਜਪਾ ਵਿਚ ਸ਼ਾਮਲ ਹੋਈ ਕਿਰਨ ਚੌਧਰੀ ਨੇ ਮੰਗਲਵਾਰ ਨੂੰ ਕਿਹਾ ਕਿ ਮੈਂ ਵਿਧਾਨ ਸਭਾ ਮੈਂਬਰ ਦੇ ਤੌਰ 'ਤੇ ਅਸਤੀਫਾ ਦੇ ਦਿੱਤਾ ਹੈ। ਸਪੀਕਰ ਗਿਆਨਚੰਦ ਗੁਪਤਾ ਨੇ ਉਨ੍ਹਾਂ ਦਾ ਅਸਤੀਫਾ ਮਨਜ਼ੂਰ ਕਰ ਲਿਆ ਹੈ। ਦੱਸ ਦੇਈਏ ਕਿ ਕਿਰਨ ਹਰਿਆਣਾ ਦੇ ਤੋਸ਼ਾਮ ਹਲਕੇ ਤੋਂ ਪਹਿਲੀ ਵਾਰ 2004 ਵਿਚ ਹੋਈਆਂ ਜ਼ਿਮਨੀ ਚੋਣਾਂ ਜ਼ਰੀਏ ਵਿਧਾਨ ਸਭਾ ਪਹੁੰਚੀ ਸੀ। ਕਿਰਨ ਜੂਨ ਵਿਚ ਆਪਣੀ ਧੀ ਸ਼ਰੁਤੀ ਅਤੇ ਆਪਣੇ ਸਮਰਥਕਾਂ ਨਾਲ ਭਾਜਪਾ ਵਿਚ ਸ਼ਾਮਲ ਹੋ ਗਈ ਸੀ। ਦੱਸ ਦੇਈਏ ਕਿ 9 ਸੂਬਿਆਂ ਵਿਚ ਰਾਜ ਸਭਾ ਦੀਆਂ 12 ਖਾਲੀ ਸੀਟਾਂ ਲਈ ਚੋਣਾਂ 3 ਸਤੰਬਰ ਨੂੰ ਹੋਣਗੀਆਂ। ਹਰਿਆਣਾ ਵਿਚ ਕਾਂਗਰਸ ਨੇਤਾ ਦੀਪੇਂਦਰ ਸਿੰਘ ਹੁੱਡਾ ਦੇ ਰੋਹਤਕ ਤੋਂ ਲੋਕ ਸਭਾ ਲਈ ਚੁਣੇ ਜਾਣ ਮਗਰੋਂ ਰਾਜ ਸਭਾ ਲਈ ਇਕਲੌਤੀ ਸੀਟ 'ਤੇ ਜ਼ਿਮਨੀ ਚੋਣ ਕਰਾਉਣ ਦੀ ਲੋੜ ਪਈ ਹੈ। ਇਸ ਸੀਟ ਲਈ ਨਾਮਜ਼ਦਗੀ ਦਰਜ ਕਰਾਉਣ ਦੀ ਆਖਰੀ ਤਾਰੀਖ ਦਿਨ ਬੁੱਧਵਾਰ ਹੈ। ਸੂਤਰਾਂ ਨੇ ਦੱਸਿਆ ਕਿ ਭਾਜਪਾ ਹਰਿਆਣਾ ਤੋਂ ਰਾਜ ਸਭਾ ਚੋਣਾਂ ਲਈ ਕਿਰਨ ਚੌਧਰੀ ਨੂੰ ਉਮੀਦਵਾਰ ਬਣਾ ਸਕਦੀ



ਹੈ। ਕਿਰਨ ਚੌਧਰੀ ਦੇ ਅਸਤੀਫੇ ਮਗਰੋਂ 90 ਮੈਂਬਰੀ ਵਿਧਾਨ ਸਭਾ ਵਿਚ ਭਾਜਪਾ ਮੈਂਬਰਾਂ ਦੀ ਗਿਣਤੀ 41 ਹੋ ਗਈ ਹੈ, ਜਦਕਿ ਕਾਂਗਰਸ ਦੇ 28 ਹੋਰ ਜਨਨਾਇਕ ਜਨਤਾ ਪਾਰਟੀ () ਦੇ 10 ਮੈਂਬਰ ਹਨ। ਵਿਧਾਨ ਸਭਾ ਵਿਚ 5 ਆਜ਼ਾਦ ਵਿਧਾਇਕ ਹਨ ਅਤੇ ਇੰਡੀਅਨ ਨੈਸ਼ਨਲ ਲੋਕ ਦਲ (ਇਨੈਲੋ) ਅਤੇ ਹਰਿਆਣਾ ਲੋਕ ਹਿੱਤ ਪਾਰਟੀ ਦੇ ਇਕ-ਇਕ ਮੈਂਬਰ ਹਨ ਅਤੇ 4 ਸੀਟਾਂ ਖਾਲੀ ਹਨ।

## ਜੰਮੂ ਕਸ਼ਮੀਰ ਵਿਧਾਨ ਸਭਾ ਚੋਣਾਂ ਦੇ ਪਹਿਲੇ ਪੜਾਅ ਲਈ ਨੋਟੀਫਿਕੇਸ਼ਨ ਜਾਰੀ

ਨਵੀਂ ਦਿੱਲੀ 21 ਅਗਸਤ। ਚੋਣ ਕਮਿਸ਼ਨ ਨੇ ਜੰਮੂ-ਕਸ਼ਮੀਰ ਵਿਧਾਨ ਸਭਾ ਚੋਣਾਂ ਦੇ ਪਹਿਲੇ ਪੜਾਅ ਲਈ ਨੋਟੀਫਿਕੇਸ਼ਨ ਜਾਰੀ ਕਰ ਦਿੱਤਾ, ਜਿਸ ਦੇ ਨਾਲ ਹੀ ਨਾਮਜ਼ਦਗੀ ਪ੍ਰਕਿਰਿਆ ਸ਼ੁਰੂ ਹੋ ਗਈ ਹੈ। ਜੰਮੂ-ਕਸ਼ਮੀਰ 'ਚ 90 ਮੈਂਬਰੀ ਵਿਧਾਨ ਸਭਾ ਲਈ ਤਿੰਨ ਪੜਾਵਾਂ 'ਚ ਚੋਣਾਂ ਹੋਣੀਆਂ ਹਨ, ਜਿਸ ਦੇ ਪਹਿਲੇ ਪੜਾਅ 'ਚ 24 ਸੀਟਾਂ 'ਤੇ ਵੋਟਿੰਗ ਹੋਵੇਗੀ। ਗਜਟ 'ਚ ਜਾਰੀ ਨੋਟੀਫਿਕੇਸ਼ਨ ਮੁਤਾਬਕ ਪਹਿਲੇ ਪੜਾਅ ਦੀਆਂ ਚੋਣਾਂ ਲਈ ਨਾਮਜ਼ਦਗੀਆਂ ਮੰਗਲਵਾਰ 27 ਅਗਸਤ ਤੱਕ ਭਰੀਆਂ ਜਾ ਸਕਦੀਆਂ ਹਨ। ਨਾਮਜ਼ਦਗੀ ਪੱਤਰਾਂ ਦੀ ਸਮੀਖਿਆ 28 ਅਗਸਤ ਨੂੰ ਹੋਵੇਗੀ ਅਤੇ 30 ਅਗਸਤ ਤੱਕ ਨਾਮ ਵਾਪਸ ਲਏ ਜਾ ਸਕਦੇ ਹਨ। ਪਹਿਲੇ ਪੜਾਅ ਦੀ ਵੋਟਿੰਗ ਬੁੱਧਵਾਰ 18 ਸਤੰਬਰ ਨੂੰ ਹੋਵੇਗੀ। ਤਿੰਨਾਂ ਗੇੜਾਂ ਦੀਆਂ ਵੋਟਾਂ ਦੀ ਗਿਣਤੀ 4 ਅਕਤੂਬਰ ਨੂੰ ਹੋਵੇਗੀ। ਕੇਂਦਰ ਸ਼ਾਸਿਤ ਪ੍ਰਦੇਸ਼ ਜੰਮੂ ਅਤੇ ਕਸ਼ਮੀਰ ਦੀ 90 ਮੈਂਬਰੀ ਵਿਧਾਨ ਸਭਾ 'ਚ 9 ਸੀਟਾਂ ਅਨੁਸੂਚਿਤ ਕਬੀਲਿਆਂ ਲਈ ਅਤੇ 7 ਅਨੁਸੂਚਿਤ ਜਾਤੀਆਂ ਲਈ ਰਾਖਵੀਆਂ ਹਨ। ਪਹਿਲੇ ਪੜਾਅ 'ਚ ਪੰਪੋਰ, ਤਰਾਲ, ਪੁਲਵਾਮਾ, ਰਾਜਪੋਰਾ, ਜੈਨਪੋਰਾ, ਸ਼ੋਪੀਆਂ, ਡੀ.ਐੱਚ. ਪੋਰਾ, ਕੁਲਗਾਮ, ਦੇਵਸਰ, ਡੋਰੂ, ਕੋਕਰਨਾਗ, ਅਨੰਤਨਾਗ ਪੱਛਮੀ, ਅਨੰਤਨਾਗ, ਸ਼੍ਰੀਗੁਫਵਾੜਾ-ਬਿਜਬੇਹਰਾ, ਸ਼ਾਨਗੁਸ-ਅਨੰਤਨਾਗ ਪੂਰਬੀ, ਪਹਿਲਗਾਮ, ਇੰਦਰਵਾਲ, ਕਿਸ਼ਤਵਾੜ, ਪਾਡੇਰ-ਨਾਗਸੈਨੀ ਭਦਰਵਾਹ, ਡੋਡਾ, ਡੋਡਾ ਪੱਛਮੀ, ਰਾਮਬਨ, ਬਨਿਹਾਲ ਸੀਟਾਂ 'ਤੇ ਚੋਣਾਂ ਹੋਣਗੀਆਂ।

## ਕਿਸਾਨ ਆਗੂਆਂ ਦੀ ਹਰਿਆਣਾ ਪ੍ਰਸ਼ਾਸਨ ਨਾਲ ਮੀਟਿੰਗ ਬੇਸਿੱਟਾ

ਪਟਿਆਲਾ 21 ਅਗਸਤ। ਕਿਸਾਨ ਦੀ ਮੌਜੂਦਗੀ ਵਿਚ ਪੰਜਾਬ ਅਤੇ ਹਰਿਆਣਾ ਪ੍ਰਸ਼ਾਸਨ ਵਿਚਾਲੇ ਹੋਈ ਮੀਟਿੰਗ ਬੇਸਿੱਟਾ ਰਹੀ ਹੈ। ਇਹ ਮੀਟਿੰਗ ਪਟਿਆਲਾ ਦੇ ਪੁਲਸ ਲਾਈਨ ਵਿਖੇ ਹੋਈ ਹੈ। ਮੀਟਿੰਗ ਵਿਚ ਹਰਿਆਣਾ ਤੋਂ ਅੰਬਾਲਾ ਦੇ ਐੱਸ. ਪੀ. ਅਤੇ ਡੀ. ਸੀ. ਪੱਧਰ ਦੇ ਅਧਿਕਾਰੀ ਸ਼ਾਮਲ ਹੋਏ ਅਤੇ ਪੰਜਾਬ ਦੇ ਏ. ਡੀ. ਜੀ. ਪੀ. ਅਰਪਿਤ ਸ਼ੁਕਲਾ, ਪਟਿਆਲਾ ਦੇ ਐੱਸ. ਐੱਸ. ਪੀ. ਡਾ.ਨਾਨਕ ਸਿੰਘ, ਪਟਿਆਲਾ ਦੇ ਡੀ. ਸੀ. ਸ਼ੌਕਤ ਅਹਿਮਦ ਮੌਜੂਦ ਰਹੇ। ਇਸ ਮੀਟਿੰਗ 'ਚ ਕਿਸਾਨ ਆਗੂ ਜਗਜੀਤ ਸਿੰਘ ਡੱਲੇਵਾਲ ਅਤੇ ਕਿਸਾਨ ਆਗੂ ਸਰਵਣ ਸਿੰਘ ਪੰਧੇਰ ਸ਼ਾਮਲ ਸਨ। ਮੀਟਿੰਗ ਖਤਮ ਹੋਣ ਤੋਂ ਬਾਅਦ ਕਿਸਾਨ ਆਗੂ ਜਗਜੀਤ ਸਿੰਘ ਡੱਲੇਵਾਲ ਅਤੇ ਸਰਵਣ ਸਿੰਘ ਪੰਧੇਰ ਨੇ ਕਿਹਾ ਕਿ ਮੀਟਿੰਗ ਵਿਚ ਸ਼ੰਭੂ ਬੈਰੀਅਰ ਖੋਲ੍ਹਣ ਨੂੰ ਲੈ ਕੇ ਗੱਲਬਾਤ ਹੋਈ ਹੈ ਹਰਿਆਣਾ ਦੇ ਅਧਿਕਾਰੀਆਂ ਨੇ ਕਿਸਾਨਾਂ ਦੇ ਟਰੈਕਟਰ ਟਰਾਲੀਆਂ 'ਤੇ ਇਤਰਾਜ਼ ਜਤਾਇਆ। ਇਹ ਮੀਟਿੰਗ ਕਿਸੇ ਸਿੱਟੇ 'ਤੇ ਨਹੀਂ ਪਹੁੰਚ ਸਕੀ ਹੈ ਅਤੇ ਅਗਲੀ ਮੀਟਿੰਗ ਦਾ ਹਵਾਲਾ ਦਿੱਤਾ ਗਿਆ ਹੈ।

The Institute of Chartered Accountants of India
(Set up by an Act of Parliament)
CA INDIA | MSME Ministry of MSME, Govt. of India | #startupindia | Digital India | MeitY Startup Hub | CAIT

ਵਿਕਾਸ ਅਤੇ ਉੱਧਮ ਦੀ ਯਾਤਰਾ ਦੇ ਨਾਲ ਜੁੜੋ
ਆਈਸੀਏਆਈ ਐਮਐਸਐਮਈ ਸਟਾਰਟਅਪ ਯਾਤਰਾ
27 ਜੂਨ 2024 - 7 ਅਕਤੂਬਰ 2024
100 ਦਿਨ | 100 ਪ੍ਰੋਗਰਾਮ | 100 ਸ਼ਹਿਰ
ਆਈਸੀਏਆਈ ਯਾਤਰਾ ਦਿੱਲੀ ਵਿੱਚ
(22 ਅਗਸਤ, 2024)
ਯਾਤਰਾ ਦਾ ਪ੍ਰੋਗਰਾਮ
ਦਿੱਲੀ
22 ਅਗਸਤ, 2024
Mob. 9696371552
ਨਿ:ਸ਼ੁਲਕ: ਐਮਐਸਐਮਈ ਅਤੇ ਸਟਾਰਟਅਪ ਤੋਂ ਜੁੜੀ ਸਮੱਸਿਆਵਾਂ ਦਾ ਸਮਾਧਾਨ ਹੁਣ ਤੁਹਾਡੇ ਸ਼ਹਿਰ ਵਿੱਚ।

"Our MSME sector accounts for one third of India's economy. Empowering the MSME sector means empowering the entire society. Therefore, unprecedented emphasis is being laid upon the expansion of the MSME sector."
Shri Narendra Modi
Prime Minister



- ਆਈਸੀਏਆਈ ਭਾਰਤ 'ਚ ਚਾਰਟਰਡ ਅਕਾਊਂਟੈਂਸੀ ਦੇ ਪੇਸ਼ੇ ਦੇ ਵਿਨਿਯਮਨ ਅਤੇ ਵਿਕਾਸ ਦੇ ਲਈ 1949 'ਚ ਸੰਸਦ ਅਧਿਨਿਯਮ ਵਲੋਂ ਸਥਾਪਿਤ ਇਕ ਸਾਂਵਿਧਿਕ ਨਿਕਾਯ ਹੈ। ਇਸਟੀਟਿਊਟ, ਕੌਰਪੋਰੇਟ ਕਾਰਜ ਮੰਤਰਾਲਾ, ਭਾਰਤ ਸਰਕਾਰ ਦੇ ਪ੍ਰਸ਼ਾਸਨਿਕ ਦੇਖਰੇਖ ਦੇ ਅਧੀਨ ਕਾਰਜ ਕਰਦਾ ਹੈ। 9.85 ਲੱਖ ਤੋਂ ਵਧੇਰੇ ਵਿਦਿਆਰਥੀਆਂ ਅਤੇ 4 ਲੱਖ ਤੋਂ ਜ਼ਿਆਦਾ ਮੈਂਬਰਾਂ ਦੇ ਨਾਲ ਆਈਸੀਏਆਈ ਅੱਜ ਵਿਸ਼ਵ 'ਚ ਸੱਭ ਤੋਂ ਵੱਡਾ ਵਪਾਰਕ ਅਕਾਊਂਟੈਂਸੀ ਨਿਕਾਯ ਹੈ।
- ਆਈਸੀਏਆਈ ਦੀ ਐਮਐਸਐਮਈ ਅਤੇ ਸਟਾਰਟਅਪ ਯਾਤਰਾ, ਐਮਐਸਐਮਈ ਨੂੰ ਸਹਾਇਤਾ, ਸਮਰਥਨ ਅਤੇ ਸੁਵਿਧਾ ਪ੍ਰਦਾਨ ਕਰਨ ਦੀ ਇਕ ਅਹਿਮ ਪਹਿਲ ਹੈ। ਐਮਐਸਐਮਈ ਦੇ ਵਿੱਚ ਉਧਮਿਤਾ ਦੀ ਭਾਵਨਾ ਨੂੰ ਵਧਾਵਾ ਦੇਣ ਦੇ ਨਾਲ-ਨਾਲ ਇਨ੍ਹਾਂ ਨੂੰ ਆਪਣੀ ਨਿਵੇਸ਼ ਸੂਚੀ ਵਧਾਉਣ 'ਚ ਸਮਰਥਨ ਕਰਨ ਦੇ ਮਕਸਦ ਤੋਂ ਇਸ ਯਾਤਰਾ ਦੀ ਸ਼ੁਰੂਆਤ 29 ਜੂਨ 2024 ਨੂੰ ਬੇਂਗਲੁਰੂ ਤੋਂ ਹੋਈ। ਇਹ ਯਾਤਰਾ ਐਮਐਸਐਮਈ ਇਕਾਈਆਂ ਦੇ ਵਿੱਚ ਵੱਖਰੇ ਰਾਜ ਅਤੇ ਕੇਂਦਰ ਸਰਕਾਰ ਦੀ ਆਰਥਿਕ ਸਹਾਇਤਾ ਯੋਜਨਾਵਾਂ, ਸਬਸਿਡੀ ਅਤੇ ਪ੍ਰੋਤਸਾਹਨ ਯੋਜਨਾਵਾਂ ਦੇ ਬਾਰੇ 'ਚ ਜਾਗਰੂਕਤਾ ਫੈਲਾਉਣ ਦਾ ਕਾਰਜ ਕਰ ਰਹੀ ਹੈ। ਇਹ ਵਾਹਨ ਦੇਸ਼ ਦੇ 22 ਰਾਜਾਂ ਨੂੰ ਕਵਰ ਕਰਦੇ ਹੋਏ ਲਗਭਗ 20,000 ਕਿਲੋਮੀਟਰ ਦੀ ਯਾਤਰਾ ਕਰੇਗਾ। ਯਾਤਰਾ ਜਨਤਾ ਦੇ ਵਿੱਚ ਵਿੱਤੀ ਅਤੇ ਕਰ ਸਾਖਰਤਾ ਦੇ ਬਾਰੇ 'ਚ ਜਾਗਰੂਕਤਾ ਵੀ ਪ੍ਰਦਾਨ ਕਰੇਗੀ।

ICAI MSME ECOSYSTEM | Financial & Tax Literacy
FREE MSME Udyam Registration




Jointly organized by
Committee on MSME & Startup and Financial & Tax Literacy Directorate
CBC 07108/15/0018/2425

Follow us on:
Explore ...Engage ... Excel
www.icai.org

# ਚਿੰਤਪੁਰਨੀ ਮੇਲੇ ਦੌਰਾਨ ਖੁੱਲ੍ਹੀ ਪ੍ਰਸ਼ਾਸਨਿਕ ਦਾਅਵਿਆਂ ਦੀ ਪੋਲ, 10 ਕਿਲੋਮੀਟਰ ਤੱਕ ਲੱਗਿਆ ਜਾਮ

ਚਿੰਤਪੁਰਨੀ 21 ਅਗਸਤ। ਸਕਤੀਪੀਠ ਚਿੰਤਪੁਰਨੀ ਦੇ ਮੇਲਿਆਂ ਨੇ ਹਰ ਤਰ੍ਹਾਂ ਦੇ ਪ੍ਰਸਾਸਨਿਕ ਦਾਅਵਿਆਂ ਦੀ ਪੋਲ ਖੋਲ੍ਹ ਦਿੱਤੀ ਹੈ। ਇਹ ਮੇਲੇ ਹਰ ਸਾਲ ਸਾਵਣ ਮਹੀਨੇ ਲੱਗਣ ਦੇ ਬਾਵਜੂਦ ਪ੍ਰਸਾਸਨ ਹਰ ਤਰ੍ਹਾਂ ਦੇ ਪ੍ਰਬੰਧ ਕਰਨ ਵਿੱਚ ਨਾਕਾਮ ਰਿਹਾ ਹੈ। ਸਨੀਵਾਰ ਨੂੰ ਜਦੋਂ ਮਾਤਾ ਚਿੰਤਪੁਰਨੀ ਨੂੰ ਜਾਣ ਵਾਲੇ ਸਰਧਾਲੂਆਂ ਦੀ ਗਿਣਤੀ ਵਧੀ ਤਾਂ ਪ੍ਰਬੰਧਾਂ ਦਾ ਬੁਰਾ ਹਾਲ ਹੋ ਗਿਆ। ਚਿੰਤਪੁਰਨੀ ਮੰਦਰ ਜਾਣ ਵਾਲੇ ਸਰਧਾਲੂਆਂ ਨੂੰ ਕਈ ਘੰਟੇ ਜਾਮ 'ਚ ਫਸਣਾ ਪਿਆ। ਇਹ ਜਾਮ ਕਰੀਬ 10 ਕਿਲੋਮੀਟਰ ਤੱਕ ਪਹੁੰਚ ਗਿਆ ਸੀ। ਇਸ ਕਾਰਨ ਧਰਮਸਾਲਾ ਤੋਂ ਜਲੰਧਰ ਅਤੇ ਚੰਡੀਗੜ੍ਹ ਨੂੰ ਜਾਣ ਵਾਲਾ ਹਾਈਵੇਅ ਵੀ ਜਾਮ ਰਿਹਾ। ਸਰਧਾਲੂ ਕਈ ਘੰਟੇ ਜਾਮ ਵਿੱਚ ਫਸੇ ਰਹੇ। ਭਰਵਾਈ ਦਾ ਮੁੱਖ ਚੌਕ ਤਾਂ ਅਵਿਵਸਥਾ ਦਾ ਕੇਂਦਰ ਰਿਹਾ। ਇਥੇ ਚਿੰਤਪੁਰਨੀ ਮੰਦਰ ਨੂੰ ਜਾਣ ਵਾਲੇ ਅਤੇ ਧਰਮਸਾਲਾ ਅਤੇ ਪੰਜਾਬ ਤੋਂ ਆਉਣ ਵਾਲੇ ਵਾਹਨਾਂ ਦੀ ਸੁਚਾਰੂ ਆਵਾਜਾਈ ਲਈ ਓਨੀ ਪੁਲਸ ਫੋਰਸ ਨਹੀਂ ਸੀ ਜਿੰਨੀ ਚਾਹੀਦੀ ਸੀ। ਇਸ ਨਾਲ ਹਾਲਾਤ ਹੋ ਖਰਾਬ ਹੋ ਗਏ। ਦੂਜੇ ਪਾਸੇ ਚਿੰਤਪੁਰਨੀ ਮੰਦਰ ਤੋਂ ਸਰਧਾਲੂਆਂ ਦੀ ਲਾਈਨ ਕਾਫੀ ਦੂਰ ਤੱਕ ਪਹੁੰਚ ਗਈ। ਖਰਾਬ ਮੌਸਮ ਕਾਰਨ ਸਰਧਾਲੂਆਂ ਨੂੰ ਮਾੜੀਆਂ ਸਹੂਲਤਾਂ ਵਿੱਚ ਰਹਿਣਾ ਪਿਆ। ਉੱਤਰੀ ਭਾਰਤ ਦੇ ਇਸ ਸਕਤੀਪੀਠ 'ਚ ਆਸਾਨ ਦਰਸਨਾਂ ਲਈ ਕੀਤੇ ਗਏ ਸਾਰੇ ਪ੍ਰਬੰਧ ਵਿਗੜ ਗਏ। ਦਹਾਕਿਆਂ ਦੇ ਤਜਰਬੇ ਦੇ ਬਾਵਜੂਦ ਹਿਮਾਚਲ ਸਰਕਾਰ ਅਤੇ ਪ੍ਰਸਾਸਨ ਅਜਿਹਾ ਪ੍ਰਬੰਧ ਨਹੀਂ ਕਰ ਸਕਿਆ ਹੈ ਕਿ ਸਰਧਾਲੂਆਂ ਦੀ ਵਧਦੀ ਗਿਣਤੀ ਦੇ ਹਿਸਾਬ ਨਾਲ ਪ੍ਰਬੰਧ ਕੀਤੇ ਜਾ ਸਕਣ। ਪੰਜਾਬ ਤੋਂ ਪੈਦਲ ਆਉਣ



ਵਾਲੇ ਸਰਧਾਲੂਆਂ ਲਈ ਖਰਾਬ ਮੌਸਮ ਵਿੱਚ ਠਹਿਰਨ ਦਾ ਕੋਈ ਪ੍ਰਬੰਧ ਨਹੀਂ ਹਨ। ਰਾਤ ਸਮੇਂ ਭਰਵਾਈ ਦੇ ਮੁਬਾਰਿਕਪੁਰ ਦੇ ਵਿਚਾਲੇ ਰਾਤ ਦੇ ਸਮੇਂ ਪੈਦਲ ਚੱਲਣ ਵਾਲਿਆਂ ਦੇ ਲਈ ਕੋਈ ਲਾਈਟ ਦੀ ਵਿਵਸਥਾ ਨਹੀਂ ਹੈ ਤੇ ਨਾ ਹੀ ਪੈਦਲ ਚੱਲਣ ਵਾਲਿਆਂ ਦੇ ਲਈ ਕੋਈ ਬਦਲਵਾਂ ਰਸਤਾ ਬਣਾਇਆ ਗਿਆ ਹੈ। ਲੱਖਾਂ ਦੀ ਗਿਣਤੀ ਵਿਚ ਸ਼ਰਧਾਲੂ ਹਨ, ਅਜਿਹੇ ਵਿਚ ਸਫਾਈ ਦੀ ਵਿਵਸਥਾ ਚੌਪਟ ਹੋ ਗਈ ਹੈ। ਕਿਤੇ ਵੀ ਸ਼ਰਧਾਲੀਆਂ ਲਈ ਪਖਾਨੇ ਜਾਂ ਸਵੱਛਤਾ ਲਈ ਕਾਰਗਰ ਪ੍ਰਬੰਧ ਨਹੀਂ ਹਨ। ਸਰਕਾਰੀ ਪ੍ਰਬੰਧ ਨਾ-ਮਾਤਰ ਹਨ ਪਰ ਪੰਜਾਬ ਸਮੇਤ ਕਈ ਰਾਜਾਂ ਦੀਆਂ ਸਵੈ-ਸੇਵੀ ਸੰਸਥਾਵਾਂ ਸਰਧਾਲੂਆਂ ਨੂੰ ਉਨ੍ਹਾਂ ਦੇ ਵਧੀਆ ਭੋਜਨ ਲਈ ਤਰ੍ਹਾਂ-ਤਰ੍ਹਾਂ ਦੇ ਪਕਵਾਨ ਮੁਹੱਈਆ ਕਰਵਾਉਣ ਵਿੱਚ ਲੱਗੀਆਂ ਹੋਈਆਂ ਹਨ। ਵੱਖ-ਵੱਖ ਥਾਵਾਂ 'ਤੇ ਲੰਗਰ ਅਤੇ ਭੰਡਾਰੇ ਲਗਾਏ ਗਏ ਹਨ। ਇੱਥੇ ਸਰਧਾਲੂਆਂ ਲਈ ਅਜਿਹੇ ਪਕਵਾਨ ਉਪਲਬਧ ਕਰਵਾਏ ਜਾ ਰਹੇ ਹਨ, ਜੋ ਸਾਇਦ ਚੰਗੀਆਂ ਥਾਵਾਂ 'ਤੇ ਵੀ ਉਪਲਬਧ ਨਹੀਂ ਹਨ। ਕਈਆਂ ਨੇ ਚਾਹ ਦਾ ਲੰਗਰ, ਤਿੰਨ ਵਕਤ ਦਾ ਭੋਜਨ, ਵਾਹਨਾਂ ਦੀ ਮੁਫਤ ਮੁਰੰਮਤ, ਪੰਕਚਰ ਠੀਕ ਕਰਨ, ਸਾਈਕਲ ਠੀਕ ਕਰਨ, ਸਰਧਾਲੂਆਂ ਦੇ ਪੈਰਾਂ ਦੀ ਮਾਲਿਸ ਕਰਨ ਅਤੇ ਮੁਫਤ ਦਵਾਈਆਂ ਦੇ ਸਟੋਰ ਵੀ ਲਗਾਏ ਹਨ। ਸਰਧਾ ਅਤੇ ਵਿਸਵਾਸ ਦੀ ਅਜਿਹੀ ਝਲਕ ਦੇਖਣ ਨੂੰ ਮਿਲ ਰਹੀ ਹੈ, ਜੋ ਅੱਜ ਵੀ ਸੇਵਾ ਦੇ ਸਭ ਤੋਂ ਵੱਡੇ ਪ੍ਰੋਜੈਕਟ ਦੀ ਮਿਸਾਲ ਪੇਸ ਕਰਦੀ ਹੈ। ਵੱਖ-ਵੱਖ ਰਾਜਾਂ ਦੇ ਵਲੰਟੀਅਰ ਦਿਨ-ਰਾਤ ਮਨੁੱਖੀ ਸੇਵਾ ਵਿੱਚ ਲੱਗੇ ਹੋਏ ਹਨ। ਸਰਧਾਲੂਆਂ ਲਈ ਕਿਸੇ ਤੋਂ ਜੋ ਵੀ ਹੋ ਸਕਦਾ ਹੈ ਉਹ ਕਰ ਰਿਹਾ ਹੈ। ਜਿੱਥੇ ਇੱਕ ਪਾਸੇ ਸਰਧਾਲੂਆਂ ਲਈ ਖਾਣ-ਪੀਣ, ਦਵਾਈਆਂ ਅਤੇ ਹੋਰ ਸਹੂਲਤਾਂ ਹਨ, ਉਥੇ ਹੀ ਜੇਕਰ ਪ੍ਰਸਾਸਨ ਦੇ ਸਹਿਯੋਗ ਨਾਲ ਸਰਧਾਲੂਆਂ ਲਈ ਸਾਫ-ਸਫਾਈ ਅਤੇ ਪਾਰਕਿੰਗ ਅਤੇ ਉਨ੍ਹਾਂ ਦੇ ਰਾਤ ਦੇ ਆਰਾਮ ਲਈ ਬਿਹਤਰ ਪ੍ਰਬੰਧ ਕੀਤੇ ਜਾ ਸਕਦੇ ਹਨ ਤਾਂ ਇਸ ਨਾਲ ਸ਼ਰਧਾਲੂਆਂ ਨੂੰ ਬਹੁਤ ਮਦਦ ਮਿਲੇਗੀ। ਇਸ ਤੋਂ ਇਲਾਵਾ ਲੱਖਾਂ ਸਰਧਾਲੂਆਂ ਦੀ ਸੁਰੱਖਿਆ ਲਈ ਪੂਰੇ ਮੇਲਾ ਖੇਤਰ ਵਿਚ ਸਿਰਫ 400 ਸੁਰੱਖਿਆ ਮੁਲਾਜਮ ਤਾਇਨਾਤ ਕੀਤੇ ਗਏ ਹਨ, ਜੋ ਦਿਨ-ਰਾਤ ਡਿਊਟੀ 'ਤੇ ਲੱਗੇ ਹੋਏ ਹਨ . ਇਹ ਗਿਣਤੀ ਸਰਧਾਲੂਆਂ ਦੇ ਅਨੁਪਾਤ ਵਿਚ ਬਹੁਤ ਘੱਟ ਹੈ। ਟ੍ਰੈਫਿਕ ਜਾਮ ਅਤੇ ਅਵਿਵਸਥਾ ਬਾਰੇ ਨਿਰਪੱਖ ਸੁਰੱਖਿਆ ਅਧਿਕਾਰੀ ਏਐੱਸਪੀ ਸੰਜੀਵ ਭਾਟੀਆ ਨੇ ਕਿਹਾ ਕਿ ਪੁਲਸ ਬਿਹਤਰ ਪ੍ਰਬੰਧ ਕਰਨ ਵਿੱਚ ਲੱਗੀ ਹੋਈ ਹੈ। ਮੁੱਖ ਮਾਰਗ 'ਤੇ ਜਾਮ ਤੋਂ ਬਚਣ ਲਈ ਪੁਲਸ ਬਲ ਤਾਇਨਾਤ ਕੀਤਾ ਗਿਆ ਹੈ।

## ਖਰੜ 'ਚ 2 ਨੌਜਵਾਨ ਢਾਈ ਕਿੱਲੋ ਅਫੀਮ ਸਣੇ ਗ੍ਰਿਫ਼ਤਾਰ

ਖਰੜ 21 ਅਗਸਤ। ਸੀ. ਆਈ. ਏ. ਸਟਾਫ ਮੋਹਾਲੀ ਕੈਂਪ ਖਰੜ ਦੀ ਟੀਮ ਵਲੋਂ 2 ਵਿਅਕਤੀਆਂ ਨੂੰ ਅਫੀਮ ਸਮੇਤ ਕਾਬੂ ਕਰਦਿਆਂ ਦੋਸੀਆਂ ਨੂੰ ਨਾਮਜਦ ਕੀਤਾ ਗਿਆ ਹੈ। ਉਨ੍ਹਾਂ ਨੂੰ ਹਿਰਾਸਤ 'ਚ ਲੈਣ ਮਗਰੋਂ ਅਦਾਲਤ 'ਚ ਪੇਸ ਕੀਤਾ ਗਿਆ, ਜਿੱਥੋਂ 14 ਦਿਨਾਂ ਦੀ ਨਿਆਇਕ ਹਿਰਾਸਤ ਲਈ ਜੇਲ੍ਹ ਭੇਜ ਦਿੱਤਾ ਗਿਆ ਹੈ। ਸੀ. ਆਈ. ਏ. ਇੰਚਾਰਜ ਹਰਮਿੰਦਰ ਸਿੰਘ ਨੇ ਦੱਸਿਆ ਕਿ ਸਬ ਇੰਸਪੈਕਟਰ ਹਰਭੇਜ ਸਿੰਘ ਅਤੇ ਉਨ੍ਹਾਂ ਦੀ ਟੀਮ ਵੱਲੋਂ ਖਰੜ-ਮੋਰਿੰਡਾ ਰੋਡ ਟੋਲ ਪਲਾਜਾ ਭਾਗੋਮਾਜਰਾ ਨੇੜੇ ਕੌਮੀ ਦਿਹਾੜੇ ਦੀ ਆਮਦ ਨੂੰ ਧਿਆਨ 'ਚ ਰੱਖਦਿਆਂ ਨਾਕਾਬੰਦੀ ਕਰ ਸੱਕੀ ਵਿਅਕਤੀਆਂ



'ਤੇ ਨਜਰ ਰੱਖੀ ਜਾ ਰਹੀ ਸੀ। ਇਸ ਦੌਰਾਨ ਪੈਦਲ ਆਉਂਦੇ 2 ਵਿਅਕਤੀਆਂ 'ਤੇ ਪੁਲਸ ਨੂੰ ਸ਼ੱਕ ਹੋਇਆ ਤਾਂ ਉਨ੍ਹਾਂ ਦੀ ਤਲਾਸ਼ੀ ਲਈ ਗਈ। ਪੁਲਸ ਨਾਕਾਬੰਦੀ ਦੇਖ ਦੋਵੇਂ ਵਿਅਕਤੀ ਖਿਸਕਣ ਦੀ ਤਾਕ 'ਚ ਦਿਖਾਈ ਦਿੱਤੇ। ਦੋਹਾਂ ਨੂੰ ਰੋਕ ਕੇ ਪੁੱਛਗਿੱਛੀ ਕੀਤੀ ਤਾਂ ਦੋਹਾਂ ਦੀ ਪਛਾਣ ਸੱਤਿਆਵੀਰ ਪਿੰਡ ਮੀਰਾਪੁਰ ਥਾਣਾ ਫਤਿਹਗੰਜ ਅਤੇ ਤੇਜਪਾਲ ਪਿੰਡ ਖੁਰਦ ਥਾਣਾ ਫਰੀਦਪੁਰ ਦੋਵੇਂ ਜ਼ਿਲ੍ਹਾ ਬਰੇਲੀ ਉੱਤਰ ਪ੍ਰਦੇਸ ਵਜੋਂ ਹੋਈ। ਜਦੋਂ ਉਨ੍ਹਾਂ ਦੇ ਪਿੱਠੂ ਬੈਗ ਦੀ ਤਲਾਸੀ ਲਈ ਗਈ ਤਾਂ ਉਸ ਦੇ ਵਿੱਚੋਂ ਇੱਕ ਪਾਰਦਰਸੀ ਮੋਮੀ ਲਿਫਾਫਾ ਬਰਾਮਦ ਹੋਇਆ, ਜਿਸ ਦੀ ਜਾਂਚ ਕਰਨ 'ਤੇ ਉਸ ਵਿਚੋਂ ਅਫੀਮ ਵਜਨ 2.600 ਗ੍ਰਾਮ ਬਰਾਮਦ ਕਰ ਲਈ ਗਈ। ਫਿਲਹਾਲ ਪੁਲਸ ਵਲੋਂ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ।

## ਸੇਵਾਮੁਕਤ ਇੰਜੀਨੀਅਰ ਕੋਲੋਂ ਛਾਪੇਮਾਰੀ 'ਚ ਮਿਲੇ 10 ਫਲੈਟ, 1.5 ਕਿਲੋ ਸੋਨਾ ਤੇ ਕਰੋੜਾਂ ਰੁਪਏ

ਭੁਵਨੇਸ਼ਵਰ 21 ਅਗਸਤ। ਓਡੀਸ਼ਾ ਦੇ ਵਿਜੀਲੈਂਸ ਵਿਭਾਗ ਨੇ ਸੋਮਵਾਰ ਨੂੰ ਲੋਕ ਨਿਰਮਾਣ ਵਿਭਾਗ ਦੇ ਇਕ ਸੇਵਾਮੁਕਤ ਇੰਜੀਨੀਅਰ ਤਾਰਾ ਪ੍ਰਸਾਦ ਮਿਸ਼ਰਾ ਦੇ ਕੰਪਲੈਕਸਾਂ 'ਤੇ ਛਾਪੇਮਾਰੀ ਕਰ ਕੇ 1.5 ਕਿਲੋ ਸੋਨਾ, 2.70 ਕਰੋੜ ਰੁਪਏ ਦੀ ਨਕਦੀ, ਮਹਿੰਗੀਆਂ ਕਾਰਾਂ ਅਤੇ 10 ਆਲੀਸ਼ਾਨ ਫਲੈਟਾਂ ਸਮੇਤ ਕਰੋੜਾਂ ਦੀ ਜਾਇਦਾਦ ਦਾ ਖੁਲਾਸਾ ਕੀਤਾ। ਅਧਿਕਾਰੀਆਂ ਨੇ ਦੱਸਿਆ ਕਿ ਗੁਪਤ ਸੂਚਨਾ ਦੇ ਆਧਾਰ 'ਤੇ ਵਿਜੀਲੈਂਸ ਟੀਮ ਨੇ 12 ਪੁਲਸ ਡਿਪਟੀ ਕਮਿਸ਼ਨਰਾਂ, 12 ਇੰਸਪੈਕਟਰਾਂ, 16 ਸਹਾਇਕ ਡਿਪਟੀ ਇੰਸਪੈਕਟਰਾਂ ਅਤੇ ਹੋਰ ਕਰਮਚਾਰੀਆਂ ਨਾਲ ਭੁਵਨੇਸ਼ਵਰ, ਕਟਕ ਅਤੇ ਝਾਰਸੁਗੁੜਾ 'ਚ 9 ਥਾਵਾਂ 'ਤੇ ਇਕੱਠੇ ਛਾਪੇਮਾਰੀ ਕੀਤੀ। ਉਨ੍ਹਾਂ ਦੱਸਿਆ ਕਿ ਛਾਪੇਮਾਰੀ 'ਚ ਮੁੱਖ ਥਾਵਾਂ 'ਤੇ 10 ਫਲੈਟ, 7 ਜਮੀਨਾਂ, 2.7



ਕਰੋੜ ਰੁਪਏ ਵੱਧ ਦੀ ਬੈਂਕ ਰਾਸ਼ੀ, 1.5 ਕਿਲੋਗ੍ਰਾਮ ਸੋਨਾ ਅਤੇ 6 ਲੱਖ ਰੁਪਏ ਦੀ ਨਕਦੀ ਬਰਾਮਦ ਕੀਤੀ ਗਈ। ਇਸ ਤੋਂ ਇਲਾਵਾ ਅਧਿਕਾਰੀਆਂ ਨੂੰ 13 ਲੱਖ ਰੁਪਏ ਕੀਮਤ ਦੀ ਰੋਲੈਕਸ ਸਮੇਤ ਵੱਖ-ਵੱਖ ਬ੍ਰਾਂਡ ਦੀਆਂ ਮਹਿੰਗੀਆਂ ਘੜੀਆਂ, ਮਹਿੰਗੀਆਂ ਕਾਰਾਂ (ਮਰਸੀਡੀਜ ਬੇਂਜ ਅਤੇ ਕੀਆ ਸੇਲਟੋਸ) ਅਤੇ ਇੰਜੀਨੀਅਰ ਦੀ ਧੀ ਦੀ ਮੈਡੀਕਲ ਸਿੱਖਿਆ 'ਤੇ ਖਰਚ ਕੀਤੇ ਗਏ 80 ਲੱਖ ਰੁਪਿਆਂ ਦਾ ਰਿਕਾਰਡ ਵੀ ਮਿਲਿਆ। ਜਾਂਚ 'ਚ ਅਮਰੀਕਾ, ਥਾਈਲੈਂਡ, ਵਿਯਤਨਾਮ, ਸੰਯੁਕਤ ਅਰਬ ਅਮੀਰਾਤ, ਕੈਨੇਡਾ, ਮੈਕਸੀਕੋ, ਮਲੇਸ਼ੀਆ ਅਤੇ ਸਿੰਗਾਪੁਰ ਦੀ ਵਿਦੇਸ਼ੀ ਮੁਦਰਾ ਵੀ ਬਰਾਮਦ ਕੀਤੀ ਗਈ। ਛਾਪੇਮਾਰੀ ਜਾਰੀ ਹੈ। ਇਸ ਦੇ ਨਾਲ ਹੀ ਸ਼ੇਅਰਾਂ ਅਤੇ ਮਿਊਚਲ ਫੰਡ 'ਚ ਵਾਧੂ ਜਮ੍ਹਾ ਰਾਸ਼ੀ ਅਤੇ ਨਿਵੇਸ਼ ਕੀਤੀ ਗਈ ਰਾਸ਼ੀ ਦਾ ਮੁਲਾਂਕਣ ਕੀਤਾ ਜਾ ਰਿਹਾ ਹੈ।

# ਜਲੰਧਰ 'ਚ ਥਾਣੇਦਾਰ ਨੇ ਭਰੇ ਬਾਜਾਰ ਵਿਚ ਘੇਰ ਕੇ ਕੁੱਟੇ ਮੁੰਡੇ, ਸਿਰ 'ਚ ਮਾਰੀਆਂ ਲੱਤਾਂ

ਭੋਗਪੁਰ 21 ਅਗਸਤ। ਜਲੰਧਰ ਜ਼ਿਲ੍ਹੇ 'ਚ ਪੈਂਦੇ ਭੋਗਪੁਰ ਨੈਸ਼ਨਲ ਹਾਈਵੇਅ 'ਤੇ ਸਥਿਤ ਆਦਮਪੁਰ ਰੋਡ ਟੀ ਪੁਆਇੰਟ ਚੌਂਕ ਵਿਚ ਸ਼ਨੀਵਾਰ ਰਾਤ ਸਮੇਂ ਲੱਗੇ ਪੁਲਸ ਨਾਕੇ ਤੋਂ ਲੰਘ ਰਹੇ ਮੋਟਰਸਾਈਕਲ ਸਵਾਰ ਦੋ ਨੌਜਵਾਨਾਂ ਦੀ ਪੁਲਸ ਨਾਲ ਹੋਈ ਤਕਰਾਰਬਾਜ਼ੀ ਤੋਂ ਬਾਅਦ ਥਾਣਾ ਭੋਗਪੁਰ ਵਿਚ ਤਾਇਨਾਤ ਥਾਣੇਦਾਰ ਜਸਵਿੰਦਰ ਸਿੰਘ ਵੱਲੋਂ ਨੌਜਵਾਨਾਂ ਨੂੰ ਬਾਜ਼ਾਰ ਵਿਚ ਘੇਰ ਕੇ ਬੁਰੀ ਤਰ੍ਹਾਂ ਕੁੱਟਮਾਰ ਕੀਤੀ ਗਈ। ਇਸ ਕੁੱਟਮਾਰ ਦੀ ਵੀਡੀਓ ਅੱਜ ਸਵੇਰੇ ਅਚਾਨਕ ਸੋਸ਼ਲ ਮੀਡੀਆ 'ਤੇ ਵਾਇਰਲ ਹੋ ਗਈ। ਇਹ ਵੀਡੀਓ ਕਿਸ ਨੇ ਬਣਾਈ ਇਹ ਤਾਂ ਸਪੱਸ਼ਟ ਨਹੀਂ ਹੈ ਪਰ 10 ਸੈਕਿੰਟ ਦੇ ਇਸ ਵੀਡੀਓ ਕਲਿੱਪ ਵਿਚ ਥਾਣੇਦਾਰ ਜਸਵਿੰਦਰ ਸਿੰਘ ਪਹਿਲਾਂ ਇਕ ਲੜਕੇ ਦੇ ਥੱਪੜ ਮਾਰ ਰਿਹਾ ਹੈ। ਇਸ ਦੇ ਨਾਲ ਹੀ ਦੂਸਰੇ ਨੌਜਵਾਨ ਨੂੰ ਜ਼ਮੀਨ 'ਤੇ ਸੁੱਟ ਕੇ ਉਸਦੀ ਧੌਣ ਉੱਤੇ ਪੈਰਾਂ ਵਿਚ ਪਾਏ ਬੂਟਾਂ ਨਾਲ ਵਾਰ ਕਰਦਾ ਨਜ਼ਰ ਆ ਰਿਹਾ ਹੈ। ਜਿਸ ਨੌਜਵਾਨ ਨੂੰ ਜ਼ਮੀਨ 'ਤੇ ਸੁੱਟ ਕੇ ਉਸ ਦੀ ਧੌਣ 'ਤੇ ਵਾਰ ਕੀਤੇ ਗਏ ਸਨ, ਉਹ ਕੁੱਟਮਾਰ ਕਾਰਨ ਬੇਹੋਸ਼ ਹੋ ਗਿਆ ਜਿਸ ਨੂੰ ਬੇਹੋਸ਼ੀ ਦੀ ਹਲਾਤ ਵਿਚ ਹਸਪਤਾਲ ਲੈ ਜਾਂਦਿਆਂ ਦੀ ਵੀਡੀਓ ਵੀ ਸੋਸ਼ਲ ਮੀਡੀਆ 'ਤੇ ਵਾਇਰਲ ਹੋਈ ਹੈ। ਇਨ੍ਹਾਂ ਵੀਡੀਓ ਕਲਿੱਪਾਂ ਦੇ ਵਾਇਰਲ ਹੋਣ ਤੋਂ ਬਾਅਦ ਪੁਲਸ ਵੱਲੋਂ ਇਨ੍ਹਾਂ ਨੌਜਵਾਨਾਂ ਦਾ ਲਿਖਤੀ ਮਾਫੀਨਾਮਾ ਵੀ ਸੋਸ਼ਲ ਮੀਡੀਆ 'ਤੇ ਵਾਇਰਲ ਹੋ ਗਿਆ। ਪੀੜਤ ਨੌਜਵਾਨ ਜੋ ਕਿ ਆਪਸ ਵਿਚ ਰਿਸ਼ਤੇਦਾਰ ਹਨ ਨੇ ਦੇਰ ਰਾਤ ਇਕ ਵੀਡੀਓ ਬਣਾ ਕੇ ਸੋਸ਼ਲ ਮੀਡੀਆ 'ਤੇ ਪਾਈ ਹੈ ਜਿਸ ਵਿਚ ਉਨ੍ਹਾਂ ਨੇ ਥਾਣੇਦਾਰ 'ਤੇ ਕੁੱਟਮਾਰ ਤੋਂ ਬਾਅਦ ਉਨ੍ਹਾਂ ਦੇ ਘਰ ਆ ਕੇ ਪਰਚਾ ਦਰਜ ਕਰਨ ਦੀ ਧਮਕੀ ਦਿੰਦਿਆਂ ਜਬਰਦਸਤੀ ਮੁਆਫੀ ਲਿਖਵਾਏ ਜਾਣ ਦੇ ਦੋਸ਼ ਲਗਾਏ ਹਨ। ਇਸ ਮਾਮਲੇ ਸਬੰਧੀ ਜਦੋਂ ਥਾਣੇਦਾਰ ਜਸਵਿੰਦਰ ਸਿੰਘ ਨਾਲ ਗੱਲ



ਕੀਤੀ ਗਈ ਤਾਂ ਉਨ੍ਹਾਂ ਕਿਹਾ ਕਿ ਅੱਠ ਵਜੇ ਕਰੀਬ ਨਾਕੇ 'ਤੇ ਮੇਰੇ ਨਾਲ ਤਿੰਨ ਮਹਿਲਾ ਮੁਲਾਜ਼ਮ ਵੀ ਤਾਇਨਾਤ ਸਨ। ਉਕਤ ਦੋਵੇਂ ਨੌਜਵਾਨ ਸ਼ਰਾਬ ਦੇ ਨਸ਼ੇ ਵਿਚ ਸਨ ਅਤੇ ਨਾਕੇ ਤੋਂ ਲੰਘਦੇ ਸਮੇਂ ਪੁਲਸ ਪਾਰਟੀ ਨੂੰ ਗਾਲੀ-ਗਲੋਚ ਕਰਕੇ ਲੰਘੇ ਸਨ। ਜਦੋਂ ਇਨ੍ਹਾਂ ਨੌਜਵਾਨਾਂ ਦਾ ਪਿੱਛਾ ਕੀਤਾ ਤਾਂ ਇਨ੍ਹਾਂ ਨੇ ਮੇਰੀ ਵਰਦੀ ਨੂੰ ਹੱਥ ਪਾਉਣ ਦੀ ਕੋਸ਼ਿਸ਼ ਕੀਤੀ। ਨੌਜਵਾਨਾਂ ਨਾਲ ਕੁੱਟਮਾਰ ਕੀਤੇ ਜਾਣ ਦੇ ਸਵਾਲ 'ਤੇ ਉਹ ਕੋਈ ਸਪੱਸ਼ਟ ਜਵਾਬ ਨਹੀਂ ਦੇ ਸਕੇ। ਇਸ ਮਾਮਲੇ ਸਬੰਧੀ ਜਦੋਂ ਐੱਸ.ਐੱਸ.ਪੀ. ਜਲੰਧਰ ਦਿਹਾਤੀ ਨਾਲ ਗੱਲ ਕੀਤੀ ਗਈ ਤਾਂ ਉਨ੍ਹਾਂ ਕਿਹਾ ਕਿ ਪੀੜਤ ਧਿਰ ਵੱਲੋਂ ਕੋਈ ਵੀ ਪੁਲਸ ਸ਼ਿਕਾਇਤ ਨਹੀਂ ਦਿੱਤੀ ਗਈ ਹੈ ਜੇਕਰ ਸ਼ਿਕਾਇਤ ਦਿੱਤੀ ਜਾਵੇਗੀ ਤਾਂ ਤੁਰੰਤ ਕਾਰਵਾਈ ਹੋਵੇਗੀ। ਪੁਲਸ ਮੁਲਾਜ਼ਮ ਵੱਲੋਂ ਜਨਤਕ ਤੌਰ 'ਤੇ ਕੁੱਟਮਾਰ ਕਰਨਾ ਗਲਤ ਹੈ ਅਤੇ ਪੁਲਸਿੰਗ ਸਿਸਟਮ ਖਿਲਾਫ ਹੈ। ਇਸ ਮਾਮਲੇ ਸਬੰਧੀ ਡੀ.ਐੱਸ.ਪੀ. ਆਦਮਪੁਰ ਨੂੰ ਜਾਂਚ ਉਪਰੰਤ ਰਿਪੋਰਟ ਦੇਣ ਲਈ ਕਿਹਾ ਗਿਆ ਜਿਨ੍ਹਾਂ ਵੱਲੋਂ ਦਿੱਤੀ ਗਈ ਰਿਪੋਰਟ ਦੇ ਅਧਾਰ 'ਤੇ ਥਾਣੇਦਾਰ ਨੂੰ ਤੁਰੰਤ ਲਾਈਨ ਹਾਜ਼ਰ ਕਰ ਦਿੱਤਾ ਗਿਆ ਹੈ। ਵਿਭਾਗੀ ਨਿਯਮਾਂ ਅਨੁਸਾਰ ਕਾਰਵਾਈ ਹੋਵੇਗੀ।

## ਚੋਰਾਂ ਦੇ ਦੇਖੋ ਹੌਂਸਲੇ, ਘਰ 'ਚੋਂ ਗਹਿਣੇ, ਰਿਵਾਲਵਰ ਅਤੇ ਮੋਬਾਈਲ ਚੋਰ ਕਰ ਹੋਏ ਫਰਾਰ

ਬਟਾਲਾ 21 ਅਗਸਤ। ਅਣਪਛਾਤੇ ਵਿਅਕਤੀ ਵੱਲੋਂ ਘਰ 'ਚੋਂ ਗਹਿਣੇ, ਰਿਵਾਲਵਰ ਅਤੇ ਮੋਬਾਈਲ ਫੋਨ ਚੋਰੀ ਕੀਤੇ ਜਾਣ ਦਾ ਮਾਮਲਾ ਸਾਹਮਣੇ ਆਇਆ ਹੈ। ਇਸ ਸਬੰਧੀ ਪੁਲਸ ਥਾਣਾ ਕਾਦੀਆਂ ਵਿਖੇ ਦਰਜ ਕਰਵਾਏ ਬਿਆਨ ਵਿਚ ਸੁਖਰਾਜ ਸਿੰਘ ਪੁੱਤਰ ਸੁਰਜੀਤ ਸਿੰਘ ਵਾਸੀ ਪਿੰਡ ਚੀਮਾਂ ਨੇ ਦੱਸਿਆ ਕਿ ਉਹ ਮਹਿਕਮਾ ਆਰਮੀ 'ਚੋਂ ਰਿਟਾਇਰ ਹੈ। ਬੀਤੀ 10 ਅਗਸਤ ਨੂੰ ਸ਼ਾਮ ਸਵਾ 6 ਵਜੇ ਦੇ ਕਰੀਬ ਉਹ ਤੇ ਉਸਦੀ ਪਤਨੀ ਆਪਣੇ ਘਰ ਨੂੰ ਤਾਲੇ ਲਗਾ ਕੇ ਆਪਣੀ ਭੇਣ ਕਸ਼ਮੀਰ ਕੌਰ ਪਤਨੀ ਗੁਰਮੀਤ ਸਿੰਘ ਵਾਸੀ ਪਿੰਡ ਮਸਾਣੀਆਂ ਨੂੰ ਮਿਲਣ ਲਈ ਚਲੇ ਗਏ ਅਤੇ ਰਾਤ ਭੈਣ ਕੋਲ ਠਹਿਰਣ ਉਪਰੰਤ ਅਗਲੇ ਦਿਨ ਦੁਪਹਿਰ ਡੇਢ ਵਜੇ ਆਪਣੇ ਘਰ ਪਿੰਡ ਚੀਮਾਂ ਵਿਖੇ




ਵਾਪਸ ਆਏ ਅਤੇ ਘਰ ਦਾ ਮੇਨ ਗੇਟ ਖੋਲ੍ਹ ਕੇ ਅੰਦਰ ਦਾਖਲ ਹੋਏ ਤਾਂ ਦੇਖਿਆ ਕਿ ਅੰਦਰ ਸਾਮਾਨ ਖਿਲਰਿਆ ਪਿਆ ਹੈ ਅਤੇ ਕੋਈ ਅਣਪਛਾਤਾ ਵਿਅਕਤੀ ਘਰ ਦੀ ਮਾਉਂਟੀ ਦੀ ਖਿੜਕੀ ਖੋਲ੍ਹ ਕੇ ਅੰਦਰ ਆਇਆ ਅਤੇ ਵੱਖ-ਵੱਖ ਕਮਰਿਆਂ ਵਿਚ ਰੱਖੀਆਂ ਲੋਹੇ ਦੀਆਂ ਅਲਮਾਰੀਆਂ ਖੋਲ੍ਹ ਕੇ ਉਨ੍ਹਾਂ 'ਚੋਂ 3 ਸੋਨੇ ਦੀਆਂ ਮਰਦਾਨਾ ਮੁੰਦਰੀਆਂ, 2 ਸੋਨੇ ਦੀਆਂ ਲੇਡੀਜ਼ ਮੁੰਦਰੀਆਂ, ਇਕ ਜੋੜਾ ਲੇਡੀਜ਼ ਸੋਨਾ ਟਾਪਸ, ਇਕ ਮੋਬਾਈਲ ਫੋਨ ਓਪੋ-53 ਐੱਸ ਬਿਨਾਂ ਸਿਮ ਅਤੇ ਇਕ ਲਾਇਸੈਂਸੀ ਰਿਵਾਲਵਰ 32 ਬੋਰ ਜਿਸ 6 ਰੌਂਦ ਲੋਡ ਕੀਤੇ ਹੋਏ ਸਨ, ਬੀਤੀ 10/11 ਅਗਸਤ ਦੀ ਦਰਮਿਆਨੀ ਰਾਤ ਨੂੰ ਚੋਰੀ ਕਰ ਕੇ ਲੈ ਜਾ ਚੁੱਕਾ ਸੀ। ਇਸ ਮਾਮਲੇ ਸਬੰਧੀ ਏ. ਐੱਸ. ਆਈ. ਮੰਗਲ ਸਿੰਘ ਨੇ ਕਾਰਵਾਈ ਕਰਦਿਆਂ ਅਣਪਛਾਤੇ ਵਿਅਕਤੀ ਖ਼ਿਲਾਫ ਬਣਦੀਆਂ ਧਾਰਾਵਾਂ ਹੇਠ ਥਾਣਾ ਕਾਦੀਆਂ ਵਿਖੇ ਕੇਸ ਦਰਜ ਕਰ ਦਿੱਤਾ ਹੈ।

## ਪੁਲ ਹੇਠਾਂ ਖੜ੍ਹੇ ਮਜਦੂਰਾਂ ਨਾਲ ਵਾਪਰਿਆ ਦਰਦਨਾਕ ਹਾਦਸਾ

ਅਬੋਹਰ 21 ਅਗਸਤ। ਅੱਜ ਸਵੇਰੇ ਅਬੋਹਰ ਮਲੋਟ ਰੋਡ 'ਤੇ ਸਥਿਤ ਪਿੰਡ ਬੱਲੂਆਣਾ ਵਿਖੇ ਨਿਰਮਾਣ ਅਧੀਨ ਪੁਲ ਦੇ ਹੇਠਾਂ ਖੜ੍ਹੇ 2 ਮਜ਼ਦੂਰਾਂ 'ਤੇ ਵੱਡਾ ਪੱਥਰ ਆ ਡਿੱਗਿਆ। ਇਸ ਹਾਦਸੇ ਦੌਰਾਨ ਇਕ ਨੌਜਵਾਨ ਮਜ਼ਦੂਰ ਦੀ ਮੌਤ ਹੋ ਗਈ, ਜਦੋਂ ਕਿ ਦੂਜਾ ਨੌਜਵਾਨ ਮਜਦੂਰ ਜ਼ਖਮੀ ਹੋ ਗਿਆ, ਜਿਸ ਨੂੰ ਮੁੱਢਲੀ ਸਹਾਇਤਾ ਤੋਂ ਬਾਅਦ ਰੈਫਰ ਕੀਤਾ ਗਿਆ। ਪ੍ਰਾਪਤ ਜਾਣਕਾਰੀ ਅਨੁਸਾਰ ਬੱਲੂਆਣਾ ਵਾਸੀ ਲੱਖਾ (28) ਪੁੱਤਰ ਰਾਜ ਕੁਮਾਰ ਬੀਤੇ ਦਿਨ ਆਪਣੀਆਂ ਭੈਣਾਂ ਕੋਲੋਂ ਰੱਖੜੀ ਬੰਨ੍ਹਵਾ ਕੇ ਮਜ਼ਦੂਰੀ ਕਰਨ ਲਈ ਅੱਜ ਸਵੇਰੇ ਘਰੋਂ ਨਿਕਲਿਆ ਸੀ। ਉਹ ਆਪਣੇ ਦੋਸਤ ਮਨਦੀਪ ਪੁੱਤਰ ਗੁਲਜ਼ਾਰ ਨਾਲ ਬੱਲੂਆਣਾ 'ਚ ਬਣ ਰਹੇ ਪੁਲ ਦੇ ਹੇਠਾਂ ਖੜ੍ਹਾ ਹੋ ਕੇ ਕਿਸੇ ਦੇ ਆਉਣ ਦੀ ਉਡੀਕ ਕਰ ਰਿਹਾ ਸੀ। ਇਸੇ ਦੌਰਾਨ ਪੁੱਲ ਦੇ ਉਪਰੋਂ ਇਕ ਟਰੱਕ ਦੀ ਟੱਕਰ ਨਾਲ ਇਕ ਵੱਡਾ ਪਥੱਰ ਇਨ੍ਹਾਂ ਦੋਹਾਂ 'ਤੇ ਆ ਡਿੱਗਿਆ। ਇਸ ਕਾਰਨ ਲੱਖਾ ਦੀ ਮੌਕੇ 'ਤੇ ਹੀ ਮੌਤ ਹੋ ਗਈ, ਜਦੋਂ ਕਿ ਮਨਦੀਪ ਸਿੰਘ ਜ਼ਖਮੀ ਹੋ ਗਿਆ ਅਤੇ ਉਸ ਨੂੰ ਮੁੱਢਲੀ ਸਹਾਇਤਾ ਤੋਂ ਬਾਅਦ ਰੈਫਰ ਕਰਨਾ ਪਿਆ।

# ਸਿਵਲ ਹਸਪਤਾਲ 'ਚ ਮਾਂ ਦੇ ਇਲਾਜ ਲਈ ਆਈ ਔਰਤ ਨੂੰ ਵਿਅਕਤੀ ਨੇ ਬਣਾਇਆ ਹਵਸ ਦਾ ਸ਼ਿਕਾਰ

ਜਲੰਧਰ 21 ਅਗਸਤ। ਕੋਲਕਾਤਾ ਦੇ ਸਰਕਾਰੀ ਹਸਪਤਾਲ ਦੇ ਕੰਪਲੈਕਸ ਵਿਚ ਮਹਿਲਾ ਡਾਕਟਰ ਨਾਲ ਜਬਰ-ਜਨਾਹ ਤੇ ਮੁਲਜਮ ਵੱਲੋਂ ਉਸ ਦੀ ਹੱਤਿਆ ਕਰਨ ਦਾ ਮਾਮਲਾ ਅਜੇ ਸ਼ਾਂਤ ਨਹੀਂ ਹੋਇਆ ਸੀ ਕਿ ਜਲੰਧਰ ਦੇ ਸਿਵਲ ਹਸਪਤਾਲ ਕੰਪਲੈਕਸ ਵਿਚ ਵੀ ਇਕ ਵਿਆਹੁਤਾ ਔਰਤ ਨੂੰ ਹਵਸ ਦਾ ਸ਼ਿਕਾਰ ਬਣਾ ਕੇ ਉਸ ਨਾਲ ਜਬਰ-ਜਨਾਹ ਕੀਤਾ ਗਿਆ। ਔਰਤ ਵੱਲੋਂ ਰੌਲਾ ਪਾਉਣ ਤੋਂ ਬਾਅਦ ਘਟਨਾ ਦਾ ਖੁਲਾਸਾ ਹੋਇਆ, ਜਿਸ ਤੋਂ ਬਾਅਦ ਥਾਣਾ ਨੰ. 4 ਦੇ ਐੱਸ.ਐੱਚ.ਓ. ਹਰਦੇਵ ਸਿੰਘ ਪੁਲਸ ਪਾਰਟੀ ਸਮੇਤ ਸਿਵਲ ਹਸਪਤਾਲ ਪਹੁੰਚੇ। ਮੁਲਜਮ ਦੀ ਪਛਾਣ ਲਈ ਮੈਡੀਕਲ ਸੁਪਰਡੈਂਟ ਦਫਤਰ ਵਿਚ ਲੱਗੇ ਸੀ.ਸੀ.ਟੀ.ਵੀ. ਕੈਮਰੇ ਦੀ ਫੁਟੇਜ ਚੈੱਕ ਕਰਨੀ ਸ਼ੁਰੂ ਕੀਤੀ। ਉਨ੍ਹਾਂ ਨਾਲ ਸੀਨੀਅਰ ਮੈਡੀਕਲ ਅਫਸਰ ਡਾ. ਵਰਿੰਦਰ ਕੌਰ, ਡਾ. ਪਰਮਜੀਤ ਸਿੰਘ ਵੀ ਮੌਜੂਦ ਸਨ। ਜਾਣਕਾਰੀ ਮੁਤਾਬਿਕ ਕਰੀਬ 25 ਸਾਲਾ ਵਿਆਹੁਤਾ ਔਰਤ ਮਨਪ੍ਰੀਤ (ਕਾਲਪਨਿਕ ਨਾਂ), ਜਿਨ੍ਹਾਂ ਦੇ 2 ਬੱਚੇ ਵੀ ਹਨ, ਨਕੋਦਰ ਦੇ ਇਕ ਪਿੰਡ ਵਿਚ ਰਹਿੰਦੀ ਹੈ। ਉਸ ਦੀ ਮਾਂ ਬੀਮਾਰ ਹੋਣ ਕਾਰਨ ਸਿਵਲ ਹਸਪਤਾਲ ਵਿਚ ਜੇਰੇ ਇਲਾਜ ਹੈ, ਔਰਤ ਅਨੁਸਾਰ ਦੁਪਹਿਰ ਕਰੀਬ 2 ਵਜੇ ਉਹ



ਪੌੜੀਆਂ ਰਾਹੀਂ ਹੇਠਾਂ ਉਤਰ ਰਹੀ ਸੀ ਕਿ ਇਕ ਵਿਅਕਤੀ ਉਸ ਨੂੰ ਧੱਕੇ ਨਾਲ ਬੇਸਮੈਂਟ ਵਿਚ ਲੈ ਗਿਆ। ਉਸ ਨਾਲ ਕੁੱਟਮਾਰ ਕੀਤੀ ਅਤੇ ਜਬਰ-ਜਨਾਹ ਕੀਤਾ। ਉਕਤ ਵਿਅਕਤੀ ਨੇ ਉਸ ਦੇ ਗਲੇ ਨੂੰ ਕੱਪੜੇ ਨਾਲ ਘੁੱਟਿਆ ਵੀ ਤੇ ਉਸ ਦਾ ਮੋਬਾਈਲ ਫੋਨ ਵੀ ਲੈ ਲਿਆ। ਇਸ ਤੋਂ ਬਾਅਦ ਲਗਭਗ 2 ਵਜੇ ਉਹ ਚੀਕਦੀ ਹੋਈ ਬੇਸਮੈਂਟ 'ਚੋਂ ਬਾਹਰ ਨਿਕਲੀ ਅਤੇ ਹਸਪਤਾਲ ਵਿਚ ਮੌਜੂਦ ਸੁਰੱਖਿਆ ਕਰਮਚਾਰੀਆਂ ਨੂੰ ਸਾਰੀ ਗੱਲ ਦੱਸੀ। ਔਰਤ ਦਾ ਕਹਿਣਾ ਹੈ ਕਿ ਉਸ ਨਾਲ ਜਬਰ-ਜਨਾਹ ਕਰਨ ਵਾਲੇ ਨੂੰ ਸਾਹਮਣੇ ਲਿਆਉਣ 'ਤੇ ਉਹ ਉਸ ਦੀ ਪਛਾਣ ਕਰ ਸਕਦੀ ਹੈ। ਥਾਣਾ ਨੰ. 4 ਦੇ ਐੱਸ.ਐੱਚ.ਓ. ਹਰਦੇਵ ਸਿੰਘ ਦਾ ਕਹਿਣਾ ਹੈ ਕਿ ਪਹਿਲਾਂ ਸੂਚਨਾ ਪੁਲਸ ਕੋਲ ਆਈ ਸੀ ਕਿ ਔਰਤ ਨਾਲ ਜਬਰ-ਜਨਾਹ ਹੋਇਆ ਹੈ ਪਰ ਜਿਵੇਂ ਹੀ ਪੁਲਸ ਨੇ ਔਰਤ ਨੂੰ ਬਿਆਨ ਦਰਜ ਕਰਵਾਉਣ ਲਈ ਕਿਹਾ ਤਾਂ ਉਸ ਨੇ ਸਾਫ ਮਨ੍ਹਾ ਕਰ ਦਿੱਤਾ। ਸਿਵਲ ਹਸਪਤਾਲ ਦੀ ਮੈਡੀਕਲ ਸੁਪਰਡੈਂਟ (ਐੱਮ.ਐੱਸ.) ਡਾ. ਗੀਤਾ ਘਟਨਾ ਵਾਪਰਨ ਤੋਂ ਬਾਅਦ ਦੇਰ ਸ਼ਾਮ ਤੱਕ ਆਪਣੇ ਦਫਤਰ ਵਿਚ ਮੌਜੂਦ ਰਹੇ। ਪੂਰੇ ਮਾਮਲੇ ਦੀ ਜਾਣਕਾਰੀ ਹਾਸਲ ਕਰਨ ਤੋਂ ਬਾਅਦ ਸੁਰੱਖਿਆ ਕਰਮਚਾਰੀਆਂ ਨੂੰ ਨਵੇਂ ਹੁਕਮ ਜਾਰੀ ਕੀਤੇ ਗਏ ਤਾਂ ਕਿ ਹਸਪਤਾਲ ਦੀ ਸੁਰੱਖਿਆ ਨੂੰ ਯਕੀਨੀ ਬਣਾਇਆ ਜਾ ਸਕੇ।

## ਆਟੋਮੈਟਿਕ ਟ੍ਰੈਕ ਉਪਕਰਨ ਤੋਂ ਮਿਲੀ ਚਿਤਾਵਨੀ ਨਾਲ ਰੇਲ ਹਾਦਸਾ ਟਲਿਆ

ਨਵੀਂ ਦਿੱਲੀ 21 ਅਗਸਤ। ਉੱਤਰ ਪ੍ਰਦੇਸ਼ ਦੇ ਮਿਰਜਾਪੁਰ 'ਚ ਇਕ ਆਟੋਮੈਟਿਕ ਟ੍ਰੈਕ ਉਪਕਰਨ ਤੋਂ ਮਿਲੀ ਚਿਤਾਵਨੀ ਕਾਰਨ ਇਕ ਰੇਲ ਹਾਦਸਾ ਟਲ ਗਿਆ। ਦਰਅਸਲ ਸੀਮਾਂਚਲ ਐਕਸਪ੍ਰੈੱਸ ਦਾ ਇਕ ਡੱਬਾ ਜਦੋਂ ਤਾਪਮਾਨ ਦਾ ਪਤਾ ਲਾਉਣ ਵਾਲੇ ਯੰਤਰ ਦੇ ਉੱਪਰੋਂ ਲੰਘਿਆ ਤਾਂ ਉਸ ਨੇ ਅਧਿਕਾਰੀਆਂ ਨੂੰ ਤਕਨੀਕੀ ਖਾਮੀ ਬਾਰੇ ਚਿਤਾਵਨੀ ਦੇ ਦਿੱਤੀ। ਰੇਲਵੇ ਅਧਿਕਾਰੀਆਂ ਨੇ ਦੱਸਿਆ ਕਿ ਚੁਨਾਰ ਸਟੇਸ਼ਨ 'ਤੇ ਲੱਗੇ 'ਹਾਟ ਐਕਸਲ ਬਾਕਸ ਡਿਟੈਕਟਰ' ਵੱਲੋਂ ਚਿਤਾਵਨੀ ਭੇਜੀ ਗਈ। ਉੱਤਰ-ਮੱਧ ਰੇਲਵੇ ਦੇ ਮੁੱਖ ਲੋਕ ਸੰਪਰਕ ਅਧਿਕਾਰੀ ਸ਼ਸ਼ੀਕਾਂਤ ਤ੍ਰਿਪਾਠੀ ਨੇ ਦੱਸਿਆ ਕਿ ਜਦੋਂ ਟ੍ਰੇਨ (ਬਿਹਾਰ ਦੇ ਜੋਗਬਨੀ ਤੋਂ ਦਿੱਲੀ ਜਾ ਰਹੀ) ਸ਼ਨੀਵਾਰ ਸਵੇਰੇ ਲੱਗਭਗ 10 ਵਜੇ ਸਟੇਸ਼ਨ ਪਾਰ ਕਰ ਰਹੀ ਸੀ ਤਾਂ ਸਲੀਪਰ ਕੋਚ ਨੰਬਰ ਐੱਸ-3 ਦੇ ਪਹੀਏ ਦੇ ਐਕਸਲ 'ਚ ਬਹੁਤ ਜ਼ਿਆਦਾ ਤਾਪਮਾਨ ਪਾਇਆ ਗਿਆ। ਉਨ੍ਹਾਂ ਕਿਹਾ ਕਿ ਟ੍ਰੇਨ ਨੂੰ ਅਗਲੇ ਸਟੇਸ਼ਨ ਜਿਗਨਾ 'ਤੇ ਰੋਕਿਆ ਗਿਆ ਅਤੇ ਯਾਤਰੀਆਂ ਨੂੰ ਹੋਰ ਡੱਬਿਆਂ 'ਚ ਤਬਦੀਲ ਕਰਨ ਤੋਂ ਬਾਅਦ ਡੱਬੇ ਨੂੰ ਟ੍ਰੇਨ ਨਾਲੋਂ ਵੱਖ ਕਰ ਦਿੱਤਾ ਗਿਆ।

## ਖਿਡੌਣਾ ਪਿਸਤੌਲ ਨਾਲ ਲੁੱਟਣ ਚੱਲੇ ਸੀ ਪੈਟਰੋਲ ਪੰਪ, ਸਲਾਹਾਂ ਕਰਦਿਆਂ ਨੂੰ ਹੀ ਪੁਲਸ ਨੇ ਕਰ ਲਿਆ ਕਾਬੂ

ਲੁਧਿਆਣਾ 21 ਅਗਸਤ। ਸਾਹਨੇਵਾਲ ਇਲਾਕੇ 'ਚ ਪੈਟਰੋਲ ਪੰਪ ਲੁੱਟਣ ਦੀ ਯੋਜਨਾ ਬਣਾ ਰਹੇ 4 ਬਦਮਾਸ਼ ਥਾਣਾ ਸਦਰ ਦੀ ਪੁਲਸ ਦੇ ਹੱਥੇ ਚੜ੍ਹ ਗਏ, ਜਦੋਂਕਿ ਉਨ੍ਹਾਂ ਦਾ ਇਕ ਸਾਥੀ ਮੌਕੇ ਤੋਂ ਭੱਜ 'ਚ ਕਾਮਯਾਬ ਹੋ ਗਿਆ। ਪੁਲਸ ਨੇ ਮੁਲਜ਼ਮਾਂ ਦੇ ਕੋਲੋਂ ਖਿਡੌਣਾ ਪਿਸਤੌਲ, ਏਅਰਗੰਨ, ਮੋਟਰਸਾਈਕਲ, ਐਕਟਿਵਾ ਅਤੇ 2 ਦਾਤਰ ਬਰਾਮਦ ਕਰ ਕੇਸ ਦਰਜ ਕਰ ਲਿਆ ਹੈ। ਉਕਤ ਜਾਣਕਾਰੀ ਏ. ਸੀ. ਪੀ. ਗੁਰਇਕਬਾਲ ਸਿੰਘ, ਐੱਸ. ਐੱਚ. ਓ. ਹਰਸ਼ਵੀਰ ਸਿੰਘ ਅਤੇ ਚੌਕੀ ਮਰਾਡੋ ਇੰਚਾਰਜ ਐੱਸ. ਆਈ. ਗੁਰਮੀਤ ਸਿੰਘ ਨੇ ਪੱਤਰਕਾਰ ਸੰਮੇਲਨ ਦੌਰਾਨ ਦਿੱਤੀ। ਉਨ੍ਹਾਂ ਦੱਸਿਆ ਕਿ ਫੜੇ ਗਏ ਮੁਲਜ਼ਮਾਂ ਦੀ ਪਛਾਣ ਮਨਿੰਦਰ ਸਿੰਘ ਮਨੀ, ਹਰਦੇਵ ਸਿੰਘ ਬਸੰਤ ਨਗਰ, ਨਿਰਮਲ ਸਿੰਘ ਨਿਵਾਸੀ ਪਿੰਡ ਦੁੱਗਰੀ, ਵਿਕਾਸ ਕੁਮਾਰ ਨਿਵਾਸੀ ਪ੍ਰੀਤ ਨਗਰ, ਸ਼ਿਮਲਾਪੁਰੀ ਅਤੇ ਫਰਾਰ ਗੁਰਪ੍ਰੀਤ ਸਿੰਘ ਨਿਵਾਸੀ ਜਨਤਾ ਕਾਲੋਨੀ, ਪਿੰਡ ਗਿੱਲ ਵਜੋਂ ਹੋਈ। ਪਲਾਨ ਬਣਾ ਰਹੇ ਸਨ। ਪੁਲਸ ਨੇ ਰੇਡ ਮਾਰ ਕੇ ਉਨ੍ਹਾਂ ਨੂੰ ਦਬੋਚ ਲਿਆ। ਪੁਲਸ ਅਨੁਸਾਰ ਮੁਲਜ਼ਮ




ਪੁਲਸ ਨੂੰ ਸੂਚਨਾ ਮਿਲੀ ਸੀ ਕਿ ਉਕਤ ਮੁਲਜ਼ਮ ਤੇਜਧਾਰ ਹਥਿਆਰ ਦੇ ਦਮ 'ਤੇ ਲੁੱਟਾਂ ਦੀਆਂ ਵਾਰਦਾਤਾਂ ਨੂੰ ਅੰਜਾਮ ਦਿੰਦੇ ਹਨ ਅਤੇ ਸ਼ਨੀਵਾਰ ਨੂੰ ਸੰਗੋਵਾਲ ਦੇ ਇਲਾਕੇ 'ਚ ਸੁੰਨਸਾਨ ਜਗ੍ਹਾ 'ਤੇ ਬੈਠ ਕੇ ਪਟਰੋਲ ਪੰਪ ਲੁੱਟਣ ਦਾ ਵਿਕਾਸ ਖਿਲਾਫ ਪਹਿਲਾਂ ਵੀ ਚੋਰੀ ਦੇ 3 ਅਤੇ ਮੁਲਜ਼ਮ ਨਿਰਮਲ ਖਿਲਾਫ ਧੋਖਾਦੇਹੀ ਦਾ ਇਕ ਮਾਮਲਾ ਦਰਜ ਹੈ। ਸਾਰੇ ਨਸ਼ਾ ਕਰਨ ਦੇ ਆਦੀ ਹਨ ਅਤੇ ਨਸ਼ੇ ਦੀ ਪੂਰਤੀ ਲਈ ਗੈਂਗ ਬਣਾ ਕੇ ਵਾਰਦਾਤਾਂ ਕਰਨ ਲੱਗ ਪਏ। ਪੁਲਸ ਮੁਲਜ਼ਮਾਂ ਨੂੰ ਅਦਾਲਤ 'ਚ ਪੇਸ਼ ਕਰ ਕੇ 2 ਦਿਨ ਦੇ ਪੁਲਸ ਰਿਮਾਂਡ 'ਤੇ ਗੰਭੀਰਤਾ ਨਾਲ ਪੁੱਛਗਿੱਛ ਕਰ ਰਹੀ ਹੈ।

## ਅੱਧੀ ਰਾਤ ਵਾਪਰੀ ਵੱਡੀ ਘਟਨਾ; ਸੁੱਤੇ ਪਏ ਲੋਕਾਂ ਨੂੰ ਪਈਆਂ ਭਾਜੜਾਂ

ਠਾਣੇ 21 ਅਗਸਤ। ਮਹਾਰਾਸਟਰ ਦੇ ਠਾਣੇ ਜ਼ਿਲ੍ਹੇ 'ਚ ਬੁੱਧਵਾਰ ਦੇਰ ਰਾਤ ਸੱਤ ਮੰਜ਼ਿਲਾ ਇਮਾਰਤ ਦੇ ਇਕ ਫਲੈਟ ਦੀ ਛੱਤ ਦਾ ਇਕ ਹਿੱਸਾ ਢਹਿ ਗਿਆ। ਨਗਰ ਨਿਗਮ ਦੇ ਅਧਿਕਾਰੀਆਂ ਨੇ ਦੱਸਿਆ ਕਿ ਇਹ ਇਮਾਰਤ 'ਬੇਹੱਦ ਖਤਰਨਾਕ ਸ੍ਰੇਣੀ' ਦੀਆਂ ਇਮਾਰਤਾਂ 'ਚ ਸਾਮਲ ਸੀ। ਅਧਿਕਾਰੀਆਂ ਨੇ ਦੱਸਿਆ ਕਿ ਜਿਸ ਫਲੈਟ ਦੀ ਛੱਤ ਡਿੱਗੀ ਉਹ ਇਮਾਰਤ ਦੀ 5ਵੀਂ ਮੰਜ਼ਿਲ 'ਤੇ ਸਥਿਤ ਸੀ। ਉਨ੍ਹਾਂ ਨੇ ਦੱਸਿਆ ਕਿ ਫਲੈਟ ਦੀ ਛੱਤ ਉਸ ਸਮੇਂ ਡਿੱਗ ਗਈ ਜਦੋਂ ਇਸ ਵਿਚ ਰਹਿਣ ਵਾਲੇ ਲੋਕ ਸੁੱਤੇ ਪਏ ਸਨ। ਸੁੱਤੇ ਪਏ ਲੋਕਾਂ ਨੂੰ ਭਾਜੜ ਪੈ ਗਈਆਂ। ਠਾਣੇ ਨਗਰ ਨਿਗਮ ਦੇ ਆਫਤ ਪ੍ਰਬੰਧਨ ਸੈੱਲ ਦੇ ਮੁਖੀ ਯਾਸੀਨ ਤੜਵੀ ਨੇ ਦੱਸਿਆ ਕਿ ਇਹ ਹਾਦਸਾ ਠਾਣੇ ਦੇ ਪੂਰਬੀ ਖੇਤਰ 'ਚ ਸਥਿਤ ਸਾਈਨਾਥ ਕ੍ਰਿਪਾ ਭਵਨ 'ਚ ਰਾਤ 12 ਵਜ ਕੇ 42 ਮਿੰਟ 'ਤੇ ਵਾਪਰਿਆ। ਹਾਲਾਂਕਿ ਗਨੀਮਤ ਇਹ ਰਹੀ ਕਿ ਕਿਸੇ ਦੇ ਜਖਮੀ ਹੋਣ ਦੀ ਕੋਈ ਸੂਚਨਾ ਨਹੀਂ ਹੈ। ਤੜਵੀ ਅਨੁਸਾਰ ਇਹ ਇਮਾਰਤ 40 ਸਾਲ ਪੁਰਾਣੀ ਸੀ। ਉਨ੍ਹਾਂ ਦੱਸਿਆ ਕਿ ਘਟਨਾ ਦੀ ਸੂਚਨਾ ਮਿਲਣ ਤੋਂ ਬਾਅਦ ਅੱਗ ਬੁਝਾਊ ਵਿਭਾਗ ਅਤੇ ਖੇਤਰੀ ਆਫਤ ਪ੍ਰਬੰਧਨ ਸੈੱਲ ਦੇ ਮੁਲਾਜਮਾਂ ਨੇ ਮੌਕੇ 'ਤੇ ਪਹੁੰਚ ਕੇ ਮਲਬਾ ਹਟਾਇਆ। ਤੜਵੀ ਅਨੁਸਾਰ ਪਿਛਲੇ ਮਹੀਨੇ ਨਗਰ ਨਿਗਮ ਨੇ 'ਸਭ ਤੋਂ ਖਤਰਨਾਕ' (ਸੀ-1 ਸ਼੍ਰੇਣੀ) ਦੇ ਰੂਪ ਵਿਚ ਇਸ ਇਮਾਰਤ ਨੂੰ ਖਾਲੀ ਕਰਨ ਅਤੇ ਢਾਹੁਣ ਲਈ ਨੋਟਿਸ ਜਾਰੀ ਕੀਤਾ ਸੀ। ਤੜਵੀ ਨੇ ਕਿਹਾ ਕਿ ਨੋਟਿਸ ਜਾਰੀ ਹੋਣ ਦੇ ਬਾਵਜੂਦ 7 ਤੋਂ 7 ਪਰਿਵਾਰ ਅਜੇ ਵੀ ਇਮਾਰਤ ਵਿਚ ਰਹਿ ਰਹੇ ਹਨ। ਉਨ੍ਹਾਂ ਕਿਹਾ ਕਿ ਨਗਰ ਨਿਗਮ ਦੇ ਅਧਿਕਾਰੀ ਇਮਾਰਤ 'ਤੇ ਅਗਲੇਰੀ ਕਾਰਵਾਈ ਕਰਨਗੇ।

# ਈ-ਕਾਮਰਸ ਸੈਕਟਰ 'ਚ ਨੌਕਰੀਆਂ ਦਾ ਵਾਧਾ, 10 ਲੱਖ ਲੋਕਾਂ ਨੂੰ ਮਿਲੇਗਾ ਰੋਜਗਾਰ

ਬਿਜਨੈੱਸ ਡੈਸਕ 21 ਅਗਸਤ। ਤਿਉਹਾਰੀ ਸੀਜਨ ਤੋਂ ਪਹਿਲਾਂ ਭਾਰਤ ਦੀ ਈ-ਕਾਮਰਸ ਇੰਡਸਟਰੀ ਵੱਡੇ ਪੱਧਰ 'ਤੇ ਭਰਤੀਆਂ ਦੀ ਤਿਆਰੀ 'ਚ ਲੱਗੀ ਹੋਈ ਹੈ। ਟੀਮਲੀਜ ਸਰਵਿਸਿਜ ਦੀ ਇਕ ਰਿਪੋਰਟ ਅਨੁਸਾਰ, ਈ-ਕਾਮਰਸ ਸੈਕਟਰ ਇਸ ਸੀਜਨ ਵਿਚ ਲਗਭਗ 10 ਲੱਖ ਗਿਗ ਵਰਕਰ ਅਤੇ 2.5 ਲੱਖ ਕੰਟਰੈਕਟ ਵਰਕਰਾਂ ਨੂੰ ਨਿਯੁਕਤ ਕਰ ਸਕਦਾ ਹੈ। ਉਦਯੋਗ ਦੇ ਮਾਹਿਰਾਂ ਦੇ ਅਨੁਸਾਰ, ਫਲਿੱਪਕਾਰਟ, ਐਮਾਜਾਨ, ਮੀਸੋ ਵਰਗੀਆਂ ਪ੍ਰਮੁੱਖ ਈ-ਕਾਮਰਸ ਕੰਪਨੀਆਂ ਦੇ ਨਾਲ-ਨਾਲ ਬਲਿੰਕਿਟ, ਜੇਪਟੋ ਅਤੇ ਸਵਿਗੀ ਇੰਸਟਾਮਾਰਟ ਵੀ ਵੱਡੀ ਗਿਣਤੀ ਵਿਚ ਭਰਤੀ ਕਰਨ ਦੀ ਯੋਜਨਾ ਬਣਾ ਰਹੀਆਂ ਹਨ। ਤਿਉਹਾਰੀ ਸੀਜਨ ਦੌਰਾਨ ਵਿਕਰੀ 35 ਫੀਸਦੀ ਵਧਣ ਦੀ ਸੰਭਾਵਨਾ ਨੂੰ ਦੇਖਦੇ ਹੋਏ ਇਨ੍ਹਾਂ ਕੰਪਨੀਆਂ ਨੇ ਵੱਡੀ ਗਿਣਤੀ 'ਚ ਕਾਮੇ ਸਾਮਲ ਕਰਨ ਦਾ ਫੈਸਲਾ ਕੀਤਾ ਹੈ। ਮੀਸੋ ਦੇ ਜਨਰਲ ਮੈਨੇਜਰ ਸੌਰਭ ਪਾਂਡੇ ਨੇ ਕਿਹਾ ਕਿ ਮੀਸੋ ਦਾ ਟੀਚਾ ਆਪਣੇ ਤੀਜੀ-ਧਿਰ ਦੇ ਲੌਜਿਸਟਿਕ ਹਿੱਸੇਦਾਰਾਂ ਜਿਵੇਂ ਕਿ ਈਕੋਮ ਐਕਸਪ੍ਰੈਸ, ਡਿਲੀਵਰੀ, ਸੈਡੋਫੈਕਸ, ਐਕਸਪ੍ਰੈਸ ਬਿਜ ਅਤੇ ਵਾਲਮੋ ਦੇ ਸਹਿਯੋਗ ਨਾਲ 2.5 ਲੱਖ ਮੌਸਮੀ ਰੋਜਗਾਰ ਦੇ ਮੌਕੇ ਪੈਦਾ ਕਰਨਾ ਹੈ। ਉਨ੍ਹਾਂ ਅੱਗੇ ਦੱਸਿਆ ਕਿ ਇਨ੍ਹਾਂ 'ਚੋਂ 60 ਫੀਸਦੀ ਤੋਂ ਵੱਧ ਰੋਜਗਾਰ ਦੇ ਮੌਕੇ ਛੋਟੇ ਅਤੇ ਦਰਮਿਆਨੇ ਸਹਿਰਾਂ ਵਿਚ ਹੋਣਗੇ। ਇਨ੍ਹਾਂ ਭੂਮਿਕਾਵਾਂ ਵਿਚ ਮੁੱਖ ਤੌਰ 'ਤੇ ਗੋਦਾਮਾਂ ਤੋਂ ਪੂਰਤੀ, ਵੱਡੇ ਕੇਂਦਰਾਂ ਤੋਂ ਛੋਟੇ ਵੇਅਰਹਾਊਸਾਂ ਵਿਚ ਮਾਲ ਦੀ ਵੰਡ ਅਤੇ ਡਿਲਿਵਰੀ ਸਹਿਯੋਗੀ ਭੂਮਿਕਾਵਾਂ ਸਾਮਲ ਹੋਣਗੀਆਂ। ਟੀਮਲੀਜ ਦੇ ਸਰਵੇਖਣ ਤੋਂ ਪਤਾ ਲੱਗਾ ਹੈ ਕਿ ਜ਼ਿਆਦਾਤਰ ਪ੍ਰਮੁੱਖ ਤੇਜ ਵਣਜ ਕੰਪਨੀਆਂ ਨਵੇਂ ਸਹਿਰਾਂ ਵਿਚ ਵਿਸਤਾਰ ਕਰ ਰਹੀਆਂ ਹਨ ਅਤੇ ਕਰਿਆਨੇ ਤੋਂ ਇਲਾਵਾ, ਹੁਣ ਇਲੈਕਟ੍ਰੋਨਿਕਸ, ਸੁੰਦਰਤਾ ਉਤਪਾਦਾਂ, ਘਰੇਲੂ ਸਜਾਵਟ, ਤੰਦਰੁਸਤੀ ਅਤੇ ਹੋਰ ਆਮ ਚੀਜਾਂ




ਦੀ ਡਿਲਿਵਰੀ 'ਤੇ ਵੀ ਧਿਆਨ ਕੇਂਦ੍ਰਿਤ ਕਰ ਰਹੀਆਂ ਹਨ। ਰਿਪੋਰਟ ਦੇ ਅਨੁਸਾਰ, ਪਿਛਲੇ ਵਿੱਤੀ ਸਾਲ ਵਿਚ ਪ੍ਰਤੀ ਦਿਨ 20 ਲੱਖ ਆਰਡਰ ਤੱਕ ਪਹੁੰਚਣ ਤੋਂ ਬਾਅਦ, ਉਦਯੋਗ ਹੁਣ ਆਉਣ ਵਾਲੇ ਤਿਉਹਾਰਾਂ ਦੇ ਸੀਜਨ ਵਿਚ ਇਸ ਰਿਕਾਰਡ ਨੂੰ ਤੋੜਨ ਦੀ ਕੋਸ਼ਿਸ਼ ਕਰ ਰਿਹਾ ਹੈ। ਟੀਮਲੀਜ ਸਰਵਿਸਿਜ ਦੇ ਸੀਨੀਅਰ ਵਾਈਸ ਪ੍ਰੈਜੀਡੈਂਟ ਅਤੇ ਬਿਜਨੈੱਸ ਹੈੱਡ ਬਾਲਾਸੁਬਰਾਮਨੀਅਨ ਏ ਨੇ ਕਿਹਾ ਕਿ ਇਸ ਤਿਉਹਾਰੀ ਸੀਜਨ ਵਿੱਚ ਈ-ਕਾਮਰਸ ਦੀ ਵਿਕਰੀ ਨੂੰ ਹੋਰ ਹੁਲਾਰਾ ਮਿਲੇਗਾ ਅਤੇ ਵੱਡੇ ਪੱਧਰ 'ਤੇ ਰੁਜਗਾਰ ਦੇ ਮੌਕੇ ਪੈਦਾ ਹੋਣਗੇ। ਭਰਤੀ ਵਿੱਚ ਇਹ ਵਾਧਾ ਨਾ ਸਿਰਫ ਇਸ ਖੇਤਰ ਦੀ ਮਹੱਤਵਪੂਰਨ ਭੂਮਿਕਾ ਨੂੰ ਦਰਸਾਉਂਦਾ ਹੈ, ਸਗੋਂ 2025 ਤੱਕ ਭਾਰਤ ਨੂੰ 5 ਟ੍ਰਿਲੀਅਨ ਡਾਲਰ ਦੀ ਆਰਥਿਕਤਾ ਬਣਾਉਣ ਦੇ ਨਜਰੀਏ ਵਿਚ ਵੀ ਮਹੱਤਵਪੂਰਨ ਯੋਗਦਾਨ ਪਾਵੇਗਾ। ਹਾਲ ਹੀ ਵਿਚ 66.5 ਕਰੋੜ ਡਾਲਰ ਦੀ ਪੂੰਜੀ ਇਕੱਠੀ ਕਰਨ ਵਾਲੀ ਕਵਿਤ ਕਾਮਰਸ ਕੰਪਨੀ ਜੇਪਟੋ ਨੇ 500 ਨਵੇਂ ਮੁਲਾਜਮਾਂ ਨੂੰ ਨਿਯੁਕਤ ਕਰਨ ਦੀ ਯੋਜਨਾ ਬਣਾਈ ਹੈ, ਕੰਪਨੀ ਇੰਜੀਨੀਅਰਿੰਗ , ਉਤਪਾਦ ਵਿਕਾਸ, ਵਿਕਾਸ ਅਤੇ ਮਾਰਕੀਟਿੰਗ ਖੇਤਰਾਂ 'ਤੇ ਧਿਆਨ ਕੇਂਦਰਿਤ ਕਰਦੀ ਹੈ। ਜਦੋਂ ਫਲਿੱਪਕਾਰਟ ਨੂੰ ਉਨ੍ਹਾਂ ਦੀ ਭਰਤੀ ਯੋਜਨਾ ਬਾਰੇ ਪੁੱਛਿਆ ਗਿਆ ਤਾਂ ਉਨ੍ਹਾਂ ਨੇ ਕੋਈ ਜਵਾਬ ਨਹੀਂ ਦਿੱਤਾ। ਹਾਲਾਂਕਿ, ਪਿਛਲੇ ਸਾਲ ਫਲਿੱਪਕਾਰਟ ਨੇ ਆਪਣੀ ਸਪਲਾਈ ਲੜੀ ਵਿੱਚ 1 ਲੱਖ ਤੋਂ ਵੱਧ ਨਵੇਂ ਰੁਜਗਾਰ ਦੇ ਮੌਕੇ ਪੈਦਾ ਕਰਨ ਦੀ ਆਸ ਕੀਤੀ ਸੀ। ਇਸ ਦੇ ਨਾਲ ਹੀ, ਐਮਾਜਾਨ ਦੇ ਬੁਲਾਰੇ ਨੇ ਕਿਹਾ ਕਿ ਹਰ ਸਾਲ ਤਿਉਹਾਰਾਂ ਦੇ ਸੀਜਨ ਦੌਰਾਨ, ਐਮਾਜਾਨ ਇੰਡੀਆ ਦੇਸ ਭਰ ਵਿੱਚ ਆਪਣੇ ਪੂਰਤੀ ਕੇਂਦਰਾਂ, ਛਾਂਟੀ ਕੇਂਦਰਾਂ ਅਤੇ ਸਪਲਾਈ ਨੈਟਵਰਕ ਵਿਚ ਮੌਸਮੀ ਰੁਜਗਾਰ ਦੇ ਮੌਕੇ ਪੈਦਾ ਕਰਦਾ ਹੈ। ਉਨ੍ਹਾਂ ਕਿਹਾ ਕਿ ਇਸ ਸਬੰਧੀ ਹੋਰ ਜਾਣਕਾਰੀ ਅਗਲੇ ਕੁਝ ਹਫਤਿਆਂ ਵਿਚ ਸਾਂਝੀ ਕੀਤੀ ਜਾਵੇਗੀ। ਵਿਸਤਾਰ ਦੀ ਵੀ ਯੋਜਨਾ ਬਣਾ ਰਿਹਾ ਹੈ ਅਤੇ 2026 ਤੱਕ ਆਪਣੇ ਡਾਰਕ ਸਟੋਰਾਂ ਦੀ ਗਿਣਤੀ ਨੂੰ ਮੌਜੂਦਾ 639 ਤੋਂ 2,000 ਤੱਕ ਵਧਾਉਣ ਦਾ ਟੀਚਾ ਰੱਖਦਾ ਹੈ।

ਕੌਮੀ ਪਤ੍ਰਿਕਾ

ਮੁੱਖ ਸੰਪਾਦਕ-ਗੁਰਚਰਨ ਸਿੰਘ ਬੱਬਰ, ਸਵਾਮੀ ਪ੍ਰਿੰਟਰ ਪਬਲਿਸ਼ਰ ਅਤੇ ਐਡੀਟਰ ਨੇ ਕੌਮੀ ਪਤ੍ਰਿਕਾ ਪ੍ਰਿੰਟਿੰਗ ਪ੍ਰੈਸ ਏ-144 ਇੰਡਸਟ੍ਰਿਅਲ ਏਰੀਆ ਸੈਕਟਰ ਏ-4, ਟ੍ਰੋਨਿਕਾ ਸਿਟੀ ਲੋਨੀ ਗਾਜ਼ਿਆਬਾਦ ਤੋਂ ਛਪਵਾ ਕੇ 5, ਬਹਾਦੁਰ ਸ਼ਾਹ ਜਫਰ ਮਾਰਗ ਨਵੀਂ ਦਿੱਲੀ-110002 ਤੋਂ ਪ੍ਰਕਾਸ਼ਿਤ ਕੀਤਾ ਹੈ।

Edited Printed Published and Owned by Gurcharan Singh Babbar 5, Bahadur Shah Zafar Marg New Delhi 110002. Printed at Qaumi Patrika Printing Press A-4 Tronica City Loni Ghaziabad

Ph. : 011-41509689
011-23315814
Mob. : 9971359517
9312262300

E-mail address:
qpatrika@gmail.com

R.N.I. No. 39272/81

Legal Advisors:
Advocate Mohd. Sajid
Advocate Dr. A.P.Singh
Advocate Manish Sharma
Advocate Pooja Bhaskar Sharma

## ਹੁਣ ਵਿਆਹ ਰਜਿਸਟ੍ਰੇਸ਼ਨ ਕਰਵਾਉਣਾ ਹੋਇਆ ਸੌਖਾ, ਸਰਕਾਰੀ ਦਫਤਰ 'ਚ ਨਹੀਂ ਲਗਾਉਣਗੇ ਪੈਣਗੇ ਚੱਕਰ

ਪਟਨਾ 21 ਅਗਸਤ। ਬਿਹਾਰ ਦੇ ਸਾਰੇ ਨਾਗਰਿਕਾਂ ਲਈ ਵਿਆਹ ਰਜਿਸਟ੍ਰੇਸਨ ਲਾਜਮੀ ਕਰ ਦਿੱਤੀ ਗਈ ਹੈ। ਇਹ ਰਜਿਸਟ੍ਰੇਸਨ ਅਧਿਕਾਰਤ ਵੈੱਬਸਾਈਟ ਰਾਹੀਂ ਕੀਤੀ ਜਾ ਸਕਦੀ ਹੈ। ਹੁਣ ਬਿਹਾਰ ਦੇ ਨਾਗਰਿਕਾਂ ਨੂੰ ਵਿਆਹ ਦੀ ਰਜਿਸਟ੍ਰੇਸਨ ਕਰਵਾਉਣ ਲਈ ਕਿਸੇ ਸਰਕਾਰੀ ਦਫਤਰ ਜਾਣ ਦੀ ਲੋੜ ਨਹੀਂ ਹੈ। ਉਹ ਘਰ ਬੈਠੇ ਅਧਿਕਾਰਤ ਵੈੱਬਸਾਈਟ ਰਾਹੀਂ ਵਿਆਹ ਦੀ ਰਜਿਸਟ੍ਰੇਸਨ ਕਰਵਾ ਸਕਦੇ ਹਨ। ਇਸ ਨਾਲ ਸਮੇਂ ਅਤੇ ਪੈਸੇ ਦੀ ਬੱਚਤ ਹੋਵੇਗੀ ਅਤੇ ਸਿਸਟਮ 'ਚ ਸੁਧਾਰ ਹੋਵੇਗਾ। ਜਾਣਕਾਰੀ ਦਿੰਦੇ ਹੋਏ ਮਨਾਹੀ, ਆਬਕਾਰੀ ਅਤੇ ਰਜਿਸਟ੍ਰੇਸਨ ਮੰਤਰੀ ਰਤਨੇਸ ਸਦਾ ਨੇ ਦੱਸਿਆ ਕਿ ਇਹ ਸਹੂਲਤ ਨਵੇਂ ਈ-ਰਜਿਸਟ੍ਰੇਸਨ ਸਾਫਟਵੇਅਰ ਰਾਹੀਂ ਉਪਲਬਧ ਹੋਵੇਗੀ। ਪਹਿਲੇ ਪੜਾਅ 'ਚ 5 ਰਜਿਸਟ੍ਰੇਸਨ ਦਫਤਰਾਂ 'ਚ ਇਸ ਦੀ ਸੁਰੂਆਤ ਕੀਤੀ ਗਈ ਹੈ। ਉਨ੍ਹਾਂ ਦੱਸਿਆ ਕਿ ਮੌਜੂਦਾ ਸਮੇਂ 'ਚ ਜਹਾਨਾਬਾਦ, ਦਾਨਾਪੁਰ, ਬਿਹਟਾ, ਪਟਨਾ ਸਿਟੀ ਅਤੇ ਫਤੂਹਾ 'ਚ ਈ-ਰਜਿਸਟ੍ਰੇਸਨ ਸਾਫਟਵੇਅਰ ਲਾਗੂ ਕੀਤਾ ਗਿਆ ਹੈ। ਜਲਦੀ ਹੀ ਪੂਰੇ ਸੂਬੇ 'ਚ ਇਹ ਸਹੂਲਤ ਸੁਰੂ ਕਰ ਦਿੱਤੀ ਜਾਵੇਗੀ। ਧਿਆਨ ਯੋਗ ਹੈ ਕਿ ਮੈਰਿਜ ਸਰਟੀਫਿਕੇਟ ਦਾ ਮੁੱਖ ਮਕਸਦ ਭਾਰਤ 'ਚ ਬਾਲ ਵਿਆਹ ਦੀ ਭੈੜੀ ਪ੍ਰਥਾ ਤੋਂ ਬਚਣਾ ਅਤੇ ਇਸ ਨੂੰ ਪੂਰੀ ਤਰ੍ਹਾਂ ਨਾਲ ਰੋਕਣਾ ਸੀ। ਇਸ ਤੋਂ ਇਲਾਵਾ ਬਿਹਾਰ ਸਰਕਾਰ ਨੇ ਪਰਿਵਾਰ ਲਈ ਕਈ ਭਲਾਈ ਸਕੀਮਾਂ ਜਾਰੀ ਕੀਤੀਆਂ ਹਨ ਪਰ ਜਿਸ ਵਿਅਕਤੀ ਕੋਲ ਆਪਣੇ ਵਿਆਹ ਦਾ ਸਰਟੀਫਿਕੇਟ ਨਹੀਂ ਹੈ

# ਪੁਲਸ ਦੀ ਸਖਤੀ ਤੋਂ ਬਾਅਦ ਦੁਕਾਨਾਂ ਛੱਡ ਸੱਟੇਬਾਜਾਂ ਨੇ ਮੋਬਾਇਲਾਂ ਰਾਹੀ ਸਿਖਰ 'ਤੇ ਪਹੁੰਚਾਇਆ ਕਾਲਾ ਧੰਦਾ

ਮਲੋਟ 21 ਅਗਸਤ। ਸਿਟੀ ਮਲੋਟ ਪੁਲਸ ਵੱਲੋਂ ਚਲਾਈ ਗੈਰ ਸਮਾਜੀ ਅਨਸਰਾਂ ਵਿਰੁੱਧ ਮੁਹਿੰਮ ਤਹਿਤ ਇਕ ਸੱਟੇਬਾਜ ਨੂੰ ਇਕ ਨੰਬਰੀ ਸੱਟਾ ਲਾਉਂਦੇ ਮੌਕੇ 'ਤੇ ਕਾਬੂ ਕੀਤਾ ਹੈ, ਜਿਸ ਪਾਸੋਂ ਪਰਚੀਆਂ ਅਤੇ ਨਕਦੀ ਵੀ ਬਰਾਮਦ ਕੀਤੀ ਹੈ। ਇਸ ਮਾਮਲੇ 'ਤੇ ਪੁਲਸ ਨੇ ਉਕਤ ਵਿਅਕਤੀ ਵਿਰੁੱਧ ਮਾਮਲਾ ਦਰਜ ਕਰ ਲਿਆ ਹੈ। ਥਾਣਾ ਸਿਟੀ ਮਲੋਟ ਦੇ ਮੁੱਖ ਅਫਸਰ ਕਰਮਜੀਤ ਕੌਰ ਦੀ ਅਗਵਾਈ ਹੇਠ ਏ.ਐੱਸ.ਆਈ. ਸੁਖਦਿਆਲ ਸਿੰਘ ਨੇ ਪੀ. ਐੱਚ. ਜੀ. ਜਵਾਨ ਜਗਸੀਰ ਸਿੰਘ ਸਮੇਤ ਪੁਲਸ ਪਾਰਟੀ ਸਮੇਤ ਕਾਰਵਾਈ ਕਰਕੇ ਸ਼ਿਵਾਲਕ ਸਕੂਲ ਦੇ ਪਿੱਛੇ ਰਜੇਸ਼ ਕੁਮਾਰ ਪੁੱਤਰ ਜੀਤੂ ਰਾਮ ਵਾਸੀ ਵਾਰਡ ਨੰਬਰ 19 ਨੂੰ ਸੱਟੇ ਦਾ ਕੰਮ ਕਰਦਿਆਂ 1740 ਰੁਪਏ ਨਕਦੀ ਸਮੇਤ ਕਾਬੂ ਕੀਤਾ ਹੈ। ਪੁਲਸ ਨੇ ਉਕਤ ਵਿਅਕਤੀ ਵਿਰੁੱਧ 13/3/61 ਜੂਆ ਐਕਟ ਤਹਿਤ ਕਾਰਵਾਈ ਕਰਨ ਉਪਰੰਤ ਜਮਾਨਤ 'ਤੇ ਰਿਹਾਅ ਕਰ ਦਿੱਤਾ। ਉਧਰ ਪੁਲਸ ਵੱਲੋਂ ਮਹੀਨਾ ਡੇਢ ਮਹੀਨਾ ਪਹਿਲਾਂ ਕੀਤੀ ਸਖਤੀ ਦੇ ਬਾਵਜੂਦ ਵੀ ਇਕਾ ਦੁੱਕਾ ਸੱਟੇਬਾਜਾਂ ਨੂੰ ਪੁਲਸ ਵੱਲੋਂ ਕਾਬੂ ਕਰਕੇ ਧੰਧੇ ਨੂੰ ਪੂਰੀ ਤਰ੍ਹਾਂ ਖਤਮ ਕਰਨ ਦੀਆਂ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ ਪਰ ਇਸ ਮਾਮਲੇ ਵਿਚ ਧੰਧੇ ਨਾਲ ਜੁੜੇ ਵੱਡੇ ਮਗਰਮੱਛ ਅਜੇ ਵੀ ਪੁਲਸ ਦੀ ਗ੍ਰਿਫਤ ਤੋਂ ਬਾਹਰ ਹਨ। ਜ਼ਿਕਰਯੋਗ ਹੈ ਕਿ ਜ਼ਿਲ੍ਹੇ ਅੰਦਰ ਪੁਲਸ ਵੱਲੋਂ ਇਸ ਮਾਮਲੇ ਵਿਚ ਚਲਾਈ ਜੋਰਦਾਰ ਮੁਹਿੰਮ ਕਰਕੇ ਬੇਸ਼ੱਕ ਸ਼ਰੇਆਮ ਦੁਕਾਨਾਂ ਬੰਦ ਹੋ ਗਈਆਂ ਹਨ ਪਰ ਚੋਰ ਚੋਰੀ ਤੋਂ ਜਾਏ ਹੇਰਾਫੇਰੀ ਤੋਂ ਨਾ ਜਾਏ ਦੀ ਕਹਾਵਤ ਅਨੁਸਾਰ ਪਹਿਲਾਂ ਦੁਕਾਨਾਂ 'ਤੇ ਸੱਟੇ ਦਾ ਧੰਦਾ ਕਰਨ ਵਾਲਿਆਂ ਵਿਚੋਂ ਕੁਝ ਵੱਡੇ ਮਗਰਮੱਛਾਂ ਨੇ ਹੁਣ ਮਲੋਟ




ਸਮੇਤ ਸ਼ਹਿਰਾਂ ਅਤੇ ਪਿੰਡਾਂ ਵਿਚ ਆਪਣਾ ਨੈਟਵਰਕ ਮੋਬਾਇਲਾਂ 'ਤੇ ਚਲਾ ਲਿਆ ਜਿਸ ਕਰਕੇ ਇਹ ਧੰਦਾ ਪਹਿਲਾਂ ਨਾਲੋਂ ਵੱਡੀ ਪੱਧਰ ਤੇ ਚੱਲ ਰਿਹਾ ਹੈ। ਇਸ ਧੰਦੇ ਨਾਲ ਜੁੜੇ ਇਕ ਪੁਰਾਣੇ ਸੱਟੇਬਾਜ ਨੇ ਕਿਹਾ ਕਿ ਜੇ ਪੁਲਸ ਕੁਝ ਵਿਸ਼ੇਸ਼ ਨੰਬਰਾਂ ਨੂੰ ਰਾਡਾਰ 'ਤੇ ਲਿਆ ਕੇ ਇਸ ਮਾਮਲੇ ਦੀ ਜਾਂਚ ਕਰੇ ਤਾਂ ਸਾਹਮਣੇ ਆਏਗਾ ਕਿ ਹੁਣ ਵੀ ਪਹਿਲਾਂ ਵਾਂਗ ਲੱਖਾਂ ਰੁਪਏ ਦਾ ਰੋਜਾਨਾ ਸੱਟੇ ਸਬੰਧੀ ਲੈਣ ਦੇਣ ਹੋ ਰਿਹਾ ਹੈ। ਜਿਸ ਕਰਕੇ ਸੱਟਾ ਮਾਫੀਏ ਦੀਆਂ ਪਹਿਲਾਂ ਨਾਲੋਂ ਵੀ ਪੌਂ ਬਾਰਾਂ ਹੋ ਗਈਆਂ ਹਨ। ਇਹ ਵੀ ਜ਼ਿਕਰਯੋਗ ਹੈ ਕਿ ਸੱਟਾ ਰੋਕੂ ਕਾਨੂੰਨ ਵਿਚ ਜੂਆ ਐਕਟ ਤਹਿਤ ਧਾਰਾਵਾਂ ਹੀ ਲੱਗਦੀਆਂ ਹਨ ਜਿਸ ਕਰਕੇ ਦੋਸ਼ੀਆਂ ਦੀ ਨਾਲ ਦੀ ਨਾਲ ਜਮਾਨਤ ਹੋ ਜਾਂਦੀ ਹੈ ਕਿਉਂਕਿ ਇਹ ਧੰਦਾ ਸਰਕਾਰ ਦੀ ਬੰਦ ਪਈ ਇਕ ਨੰਬਰੀ ਲਾਟਰੀ ਵਾਂਗ ਚੱਲਦਾ ਹੈ। ਇਸ ਲਈ ਪਿਛਲੇ ਦਿਨੀਂ ਸਦਰ ਮਲੋਟ ਨੇ ਕਾਬੂ ਕੀਤੇ ਇਕ ਵਿਅਕਤੀ ਵਿਰੁੱਧ ਲਾਟਰੀ ਐਕਟ ਸਬੰਧੀ ਸਖਤ ਧਾਰਾਵਾਂ ਲਾਈਆਂ ਸਨ। ਇਸ ਸਬੰਧੀ ਸਮਾਜ ਲੋਕ ਹਿਤੈਸ਼ੀ ਧਿਰਾਂ ਨੇ ਜ਼ਿਲ੍ਹਾ ਪੁਲਸ ਦੇ ਸੀਨੀਅਰ ਅਧਿਕਾਰੀਆਂ ਸਮੇਤ ਪੁਲਸ ਨੂੰ ਇਸ ਦੀ ਜਾਣਕਾਰੀ ਦੇ ਕੇ ਪੜਤਾਲ ਕਰਨ ਦੀ ਮੰਗ ਕੀਤੀ ਹੈ ਤਾਂ ਜੋ ਇਸ ਧੰਦੇ ਨੂੰ ਸਥਾਈ ਤੌਰ 'ਤੇ ਬੰਦ ਕੀਤਾ ਜਾ ਸਕੇ ਅਤੇ ਕਾਬੂ ਦੋਸ਼ੀਆਂ 'ਤੇ ਪਹਿਲਾਂ ਵਾਂਗ ਲਾਟਰੀ ਐਕਟ ਤੇ ਧੋਖਾਧੜੀ ਸਮੇਤ ਧਾਰਾਵਾਂ ਵੀ ਜੋੜੀਆਂ ਜਾਣ ਤਾਂ ਜੋ ਇਸ ਨੈਟਵਰਕ ਨੂੰ ਤੋੜਿਆ ਜਾ ਸਕੇ।

## ਯਾਤਰੀ ਦੇ ਸਰੀਰ 'ਚੋਂ ਮਿਲੇ ਕੋਕੀਨ ਨਾਲ ਭਰੇ 63 ਕੈਪਸੂਲ, ਹਵਾਈ ਅੱਡੇ 'ਤੇ ਲੱਗੀਆਂ ਹੱਥਕੜੀਆਂ

ਨਵੀਂ ਦਿੱਲੀ 21 ਅਗਸਤ। ਦਿੱਲੀ ਕੌਮਾਂਤਰੀ ਹਵਾਈ ਅੱਡੇ 'ਤੇ ਤੰਜਾਨੀਆ ਦੇ ਇਕ ਸ਼ਖਸ ਨੂੰ ਗ੍ਰਿਫਤਾਰ ਕੀਤਾ ਗਿਆ ਹੈ, ਜੋ ਆਪਣੇ ਸਰੀਰ ਵਿਚ ਕੋਕੀਨ ਨਾਲ ਭਰੇ 63 ਕੈਪਸੂਲ ਲੁਕਾ ਕੇ ਲੈ ਜਾ ਰਿਹਾ ਸੀ। ਅਧਿਕਾਰੀਆਂ ਨੇ ਮੰਗਲਵਾਰ ਨੂੰ ਇਹ ਜਾਣਕਾਰੀ ਦਿੱਤੀ। ਸ਼ਖਸ ਨੂੰ ਤੰਜਾਨੀਆ ਤੋਂ ਅਦੀਸ ਅਬਾਬਾ ਅਤੇ ਦੋਹਾ ਹੁੰਦੇ ਹੋਏ ਦਿੱਲੀ ਪਹੁੰਚਣ 'ਤੇ ਫੜਿਆ ਗਿਆ। ਕਸਟਮ ਵਿਭਾਗ ਨੇ ਇਕ ਬਿਆਨ ਵਿਚ ਕਿਹਾ ਕਿ ਜਾਂਚ ਦੌਰਾਨ ਯਾਤਰੀ ਨੇ ਅਧਿਕਾਰੀਆਂ ਨੂੰ ਦੱਸਿਆ ਕਿ ਉਸ ਨੇ ਨਸ਼ੀਲੇ ਪਦਾਰਥ ਯੁਕਤ 63 ਕੈਪਸੂਲ ਨਿਗਲੇ ਹਨ। ਇਸ ਤੋਂ ਬਾਅਦ ਯਾਤਰੀ ਨੂੰ ਮੈਡੀਕਲ ਪ੍ਰਕਿਰਿਆ ਲਈ ਸਫਦਰਜੰਗ ਹਸਪਤਾਲ ਲਿਜਾਇਆ ਗਿਆ। ਇੱਥੇ ਹਸਪਤਾਲ ਦੇ ਡਾਕਟਰਾਂ ਨੇ ਉਸ ਦੇ ਸਰੀਰ ਵਿਚੋਂ 63 ਕੈਪਸੂਲ ਕੱਢੇ। ਜਦੋਂ ਇਨ੍ਹਾਂ ਕੈਪਸੂਲਾਂ ਨੂੰ ਕੱਟਿਆ ਗਿਆ ਤਾਂ ਉਨ੍ਹਾਂ ਵਿਚੋਂ 998 ਗ੍ਰਾਮ ਸਫੈਦ ਰੰਗ ਦਾ ਪਾਊਡਰ ਮਿਲਿਆ। ਜਾਂਚ ਵਿਚ ਵੇਖਿਆ ਗਿਆ ਕਿ ਉਹ ਕੋਕੀਨ ਹੈ। ਬਿਆਨ ਵਿਚ ਦੱਸਿਆ ਗਿਆ ਕਿ 998 ਗ੍ਰਾਮ ਕੋਕੀਨ ਦੀ ਅਨੁਮਾਨਤ ਕੀਮਤ 14.97 ਕਰੋੜ ਰੁਪਏ ਹੈ। ਯਾਤਰੀ ਨੂੰ ਗ੍ਰਿਫਤਾਰ ਕਰ ਲਿਆ ਗਿਆ ਹੈ ਅਤੇ ਨਸ਼ੀਲੇ ਪਦਾਰਥ ਨੂੰ ਜਬਤ ਕਰ ਲਿਆ ਗਿਆ ਹੈ।

# 49 ਲੱਖ ਦੀ ਚੋਰੀ ਦੇ ਮਾਮਲੇ 'ਚ ਘਰੇਲੂ ਸਹਾਇਕਾ ਹਰਿਆਣਾ ਤੋਂ ਗ੍ਰਿਫਤਾਰ

ਨਵੀਂ ਦਿੱਲੀ 21 ਅਗਸਤ। ਦੱਖਣ ਦਿੱਲੀ ਦੇ ਹੌਜਖਾਸ 'ਚ ਇਕ ਘਰੋਂ 49 ਲੱਖ ਰੁਪਏ ਦੇ ਚੋਰੀ ਦੇ ਮਾਮਲੇ 'ਚ 28 ਸਾਲਾ ਘਰੇਲੂ ਸਹਾਇਕਾ ਅਤੇ ਉਸ ਦੇ ਦੋਸਤ ਨੂੰ ਹਿਰਾਸਤ 'ਚ ਲਿਆ ਗਿਆ ਹੈ। ਪੁਲਸ ਨੇ ਬੁੱਧਵਾਰ ਨੂੰ ਇਹ ਜਾਣਕਾਰੀ ਦਿੱਤੀ। ਪੁਲਸ ਡਿਪਟੀ ਕਮਿਸ਼ਨਰ ਅੰਕਿਤ ਚੌਹਾਨ ਅਨੁਸਾਰ, ਚੋਰੀ 7 ਅਗਸਤ ਨੂੰ ਹੋਈ ਸੀ ਅਤੇ ਅਗਲੇ ਦਿਨ ਹੌਜਖਾਸ ਥਾਣੇ 'ਚ ਮਾਮਲਾ ਦਰਜ ਕੀਤਾ ਗਿਆ ਸੀ। ਜਾਂਚ ਦੇ ਅਧੀਨ ਪੁਲਸ ਘਰੇਲੂ ਸਹਾਇਕਾ ਤੋਂ ਪੁੱਛ-ਗਿੱਛ ਕਰਨਾ ਚਾਹੁੰਦੀ ਸੀ ਪਰ ਉਹ ਫਰਾਰ ਸੀ ਅਤੇ ਉਸ ਦਾ ਫੋਨ ਬੰਦ ਸੀ। ਪੁਲਸ ਨੇ ਸੁਰਾਗ ਜੁਟਾਉਣ ਲਈ ਘਰ ਦੇ ਨੇੜੇ-ਤੇੜੇ ਲੱਗੇ ਸੀ.ਸੀ.ਟੀ.ਵੀ. ਫੁਟੇ ਵੀ ਦੇਖੇ। ਚੌਹਾਨ ਨੇ ਕਿਹਾ,"ਮਹੱਤਵਪੂਰਨ ਸੁਰਾਗ ਹਾਸਲ ਕਰਨ ਲਈ ਅੰਤਰਰਾਜੀ ਮੁਖਬਿਰਾਂ ਕੋਲ ਘਰੇਲੂ ਸਹਾਇਕਾ ਦੀ ਤਸਵੀਰ ਭੇਜੀ ਗਈ। ਸ਼ੱਕੀ ਸਥਾਨਾਂ 'ਤੇ ਛਾਪੇ ਮਾਰੇ ਗਏ ਪਰ ਉਹ ਫਰਾਰ ਹੀ ਮਿਲੀ।" ਪੁਲਸ ਨੇ ਜਦੋਂ ਉਸ ਦੀ ਕਾਲ ਰਿਕਾਰਡ ਦੀ ਪੜਤਾਲ ਕੀਤੀ ਤਾਂ ਪਤਾ ਲੱਗਾ ਕਿ ਉਸ ਨੇ ਵਾਰ-ਵਾਰ ਮੁਬਾਰਿਕ ਨਾਮੀ ਵਿਅਕਤੀ ਨੂੰ ਫੋਨ ਕੀਤਾ ਸੀ। ਪੁਲਸ ਨੂੰ ਮੁਬਾਰਿਕ ਅਤੇ ਘਰੇਲੂ ਸਹਾਇਕਾ ਦੇ ਹਰਿਆਣਾ 'ਚ ਹੋਣ ਦਾ ਪਤਾ ਲੱਗਾ। ਪੁਲਸ



ਡਿਪਟੀ ਕਮਿਸ਼ਨਰ ਨੇ ਕਿਹਾ,"ਉਸ ਦੀ ਲੋਕੇਸ਼ਨ ਪਾਨੀਪਤ ਸੀ। ਟੀਮ ਨੇ ਪਾਨੀਪਤ 'ਚ ਛਾਪਾ ਮਾਰਿਆ। ਉਸ ਨੇ ਅਪਰਾਧ ਸਵੀਕਾਰ ਕਰ ਲਿਆ। ਟੀਮ ਨੇ ਉਸ ਕੋਲੋਂ ਚੋਰੀ ਹੋਈ ਨਕਦੀ ਬਰਾਮਦ ਕਰ ਲਈ ਹੈ।" ਜਾਂਚ ਦੌਰਾਨ ਔਰਤ ਨੇ ਦੱਸਿਆ ਕਿ ਉਹ ਆਪਣੇ ਪਤੀ ਦੀ ਮੌਤ ਦੇ ਬਾਅਦ ਤੋਂ ਸ਼ਾਹਪੁਰ ਜਟ 'ਚ ਕਿਰਾਏ ਦੇ ਮਕਾਨ 'ਚ 34 ਸਾਲਾ ਮੁਬਾਰਿਕ ਨਾਲ ਰਹਿ ਰਹੀ ਸੀ। ਔਰਤ ਨੇ ਕਿਹਾ ਕਿ ਉਹ ਬੀਤੇ ਇਕ ਸਾਲ ਤੋਂ ਸੰਬੰਧਤ ਘਰ 'ਚ ਰਸੋਈਏ ਵਜੋਂ ਕੰਮ ਕਰ ਰਹੀ ਸੀ।

## ਨਸ਼ੀਲੇ ਪਦਾਰਥਾਂ ਦੀ ਤਸਕਰੀ ਦੇ ਦੋਸ਼ 'ਚ ਮਹਿਲਾ ਮਾਡਲ, ਤਿੰਨ ਹੋਰ ਗ੍ਰਿਫਤਾਰ

ਮਲੱਪੁਰਮ 21 ਅਗਸਤ। ਕੇਰਲ ਦੇ ਮਲੱਪੁਰਮ ਜ਼ਿਲ੍ਹੇ 'ਚ ਨਸ਼ੀਲੇ ਪਦਾਰਥਾਂ ਦੀ ਤਸਕਰੀ ਦੇ ਦੋਸ਼ 'ਚ ਪੁਲਸ ਨੇ ਇਕ ਮਹਿਲਾ ਮਾਡਲ ਅਤੇ ਉਸ ਦੇ ਤਿੰਨ ਸਾਥੀਆਂ ਦੇ ਗਿਰੋਹ ਨੂੰ ਗ੍ਰਿਫਤਾਰ ਕੀਤਾ ਹੈ। ਪੁਲਸ ਨੇ ਬੁੱਧਵਾਰ ਨੂੰ ਇਹ ਜਾਣਕਾਰੀ ਦਿੱਤੀ। ਦੱਸਿਆ ਜਾਂਦਾ ਹੈ ਕਿ ਕੋਜ਼ੀਕੋਡ ਜ਼ਿਲ੍ਹੇ ਦੀ ਵਾਸੀ ਮਹਿਲਾ ਜਿਕਸੀ ਰਾਜ ਬੈਂਗਲੁਰੂ 'ਚ ਮਾਡਲ ਵਜੋਂ ਕੰਮ ਕਰਦੀ ਹੈ। ਪੁਲਸ ਅਧਿਕਾਰੀਆਂ ਅਨੁਸਾਰ, ਗੁਪਤ ਸੂਚਨਾ 'ਤੇ ਕਾਰਵਾਈ ਕਰਦੇ ਹੋਏ ਪੁਲਸ ਮੁਲਾਜਮਾਂ ਦੀ ਇਕ ਟੀਮ ਨੇ ਸੋਮਵਾਰ ਨੂੰ ਇੱਥੇ ਬੈਂਗਲੁਰੂ ਜਾ ਰਹੀ ਇਕ ਬੱਸ ਨੂੰ ਰੋਕਿਆ, ਜਿਸ 'ਚ ਦੋਸ਼ੀ ਮਹਿਲਾ ਯਾਤਰਾ ਕਰ ਰਹੀ ਸੀ। ਉਨ੍ਹਾਂ ਦੱਸਿਆ ਕਿ ਤਲਾਸ਼ੀ ਲੈਣ ਦੌਰਾਨ ਔਰਤ ਦੇ ਬੈਗ ਤੋਂ ਨਸ਼ੀਲੇ ਪਦਾਰਥ ਐੱਮ.ਡੀ.ਐੱਮ.ਏ. ਬਰਾਮਦ ਹੋਇਆ, ਜਿਸ ਦੇ ਬਾਅਦ ਉਸ ਨੂੰ ਹਿਰਾਸਤ 'ਚ ਲੈ ਲਿਆ ਗਿਆ। ਪੁਲਸ ਅਨੁਸਾਰ ਪੁੱਛ-ਗਿੱਛ ਦੌਰਾਨ ਔਰਤ ਨੇ ਸਵੀਕਾਰ ਕੀਤਾ ਕਿ ਉਹ ਨਸ਼ੀਲੇ ਪਦਾਰਥ ਮਲੱਪੁਰਮ 'ਚ ਇਕ ਵਿਅਕਤੀ ਨੂੰ ਦੇਣ ਲਈ ਜਾ ਰਹੀ ਸੀ। ਅਧਿਕਾਰੀਆਂ ਨੇ ਕਿਹਾ ਕਿ ਔਰਤ ਦੇ ਬਿਆਨ ਦੇ ਆਧਾਰ 'ਤੇ ਮੰਗਲਵਾਰ ਨੂੰ ਬੈਂਗਲੁਰੂ ਤੋਂ ਨਸ਼ੀਲੇ ਪਦਾਰਥ ਤਸਕਰ ਗਿਰੋਹ ਦੇ ਤਿੰਨ ਹੋਰ ਮੈਂਬਰਾਂ ਨੂੰ ਗ੍ਰਿਫਤਾਰ ਕਰ ਲਿਆ ਗਿਆ। ਪੁਲਸ ਨੇ ਦੱਸਿਆ ਕਿ ਸਾਰੇ ਦੋਸ਼ੀ ਕੇਰਲ ਦੇ ਵੱਖ-ਵੱਖ ਜ਼ਿਲ੍ਹਿਆਂ ਦੇ ਰਹਿਣ ਵਾਲੇ ਹਨ।

# 8ਵੀਂ ਜਮਾਤ ਦੇ ਵਿਦਿਆਰਥੀ ਨੂੰ ਪ੍ਰਿੰਸੀਪਲ ਸਣੇ ਤਿੰਨ ਟੀਚਰਾਂ ਨੇ ਕੁੱਟਿਆ

ਅਲਵਰ 21 ਅਗਸਤ। ਰਾਜਸਥਾਨ ਦੇ ਕੋਟਪੂਤਲੀ ਬਹਿਰੋੜ ਜ਼ਿਲ੍ਹੇ ਦੇ ਬਾਨਸੂਰ ਇਲਾਕੇ ਤੋਂ ਹੈਰਾਨ ਕਰਨ ਵਾਲਾ ਮਾਮਲਾ ਸਾਹਮਣੇ ਆਇਆ ਹੈ। ਇੱਥੇ ਸਕੂਲ ਟੀਚਰ ਨੇ 8ਵੀਂ ਜਮਾਤ 'ਚ ਪੜ੍ਹਨ ਵਾਲੇ ਵਿਦਿਆਰਥੀ ਨੂੰ ਬੇਰਹਿਮੀ ਨਾਲ ਕੁੱਟਿਆ। ਵਿਦਿਆਰਥੀ ਦੀ ਗਲਤੀ ਸਿਰਫ ਇੰਨੀ ਸੀ ਕਿ ਉਸ ਨੇ ਵਿਗਿਆਨ ਦਾ ਹੋਮਵਰਕ ਦੂਜੀ ਨੋਟਬੁੱਕ 'ਚ ਕਰ ਲਿਆ ਸੀ। ਇਸ 'ਤੇ ਤਿੰਨ ਅਧਿਆਪਕਾਂ ਨੇ ਮਿਲ ਕੇ ਵਿਦਿਆਰਥੀ ਨੂੰ ਬੇਰਹਿਮੀ ਨਾਲ ਕੁੱਟਿਆ। ਵਿਦਿਆਰਥੀ ਦੇ ਸਰੀਰ 'ਤੇ 10 ਜਗ੍ਹਾ ਸੱਟਾਂ ਦੇ ਨਿਸ਼ਾਨ ਮਿਲੇ ਹਨ। ਕੁੱਟਮਾਰ ਦੌਰਾਨ ਵਿਦਿਆਰਥੀ ਰੋਂਦਾ ਰਿਹਾ ਅਤੇ ਟੀਚਰਾਂ ਅੱਗੇ ਗਿੜਗਿੜਾਉਂਦਾ ਰਿਹਾ ਪਰ ਬੇਰਹਿਮ ਅਧਿਆਪਕ ਉਸ ਨੂੰ ਕੁੱਟਦੇ ਰਹੇ। ਬਾਨਸੂਰ ਦਾ ਰਹਿਣ ਵਾਲਾ ਗੌਰਵ ਅੰਗਰੇਜੀ ਮੀਡੀਅਮ ਦੇ ਇਕ ਨਿੱਜੀ ਸਕੂਲ 'ਚ 8ਵੀਂ ਜਮਾਤ ਦਾ ਵਿਦਿਆਰਥੀ ਹੈ। ਗੌਰਵ ਦੇ ਪਿਤਾ



ਮਹੇਂਦਰ ਸ਼ਰਮਾ ਨੇ ਦੱਸਿਆ ਕਿ ਉਸ ਦੇ ਬੇਟੇ ਦੀ ਵਿਗਿਆਨ ਬੁੱਕ ਗੁਆਚ ਗਈ ਸੀ। ਜਿਸ ਕਾਰਨ 2-3 ਦਿਨ ਦਾ ਹੋਮਵਰਕ ਪੈਂਡਿੰਗ ਹੋ ਗਿਆ ਸੀ। ਗੌਰਵ ਨੇ ਹੋਮਵਰਕ ਦੂਜੀ ਨੋਟਬੁੱਕ 'ਚ ਕਰ ਲਿਆ ਸੀ। ਜਦੋਂ ਸਕੂਲ ਟੀਚਰ ਨੂੰ ਇਹ ਪਤਾ ਲੱਗਾ ਤਾਂ ਉਨ੍ਹਾਂ ਨੇ ਗੌਰਵ ਦੀ ਕੁੱਟਮਾਰ ਕੀਤੀ। ਉਸ ਤੋਂ ਬਾਅਦ ਸਕੂਲ ਦੇ 2 ਹੋਰ ਅਧਿਆਪਕ ਉੱਥੇ ਮੌਜੂਦ ਸਨ ਅਤੇ ਉਨ੍ਹਾਂ ਨੇ ਵੀ ਗੌਰਵ ਨੂੰ ਕੁੱਟਿਆ। ਇੰਨਾ ਹੀ ਨਹੀਂ ਗੌਰਵ ਨੇ ਕਿਹਾ ਕਿ ਜਦੋਂ ਉਹ ਅਧਿਆਪਕਾਂ ਦੀ ਸ਼ਿਕਾਇਤ ਲੈ ਕੇ ਪ੍ਰਿੰਸੀਪਲ ਕੋਲ ਪਹੁੰਚਿਆ ਤਾਂ ਪ੍ਰਿੰਸੀਪਲ ਨੇ ਵੀ ਇਕ ਨਹੀਂ ਸੁਣੀ ਉਲਟਾ ਗੌਰਵ ਦੀ ਕੁੱਟਮਾਰ ਕਰ ਦਿੱਤੀ। ਦੱਸਿਆ ਜਾ ਰਿਹਾ ਹੈ ਕਿ ਕੁੱਟਮਾਰ ਦੌਰਾਨ ਗੌਰਵ ਜਮੀਨ 'ਤੇ ਡਿੱਗ ਗਿਆ ਅਤੇ ਉਸ ਤੋਂ ਬਾਅਦ ਵੀ ਟੀਚਰ ਉਸ ਨੂੰ ਲੱਤਾਂ ਨਾਲ ਕੁੱਟਦੇ ਰਹੇ। ਇਸ ਦੌਰਾਨ ਗੌਰਵ ਦੇ ਗੋਢੇ, ਹੱਥ, ਚਿਹਰੇ, ਗਰਦਨ ਅਤੇ ਪਿੱਠ 'ਤੇ ਸੱਟ ਲੱਗੀ। ਗੌਰਵ ਦੇ ਪਿਤਾ ਨੇ ਦੱਸਿਆ ਕਿ ਉਸ ਦੇ ਸਰੀਰ 'ਤੇ 10 ਜਗ੍ਹਾ ਸੱਟ ਦੇ ਨਿਸ਼ਾਨ ਹਨ। ਜਿਸ ਦੀ ਸ਼ਿਕਾਇਤ ਉਨ੍ਹਾਂ ਨੇ ਸਥਾਨਕ ਥਾਣੇ 'ਚ ਦਰਜ ਕਰਵਾਈ ਹੈ। ਪੁਲਸ ਨੇ ਮਾਮਲਾ ਦਰਜ ਕਰ ਕੇ ਜਾਂਚ ਸ਼ੁਰੂ ਕਰ ਦਿੱਤੀ ਹੈ। ਥਾਣਾ ਇੰਚਾਰਜ ਅਰੁਣ ਸਿੰਘ ਨੇ ਦੱਸਿਆ ਕਿ ਖੇਤਰ 'ਚ ਇਕ ਨਿੱਜੀ ਸਕੂਲਾਂ 'ਚ ਟੀਚਰ ਵਲੋਂ ਬੱਚਿਆਂ ਨਾਲ ਕੁੱਟਮਾਰ ਕਰਨ ਦਾ ਮਾਮਲਾ ਸਾਹਮਣੇ ਆਇਆ ਹੈ। ਪੁਲਸ ਮਾਮਲੇ ਦੀ ਜਾਂਚ 'ਚ ਜੁਟੀ ਹੈ ਅਤੇ ਇਸ ਸੰਬੰਧ 'ਚ ਸਕੂਲ ਦੇ ਸਟਾਫ ਤੋਂ ਪੁੱਛ-ਗਿੱਛ ਕੀਤੀ ਜਾ ਰਹੀ ਹੈ।

## ਦੁਕਾਨ 'ਚੋਂ ਚੋਰੀ ਕਰਨ ਵਾਲੇ ਅਣਪਛਾਤੇ ਵਿਅਕਤੀਆਂ 'ਤੇ ਪਰਚਾ ਦਰਜ

ਜਲਾਲਾਬਾਦ 21 ਅਗਸਤ। ਥਾਣਾ ਵੈਰੋਕੇ ਪੁਲਸ ਨੇ ਇੱਕ ਦੁਕਾਨ 'ਚੋਂਚੋਰੀ ਕਰਨ ਵਾਲੇ ਅਣਪਛਾਤੇ ਵਿਅਕਤੀਆਂ 'ਤੇ ਪਰਚਾ ਦਰਜ ਕੀਤਾ ਹੈ। ਜਾਂਚ ਅਧਿਕਾਰੀ ਚੰਦਰਸ਼ੇਖਰ ਨੇ ਦੱਸਿਆ ਕਿ ਉਨ੍ਹਾਂ ਨੂੰ ਦਿਲਬਾਗ ਸਿੰਘ ਪੁੱਤਰ ਅਵਤਾਰ ਸਿੰਘ ਵਾਸੀ ਲੱਧੂ ਵਾਲਾ ਉਤਾੜ ਨੇ ਸ਼ਿਕਾਇਤ ਦਰਜ ਕਰਵਾਈ ਸੀ ਕਿ ਉਸਨੇ ਕਿਸਾਨ ਗਰੋਸਰੀ ਸਟੋਰ ਦੇ ਨਾਂ ਨਾਲ ਪਿੰਡ ਲੱਧੂ ਵਾਲਾ ਉਤਾੜ 'ਤੇ ਦੁਕਾਨ ਪਾਈ ਹੋਈ ਸੀ। ਮਿਤੀ 10-08-24 ਨੂੰ ਰਾਤ




ਕਰੀਬ 9.15 ਵਜੇ ਉਹ ਦੁਕਾਨ ਬੰਦ ਕਰਕੇ ਘਰ ਚਲਾ ਗਿਆ। ਅੱਜ ਸਵੇਰੇ ਵਕਤ ਕਰੀਬ 6 ਵਜੇ ਆਪਣੀ ਦੁਕਾਨ 'ਤੇ ਆ ਕੇ ਦੇਖਿਆ ਤਾਂ ਦੁਕਾਨ ਦਾ ਦਰਵਾਜਾ ਟੁੱਟਿਆ ਹੋਇਆ ਸੀ ਅਤੇ ਸਾਰਾ ਸਮਾਨ ਖਿੱਲਰਿਆ ਹੋਇਆ ਸੀ ਅਤੇ ਦੁਕਾਨ 'ਚ ਪਿਆ ਬੈਟਰਾ, ਇਨਵੈਟਰ, ਐੱਲ .ਈ. ਡੀ. ਕੈਮਰਿਆਂ ਦੇ ਡੀ. ਵੀ. ਆਰ. ਵਾਈ-ਫਾਈ ਅਤੇ ਇਲੈਕਟ੍ਰਾਨਿਕ ਦਾ ਸਮਾਨ ਕਰੀਬ 45,000 ਰੁਪਏ ਅਤੇ ਕਰਿਆਨੇ ਦਾ ਸਮਾਨ ਕਰੀਬ ਇਕ ਲੱਖ ਰੁਪਏ ਸਮੇਤ ਕੁੱਲ ਇਕ ਲੱਖ 45,000 ਰੁਪਏ ਅਣਪਛਾਤੇ ਵਿਅਕਤੀਆਂ ਵਲੋਂ ਚੋਰੀ ਕਰ ਲਿਆ ਗਿਆ। ਪੁਲਸ ਨੇ ਅਣਪਛਾਤੇ ਵਿਅਕਤੀਆਂ 'ਤੇ ਧਾਰਾ 303(2) ਦੇ ਅਧੀਨ ਪਰਚਾ ਦਰਜ ਕਰ ਲਿਆ ਹੈ।

# ਕੇਂਦਰੀ ਜੇਲ੍ਹ ਅੰਦਰੋਂ ਬਰਾਮਦ ਹੋਏ ਮੋਬਾਈਲ ਫੋਨ ਅਤੇ ਸਿੰਮ

ਤਰਨਤਾਰਨ 21 ਅਗਸਤ। ਕੇਂਦਰੀ ਜੇਲ੍ਹ ਸ੍ਰੀ ਗੋਇੰਦਵਾਲ ਸਾਹਿਬ ਅੰਦਰੋਂ ਆਏ ਦਿਨ ਨਸ਼ੀਲੇ ਪਦਾਰਥ, ਮੋਬਾਈਲ ਫੋਨ ਅਤੇ ਹੋਰ ਸਾਮਾਨ ਬਰਾਮਦ ਹੋਣ ਦਾ ਸਿਲਸਿਲਾ ਲਗਾਤਾਰ ਜਾਰੀ ਹੈ, ਜੋ ਰੁਕਣ ਦਾ ਨਾਮ ਨਹੀਂ ਲੈ ਰਿਹਾ ਹੈ। ਇਸ ਦੀ ਇਕ ਹੋਰ ਤਾਜ਼ਾ



ਮਿਸਾਲ ਉਸ ਵੇਲੇ ਵੇਖਣ ਨੂੰ ਮਿਲੀ ਜਦੋਂ ਜੇਲ੍ਹ ਪ੍ਰਸ਼ਾਸਨ ਵੱਲੋਂ ਤਲਾਸ਼ੀ ਅਭਿਆਨ ਦੌਰਾਨ 2 ਮੋਬਾਇਲ ਸਮੇਤ 2 ਸਿੰਮ ਬਰਾਮਦ ਕੀਤੇ ਗਏ। ਇਸ ਸਬੰਧੀ ਪੁਲਸ ਨੇ 1 ਹਵਾਲਾਤੀ ਨੂੰ ਨਾਮਜ਼ਦ ਕਰਦੇ ਹੋਏ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਕੇਂਦਰੀ ਜੇਲ੍ਹ ਸ੍ਰੀ ਗੋਇੰਦਵਾਲ ਸਾਹਿਬ ਦੇ ਸਹਾਇਕ ਸੁਪਰਡੈਂਟ ਹਰੀਸ਼ ਕੁਮਾਰ ਵੱਲੋਂ ਚਲਾਏ ਗਏ ਤਲਾਸ਼ੀ ਅਭਿਆਨ ਦੌਰਾਨ ਹਵਾਲਾਤੀ ਜਤਿਨ ਸੇਠੀ ਪੁੱਤਰ ਸੰਦੀਪ ਸੇਠੀ ਵਾਸੀ ਜਲੰਧਰ ਦੀ ਜਿਸਮਾਨੀ ਤਲਾਸ਼ੀ ਦੌਰਾਨ ਉਸ ਦੇ ਪਜ਼ਾਮੇ ਦੇ ਨੇਫੇ ਵਿਚੋਂ 1 ਕੀਪੈਡ ਮੋਬਾਈਲ ਸਮੇਤ ਸਿਮ ਅਤੇ ਬਾਥਰੂਮ ਦੇ ਐਕਜਾਸਟ ਫੈਨ ਵਿਚੋਂ 1 ਕੀਪੈਡ ਮੋਬਾਈਲ ਸਮੇਤ ਸਿਮ ਲਾਵਾਰਸ ਬਰਾਮਦ ਹੋਇਆ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਏ.ਐੱਸ.ਆਈ ਰਣਜੀਤ ਸਿੰਘ ਨੇ ਦੱਸਿਆ ਕਿ ਪੁਲਸ ਵੱਲੋਂ ਸਹਾਇਕ ਸੁਪਰਡੈਂਟ ਦੇ ਬਿਆਨਾਂ ਹੇਠ ਉਕਤ ਹਵਾਲਾਤੀ ਖ਼ਿਲਾਫ ਮਾਮਲਾ ਦਰਜ ਕਰ ਅਗਲੇਰੀ ਜਾਂਚ ਸ਼ੁਰੂ ਕਰ ਦਿੱਤੀ ਹੈ।

# ਵਿਦੇਸੀ ਉਤਪਾਦ ਖਰੀਦਣ ਵਾਲਿਆਂ ਚ ਭਾਰਤੀ ਸਭ ਤੋਂ ਅੱਗੇ

ਨਵੀਂ ਦਿੱਲੀ 21 ਅਗਸਤ। ਵਿਦੇਸੀ ਉਤਪਾਦ ਖਰੀਦਣ ਵਿੱਚ ਭਾਰਤੀ ਗਾਹਕ ਸਭ ਤੋਂ ਅੱਗੇ ਹਨ। ਅਵਲਾਇ ਦੁਆਰਾ ਪ੍ਰਕਾਸ਼ਿਤ ਇੱਕ ਸਰਵੇਖਣ ਅਨੁਸਾਰ ਭਾਰਤ ਵਿੱਚ 67% ਲੋਕਾਂ ਨੇ ਵਿਦੇਸੀ ਚੀਜਾਂ ਖਰੀਦੀਆਂ ਹਨ, ਜਦੋਂ ਕਿ ਇਹ ਅੰਕੜਾ ਅਮਰੀਕਾ ਵਿੱਚ 37% ਅਤੇ ਬਰਤਾਨੀਆ ਵਿੱਚ 27% ਹੈ। ਰਿਪੋਰਟ ਮੁਤਾਬਕ 76% ਭਾਰਤੀ ਖਪਤਕਾਰਾਂ ਦਾ ਮੰਨਣਾ ਹੈ ਕਿ ਵਿਦੇਸੀ ਉਤਪਾਦ ਦੇਸੀ ਉਤਪਾਦਾਂ ਨਾਲੋਂ ਬਿਹਤਰ ਹਨ। 61% ਤੋਂ ਵੱਧ ਖਪਤਕਾਰ ਵਿਦੇਸੀ ਉਤਪਾਦਾਂ ਨੂੰ ਖਰੀਦਣ ਲਈ ਪ੍ਰਮੁੱਖ ਔਨਲਾਈਨ ਈ-ਕਾਮਰਸ ਪਲੇਟਫਾਰਮਾਂ ਦੀ ਵਰਤੋਂ ਕਰਦੇ ਹਨ। ਹਾਲਾਂਕਿ, ਸੋਸਲ ਮੀਡੀਆ ਪਲੇਟਫਾਰਮਾਂ 'ਤੇ ਸਿੱਧੀ ਖਰੀਦ ਦੇ ਵਿਕਲਪ ਉਪਲਬਧ ਹੋਣ ਦੇ ਬਾਵਜੂਦ, ਸਿਰਫ 4.8% ਉਪਭੋਗਤਾ ਸੋਸਲ ਮੀਡੀਆ ਦੁਆਰਾ ਖਰੀਦਦਾਰੀ ਕਰਦੇ ਹਨ। ਸਰਵੇਖਣ 'ਚ ਸਾਮਲ ਦੇਸਾਂ 'ਚ ਭਾਰਤ ਤੀਜੇ ਨੰਬਰ 'ਤੇ ਹੈ, ਜੋ ਈ-ਕਾਮਰਸ ਸਾਈਟਾਂ 'ਤੇ ਨਿਰਭਰ ਕਰਦਾ ਹੈ। ਇਸ ਸਰਵੇਖਣ ਵਿੱਚ ਭਾਰਤ, ਅਮਰੀਕਾ, ਬ੍ਰਿਟੇਨ ਅਤੇ ਹੋਰ ਦੇਸਾਂ ਦੇ ਕਰੀਬ 8200 ਉੱਤਰਦਾਤਾਵਾਂ ਤੋਂ ਪ੍ਰਾਪਤ ਅੰਕੜਿਆਂ ਦਾ ਅਧਿਐਨ ਕੀਤਾ ਗਿਆ। ਪਾਇਨੀਅਰ ਦੀ ਰਿਪੋਰਟ ਅਨੁਸਾਰ, ਭਾਰਤ ਸਰਕਾਰ ਦੀ ਮੇਕ ਇਨ ਇੰਡੀਆ ਮੁਹਿੰਮ ਨੇ



ਭਾਰਤੀ ਈ-ਕਾਮਰਸ ਮਾਰਕੀਟ ਵਿੱਚ ਮਹੱਤਵਪੂਰਨ ਵਾਧਾ ਕੀਤਾ ਹੈ। ਇਸ ਨੇ ਇਕ ਸਾਲ 'ਚ ਤੈਅ ਕੀਤੇ 40 ਹਜਾਰ ਕਰੋੜ ਡਾਲਰ ਦੇ ਟੀਚੇ ਨੂੰ ਪਾਰ ਕਰ ਲਿਆ ਹੈ। ਰਿਪੋਰਟ 'ਚ ਕਿਹਾ ਗਿਆ ਹੈ ਕਿ ਇਹ ਵਾਧਾ 'ਮੇਕ ਇਨ ਇੰਡੀਆ' ਪ੍ਰੋਗਰਾਮ ਅਤੇ ਵਿਸਵ ਪੱਧਰ 'ਤੇ ਗਾਹਕਾਂ ਦੀਆਂ ਵਧਦੀਆਂ ਮੰਗਾਂ ਕਾਰਨ ਹੋਇਆ ਹੈ। ਭਾਰਤ ਵਿੱਚ ਖਰੀਦੇ ਗਏ ਵਿਦੇਸੀ ਉਤਪਾਦਾਂ ਵਿੱਚੋਂ, ਅੰਤਰਰਾਸਟਰੀ ਫੈਸਨ ਉਤਪਾਦਾਂ ਦੀ ਸਭ ਤੋਂ ਵੱਧ ਮੰਗ ਹੈ। ਇਨ੍ਹਾਂ ਤੋਂ ਬਾਅਦ ਇਲੈਕਟ੍ਰਾਨਿਕ ਉਪਕਰਨਾਂ ਖਾਸ ਕਰਕੇ ਮੋਬਾਈਲ ਫੋਨ, ਟੈਬਲੇਟ, ਲੈਪਟਾਪ ਆਦਿ ਦੀ ਬਹੁਤ ਮੰਗ ਹੈ। ਖਾਸ ਗੱਲ ਇਹ ਹੈ ਕਿ 45% ਭਾਰਤੀ ਖਰੀਦਦਾਰ ਵਿਦੇਸੀ ਉਤਪਾਦਾਂ 'ਤੇ ਲਗਾਈ ਗਈ ਕਸਟਮ ਡਿਊਟੀ ਤੋਂ ਜਾਣੂ ਨਹੀਂ ਹਨ। ਇੱਕ ਤਿਹਾਈ ਭਾਰਤੀ ਵਿਕਰੇਤਾਵਾਂ ਦਾ ਮੰਨਣਾ ਹੈ ਕਿ ਭਾਰਤੀ ਉਤਪਾਦ ਵੇਚਣ ਵਿੱਚ ਮਾਰਕੀਟਿੰਗ ਉਨ੍ਹਾਂ ਦੀ ਸਭ ਤੋਂ ਵੱਡੀ ਕਮਜੋਰੀ ਹੈ। 42% ਵੇਚਣ ਵਾਲਿਆਂ ਦਾ ਮੰਨਣਾ ਹੈ ਕਿ ਵਿਸਵ ਪੱਧਰ 'ਤੇ 'ਮੇਕ ਇਨ ਇੰਡੀਆ' ਪ੍ਰੋਗਰਾਮ ਨੂੰ ਉਤਸਾਹਿਤ ਕਰਨ ਦੀ ਲੋੜ ਹੈ। 94% ਦਾ ਮੰਨਣਾ ਹੈ ਕਿ 'ਮੇਕ ਇਨ ਇੰਡੀਆ' ਉਤਪਾਦ ਵਿਸਵ ਪੱਧਰ 'ਤੇ ਚੰਗੀ ਤਰ੍ਹਾਂ ਮੁਕਾਬਲਾ ਕਰਦੇ ਹਨ। 70% ਦਾ ਮੰਨਣਾ ਹੈ ਕਿ ਭਾਰਤੀ ਨਿਰਮਿਤ ਉਤਪਾਦਾਂ ਦੀ ਚੰਗੀ ਗੁਣਵੱਤਾ ਅੰਤਰਰਾਸਟਰੀ ਬਾਜਾਰ ਵਿੱਚ ਉਹਨਾਂ ਦੀ ਮਦਦ ਕਰਦੀ ਹੈ।


**NAME CHANGE**

I, NO-17007475L Rank-NK Name-JITENDRA GANGWAR S/O LATE NIRANJAN LAL GANGWAR R/O WARD NO-11, MOHALLA GYASPUR, NEAR BANGALI BABA MANDIR, BILASPUR, PILIBHIT, UTTAR PRADESH-262201 have changed my minor son's name from DAKSH GANGWAR to YASH GANGWAR for all future purposes vide Affidavit Dated 05/09/2023 before Notary Public, Delhi.

**NAME CHANGE**

I, ANITA BANSAL W/O PAWAN BANSAL residing at B-504, MAYUR-DHWAJ APARTMENT, I.P EXTN. EAST DELHI-110092 have Change my name to ANITA RANI BANSAL for all future purpose.

**PUBLIC NOTICE**

I Jyoti pal W/O Sunil Kumar R/O WZ-125, Village Begumpur, North West Delhi , -110086.declare that name of mine has been wrongly written as Jyoti in my minor Daughter Yashika aged 14 years in her school cords and birth certificate no MCDOLR09368299 .The actual my name is Jyoti Pal.

**NAME CHANGE**

I, PUNNAM DEVI Wife of No-14913053K Rank-HAV Name-NARENDER SINGH R/O C-7, LAXMI GARDEN, NAJAFGARH, NEW DELHI-110043 have changed my name from PUNNAM DEVI to POONAM DEVI for all future purposes vide Affidavit Dated 30/09/2023 before Executive Magistrate, Delhi.

**NAME CHANGE**

I, NEETAS DEVI Wife of No-3204848W Rank-HAV Name-DHARMENDRA SINGH R/O VILL-BISHUNDAS, PO-MURSAN, DISTT-HATHRAS, U.P-204213 have changed my name from NEETAS DEVI to NITESH DEVI for all future purposes vide Affidavit Dated 30/09/2023 before Notary Public, Delhi.

**NAME CHANGE**

I, SANTOSH KUMAR S/O VISHVA NATH PRASAD residing at PLOT NO-58&59, FLAT NO-B-2, STREET NO-5, HAVENS GARDEN MATIALA, DELHI-110059 have changed my name to SANTOSH KUMAR GUPTA for all future purposes

**PUBLIC NOTICE**

Information is given to general public at large that our client M/s Aspire Buildwell through prop. Mr. Karan Dudeja S/o Mr. Satish Kumar Dudeja is the owner of Freehold Residential Plot area measuring 309.49 sq. mtrs., out of Khata No. 195, Khasra No. 233K (87 sq. mtrs.,), & Khasra No. 236 (222.5 sq. mtrs.,), & Plot area measuring 108.69 sq. mtrs., out of Khasra No. 232Kh, Situated at Village - Jalpura, Pargana & Tehsil Dadri, Distt. Gautam Budh Nagar, U.P: Vide Sale Deed dated 03/05/2023 duly registered in the office of SR Dadri, as Doc No. 15787, Book No. 01, Vol No. 23442, Page Nos. 309-330 & Sale Deed dated 03/05/2023 duly registered in the office of SR Dadri, as Doc No. 15786, Book No. 01, Vol No. 23442, Page Nos. 287-308, it is stated that Mr. Rakesh Chandra Aggarwal & Mr. Rakesh Baranwal had purchased above said property as HUF but further they have sold invaluably, now our client is declaring that any other person does not have any right over the said property, which is to be financed by ICICI Home Finance Co. Ltd. Branch: Laxmi Nagar, Delhi. If any person(s) have any objection(s) or claim(s) with respect to the right, title or interest in the Said Property then contact us within 07 days from the date of Publication of this notice and or the same to the undersigned if found by any one. Thereafter no claim shall be entertained

**[NAVEEN KUMAR VERMA]**
Advocate
F-211, Sector-3,
Vaishali, Ghaziabad,
Uttar Pradesh-201010
(Contact at 09958871432)

**PUBLIC NOTICE**

It is for general information that I, BALJEET SINGH S/o GURCHARAN SINGH R/o 12/32, Geeta Colony, East Delhi-110031 declare that name of mine, my wife and my minor daughter has been wrongly written as BALJEET SINGH CHUGH, GURPREET KAUR CHUGH, JASLEEN KAUR CHUGH in my minor daughter JASLEEN KAUR aged 16 years in her 10th class Educational Documents. The actual name of mine, my wife and my minor daughter are BALJEET SINGH, GURPREET KAUR and JASLEEN KAUR respectively, which may be amended accordingly.

**NAME CHANGE**

I, Kulsum w/o Rozuddin R/o B-17, Gali No.3A, Near Mohalla Dilshad Masjid, Old Mustafabad, Delhi-110094, have changed my name to Kulsoom for all future purposes.

**NAME CHANGE**

I Swaran Kaur Sawhney W/o Prith Pal Singh R/o 10C/80 SFS Flats Green View Appartment Mayapuri Road Hari Nagar West Delhi-110064 Have Changed My Name to Swaran Kaur for all purpose.

**NAME CHANGE**

I Tajinder Kaur W/o Jaspreet Singh Baweja R/o 52/43 Ramjas Road Karol Bagh Delhi -110005 Have Changed My Name To Tajinder Kaur Baweja For All Purpose.

**NAME CHANGE**

I Sarve Preet Kaur Kochhar W/o Manpreet Singh Kochhar R/o 10C/80 SFS Flats Green View Appartment Mayapuri Road Hari Nagar West Delhi-110064 Have Change My Given Name Sarvepreet kaur and Surname Kochhar for all purpose.

**NAME CHANGE**

I, ABDUL TAWWAB S/O Shri Abdul Rehman Resident of House No. C-16, Abhimanyu Gali, Near Babu Ram Chowk, Arjun Mohalla, Moujpur, Delhi-110053 have changed my name ABDUL TAUWAB to ABDUL TAWWAB for all future purposes.

**NAME CHANGE**

I, SIDDHARATH RANA S/O BHAGWAN RANA residing at H NO-1074, SIRASPUR, DELHI-110042 have changed my name to SIDDHARTH RANA for all future purpose.

**NAME CHANGE**

I Kapil Kumar Yadav S/o Dinesh Yadav R/o House No-523 P, Sector-14,Gurgaon,Haryana-122001, Have Changed My Name To Kapil Yadav For All Purpose

**NAME CHANGE**

I, Pradeep Kumar S/o Prem Chand R/o D-754/A, Gali No.1, Ashok Nagar, Shahdara, Delhi-110093 have changed the name of my minor son from Arjun to Arjun Vaidwan.

**NAME CHANGE**

I, Anupama D/o Pradeep Kumar R/o D-754/A, Gali No.1, Ashok Nagar, Shahdara, Delhi-110093 have changed my name to Anupama Chaudhary.

**NAME CHANGE**

I, VINOD KUMAR S/O UDAY SINGH residing at FLAT NO-G-3/8, NEAR DDA WATER TANK, SECTOR-4, ROHINI, DELHI-110085 have changed my name to VINOD KUMAR KUSHWAHA for all future purpose.

**NAME CHANGE**

I Manoj Ram S/o Ram Bilash Ram R/o Flat No-6, Tower-8,Hamelia Street,IRIS,Vatika City, Sector-49, Gurgaon, Haryana-122018, Have Changed My Name To Manoj Kumar For All Purpose

**NAME CHANGE**

I Taran Preet Singh Kochhar S/o Manpreet Singh Kochhar R/o 10C/80 SFS Flats Green View Appartment Mayapuri Road Hari Nagar West Delhi-110064 Have Change My Given Name Taranpreet Singh and Surname Kochhar for all purpose.

**NAME CHANGE**

I, SH AUTAR SINGH Father of JC-413677X Rank-SUB MAJ Name-BHAGAT SINGH presently residing at VILL-BILTIYA SUKOLI TALLI, PO-DHAUNTIYAL, DIST-PAURI GARHWAL, UTTARAKHAND-246155 have changed my name from SH AUTAR SINGH to AVTAR SINGH for all future purposes vide affidavit dated 12/03/2024 before Notary Public, Delhi.

**NAME CHANGE**

I, D BABU father of NO-14842224Y Rank HAV/MT Name-ANOOP B R/O AALAYAM, VILL –KEEZHTHON-NAKKAL, PO-POTHENCODE, DIST-TRIVANDRUM, KERALA-695584 have changed my name from D BABU to BABU D for all future purposes vide Affidavit Dated 12/03/2024 before Notary Public, Delhi.

**NAME CHANGE**

I Jaspreet Singh S/o Jagdeep Singh R/o 52/43 Ramjas Road Near Khalsa college Karol Bagh Delhi -110005 Have Changed My Name To Jaspreet Singh Baweja For All Purpose.

**NAME CHANGE**

I Sandeep Ved S/o Khushi Ram Ved R/o H.No-139/1,B-Block, Street No-3,Qutub Vihar Phase-2,Dwarka,Delhi-110071, Have Changed My Name To Sandeep Vaid For All Purpose

**NAME CHANGE**

I Rohini Bhatnagar W/o Amitabh Bhatnagar R/o M- 7075, Devinder Vihar, Gurgaon sector 56, Gurgaon Haryana-122011,Have Changed My Name To Rohini Dhanraj Bhatnagar For All Purpose

**NAME CHANGE**

I, Anil Balakrishna Panicker s/o Angakattil Narayan Balakrishna Panicker R/o A-6/334-A, Janta Flats, Paschim Vihar, Delhi-110063, have changed my name to Anil Bala Panicker permanently.

**NAME CHANGE**

I, Rekha W/O Prem Singh R/O B 278, South MOTI BAGH NEW DELHI 110021 have changed my name from Rekha to Rekha Rawat for all future purpose.

**PUBLIC NOTICE**

My client Narender Kumar Chauhan S/o Pooran Singh R/o H.No.376, Chauhan Mohalla, Madanpur Khadar, Sarita Vihar, Delhi-76, has severed all relations and disowned his son Harsh Chauhan and his wife Preeti Rani from his all movable-immovable properties due to their Vihar, Delhi-76, has severed all relations and disowned his disobedience. My client Shall not be responsible for their acts.

**ARJUN BIDHURI Advocate**
CH. NO.536, Saket Courts
New Delhi-110017.

**NAME CHANGE**

I, KRISHAN KANTA W/o IC-29820P (Late) Col SHIV KUMAR (Retd.) R/O H-104, VIVEK VIHAR, NEAR KENDRIYA VIHAR-2, SEC-82, NOIDA, SALARPUR, GAUTAM BUDDHA NAGAR, UTTAR PRADESH-201304 have changed my name from KRISHAN KANTA to KRISHAN KANTA RANDEV for all future purposes vide Affidavit Dated 12/03/2024 before Notary Public, Delhi.

**NAME CHANGE**

I, MEENA DEVI wife of JC-493248F Rank-NB/SUB Name-RAVINDER KUMAR R/O VPO-MURTHAL, TEH-SONIPAT, DISTT-SONIPAT, HARYANA-131027 have changed my name from MEENA DEVI to MEENA for all future purposes vide Affidavit Dated 11/03/2024 before Notary Public, Delhi.

**NAME CHANGE**

I, ANITA W/o NO- 2806617A HAV TANGADKAR SUBHASH SITARAM R/o VPO-GHARGAON, TEH-SANGAMNER, DISTT-AHMADNAGAR, MAHARASHTRA-422620, have changed my name from ANITA to ANITA SUBHASH TANGADKAR for all future purposes vide Affidavit dated 29/11/2022 before Notary Public Delhi.

**NAME CHANGE**

I, DATTATRAY NAGOJI PATIL father of NO-JC-379904X SUB MAJ PATIL MAHENDRA DATTATRAY R/O VILL-BONJURDI, PO-ADKUR, TEH-CHANDGAD, DISTT-KOLHAPUR, MH-416509, have changed my name from DATTATRAY NAGOJI PATIL to DATTA NAGOJI PATIL for all future purposes and in my son's service record my date of birth wrongly mentioned as 01/07/1953 instead of my correct date of birth as 17/01/1950 Vide Affidavit dated 29/11/2022 Before Notary Public, Delhi.

**PUBLIC NOTICE**

MY CLIENT NARENDER PAL AGARWAL, S/O, LATE SARDARI LAL AGARWAL AND NEETU AGARWAL W/O NARENDER PAL AGARWAL BOTH R/O H.NO. 49, NARELA ROAD, BAWANA, NEAR STATE BANK OF INDIA, NEW DELHI, PRESENTLY AT H.NO.122, WHITE HOUSE APARTMENT, SECTOR-13, ROHINI, NEW DELHI- 110085, HAVE DEBARRED THEIR SON NIKHIL AGARWAL AND HIS WIFE ANCHAL AGARWAL FROM THEIR ALL MOVABLE- IMMOVABLE PROPERTIES AND SHALL NOT HAVE ANY RIGHT, TITLE OR INTEREST IN MOVEABLE AND IMMOVABLE PROPERTIES AND SEVERED ALL THEIR RELATION DUE TO MISCONDUCT AND DISOBEDIENT. ANYBODY DEALING WITH THEM SHALL BEAR AT THEIR OWN COST, RISK & CONSEQUENCES

**PINKI LAMBA MANN**
ADVOCATE
OFF. A-205A, NORTH
EX.MALL, SECTOR-9,
ROHINI, NEW DELHI

*ਪੰਜਾਬ 'ਚ ਕਣਕ ਸਭ ਤੋਂ ਵਧ ਰਕਬੇ 'ਚ ਬੀਜੀ ਜਾਂਦੀ ਹੈ। ਦੂਜਾ ਸਥਾਨ ਝੋਨੇ ਦਾ, ਤੀਜਾ ਕਪਾਹ-ਨਰਮੇ ਦਾ ਹੈ। ਚੌਥਾ ਗੰਨੇ ਦਾ, ਪੰਜਵਾਂ ਮੱਕੀ ਤੇ ਛੇਵਾਂ ਬਾਜਰੇ ਦਾ ਹੈ। ਆਓ, ਕਣਕ ਬਾਰੇ ਬੁਨਿਆਦੀ ਜਾਣਕਾਰੀ ਪ੍ਰਾਪਤ ਕਰੀਏ...*



ਪੰਜਾਬ ਦੀਆਂ ਮੁੱਖ ਫ਼ਸਲਾਂ 1

# ਬੱਲੀਏ ਕਣਕ ਦੀਏ

• ਡਾ. ਰਣਜੀਤ ਸਿੰਘ

ਪੰਜਾਬ ਇਕ ਖੇਤੀ ਪ੍ਰਧਾਨ ਸੂਬਾ ਹੈ। ਇਥੋਂ ਦੇ ਲੋਕਾਂ ਦਾ ਮੁੱਖ ਕਿੱਤਾ ਖੇਤੀ ਹੈ। ਇਥੋਂ ਦੀ ਲਗਭਗ ਸਾਰੀ ਧਰਤੀ ਹੀ ਸੇਂਜੂ ਹੈ ਤੇ ਇਥੇ ਕੁਦਰਤ ਦੇ ਸਾਰੇ ਮੌਸਮਾਂ ਦਾ ਆਗਮਨ ਹੁੰਦਾ ਹੈ। ਪੰਜਾਬ ਦੀ ਸਾਰੀ ਧਰਤੀ ਦੋ ਫ਼ਸਲੀ ਹੈ, ਭਾਵ ਇਕ ਖੇਤ ਵਿੱਚੋਂ ਸਾਲ 'ਚ ਘੱਟੋ ਘੱਟ ਦੋ ਫ਼ਸਲਾਂ ਲਈਆਂ ਜਾਂਦੀਆਂ ਹਨ। ਇਸ ਫ਼ਸਲ ਚੱਕਰ ਨੂੰ ਦੋ ਖੇਤੀ ਮੌਸਮਾਂ ਵਿਚ ਵੰਡਿਆ ਗਿਆ ਹੈ-ਸਾਉਣੀ ਅਤੇ ਹਾੜੀ। ਹਾੜੀ ਦੀ ਬਿਜਾਈ ਅਕਤੂਬਰ-ਨਵੰਬਰ 'ਚ ਕੀਤੀ ਜਾਂਦੀ ਹੈ ਤੇ ਸਾਉਣੀ ਦੀਆਂ ਫ਼ਸਲਾਂ ਦੀ ਬਿਜਾਈ ਜੂਨ-ਜੁਲਾਈ 'ਚ ਕੀਤੀ ਜਾਂਦੀ ਹੈ। ਕਾਸ਼ਤ ਹੇਠ ਰਕਬੇ ਦੇ ਹਿਸਾਬ ਨਾਲ ਪੰਜਾਬ ਵਿਚ ਕਣਕ ਸਭ ਤੋਂ ਵੱਧ ਰਕਬੇ ਵਿਚ ਬੀਜੀ ਜਾਂਦੀ ਹੈ

ਕਣਕ ਪੰਜਾਬ ਦੀ ਮੁੱਖ ਫ਼ਸਲ ਹੈ। ਪੰਜਾਬ ਵਿਚ ਕਣਕ ਹੇਠ ਲਗਪਗ 35 ਲੱਖ ਹੈਕਟਰ ਰਕਬਾ ਹੈ। ਪੰਜਾਬ ਵਿਚ 1950-51 ਦੌਰਾਨ ਸਿਰਫ਼ 10 ਲੱਖ ਟਨ ਕਣਕ ਪੈਦਾ ਹੁੰਦੀ ਸੀ, ਜੋ ਪਿਛਲੇ ਸਾਲ 51 ਲੱਖ ਟਨ ਪੈਦਾ ਹੋਈ ਸੀ। ਦੇਸ਼ ਵਿਚ ਅਨਾਜ ਦੀ ਥੁੜ੍ਹ ਨੂੰ ਵੇਖਦਿਆਂ ਇਸ ਉੱਤੇ ਖੋਜ ਕਾਰਜ ਸ਼ੁਰੂ ਕੀਤੇ ਗਏ। ਸਭ ਤੋਂ ਪਹਿਲੀ ਸੁਧਰੀ ਕਿਸਮ ਸੀ-591 ਸੀ, ਜਿਹੜੀ ਚੌਧਰੀ ਰਾਮ ਧੰਨ ਸਿੰਘ ਨੇ ਵਿਕਸਤ ਕੀਤੀ ਸੀ। ਇਸ ਨੂੰ ਲੋਕਾਂ ਵੱਲੋਂ ਬਹੁਤ ਪਸੰਦ ਕੀਤਾ ਗਿਆ ਤੇ ਇਸ ਨੂੰ ਫਾਰਮੀ ਕਣਕ ਵੀ ਆਖਿਆ ਜਾਣ ਲੱਗਾ। ਕਣਕ ਦੀ ਪੈਦਾਵਾਰ 'ਚ ਚਮਤਕਾਰੀ ਵਾਧਾ ਉਦੋਂ ਹੋਇਆ, ਜਦੋਂ ਮੈਕਸੀਕੋ ਸਥਿਤ ਅੰਤਰਰਾਸ਼ਟਰੀ ਖੋਜ ਕੇਂਦਰ ਵਿਖੇ ਵੱਧ ਝਾੜ ਦੇਣ ਵਾਲੀਆਂ ਮਧਰੀਆਂ ਕਿਸਮਾਂ ਵਿਕਸਤ ਕੀਤੀਆਂ ਗਈਆਂ। ਇਕ ਦਹਾਕੇ ਵਿਚ ਹੀ ਕਣਕ ਦੀ ਪੈਦਾਵਾਰ ਦੁੱਗਣੀ ਤੋਂ ਵਧ ਗਈ ਤੇ ਇਸ ਨੂੰ 'ਹਰੇ ਇਨਕਲਾਬ' ਦਾ ਨਾਂ ਦਿੱਤਾ ਗਿਆ। ਪਹਿਲੀਆਂ ਕਿਸਮਾਂ ਦੇ ਦਾਣੇ ਲਾਲ ਤੇ ਆਕਾਰ ਛੋਟਾ ਸੀ, ਜਿਸ ਨੂੰ ਬਹੁਤਾ ਪਸੰਦ ਨਹੀਂ ਕੀਤਾ ਗਿਆ। ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਦੇ ਵਿਗਿਆਨੀ ਡਾ. ਦਿਲਬਾਗ ਸਿੰਘ ਅਟਵਾਲ ਨੇ ਇਸ ਵਿਚ ਸੁਧਾਰ ਕਰ ਕੇ 'ਕਲਿਆਣ ਸੋਨਾ' ਨਾਂ ਦੀ ਕਿਸਮ ਵਿਕਸਤ ਕੀਤੀ, ਜਿਸ ਨੂੰ ਕਿਸਾਨਾਂ ਨੇ ਤੇਜ਼ੀ ਨਾਲ ਅਪਣਾਇਆ। ਜਦੋਂ ਇਹ ਕਿਸਮ ਕਮਜ਼ੋਰ ਪੈਣ ਲਗੀ ਤਾਂ ਡਾ. ਖੇਮ ਸਿੰਘ ਗਿੱਲ ਨੇ ਇਕ ਨਵੀਂ ਕਿਸਮ ਪੀਬੀਡਬਲਿਊ 711 ਵਿਕਸਤ ਕੀਤੀ। ਇਸ ਦੀ ਕਾਸ਼ਤ ਕੇਵਲ ਭਾਰਤ 'ਚ ਹੀ ਨਹੀਂ ਸਗੋਂ ਗੁਆਂਢੀ ਦੇਸ਼ਾਂ ਵਿਚ ਵੀ ਕੀਤੀ ਗਈ। ਖੇਤੀ ਖੋਜ ਨੂੰ ਉਤਸ਼ਾਹਿਤ ਕਰਨ ਲਈ ਉਦੋਂ ਦੇ ਵਾਈਸ ਚਾਂਸਲਰ ਡਾ. ਮਹਿੰਦਰ ਸਿੰਘ ਰੰਧਾਵਾ ਨੂੰ ਸਰਕਾਰ ਵੱਲੋਂ 'ਪਦਮ ਭੂਸ਼ਣ' ਨਾਲ ਸਨਮਾਨਿਆ ਗਿਆ। ਇਸ ਖੋਜ ਨੂੰ ਕਿਸਾਨਾਂ ਤਕ ਪਹੁੰਚਾਉਣ ਲਈ ਉਦੋਂ ਦੇ ਡਾਇਰੈਕਟਰ ਪਸਾਰ ਸਿੱਖਿਆ ਡਾ. ਕੇ ਕ੍ਰਿਪਾਲ ਸਿੰਘ ਨੂੰ 'ਪਦਮਸ੍ਰੀ' ਨਾਮ ਸਨਮਾਨਿਤ ਕੀਤਾ ਗਿਆ। ਕਣਕ ਦੀ ਉਪਜ ਨੂੰ ਅਗਲਾ ਮੋੜ ਡਾ. ਗੋਵਿੰਦਰ ਸਿੰਘ ਨੰਦਾ ਵੱਲੋਂ ਵਿਕਸਤ ਕੀਤੀ ਕਿਸਮ ਪੀਬੀਡਬਲਿਊ 343 ਨੇ ਦਿੱਤਾ। ਉਸ ਪਿੱਛੋਂ ਕੁਝ ਸਮੇਂ ਲਈ ਖੋਜ ਵਿਚ ਢਿੱਲ ਆਈ ਤੇ ਕਿਸਾਨਾਂ ਨੇ ਗੈਰ-ਪ੍ਰਮਾਣਿਤ ਕਿਸਮਾਂ ਦੀ ਬਿਜਾਈ ਸ਼ੁਰੂ ਕਰ ਦਿੱਤੀ। ਇਸ ਨਾਲ ਉਨ੍ਹਾਂ ਨੂੰ ਨੁਕਸਾਨ ਵੀ ਝੱਲਣਾ ਪਿਆ। ਪਿਛਲੇ ਵਰ੍ਹੇ ਕਣਕ ਦੀਆਂ ਨਵੀਆਂ ਕਿਸਮਾਂ ਪੀਬੀਡਬਲਿਈ 677 ਤੇ ਪੀਬੀਡਬਲਿਊ 725 ਦਿੱਤੀਆਂ ਗਈਆਂ ਹਨ।

ਯੂਨੀਵਰਸਿਟੀ ਦੇ ਵਾਈਸ ਚਾਂਸਲਰ ਡਾ. ਬਲਦੇਵ ਸਿੰਘ ਢਿੱਲੋਂ ਦੇ ਯਤਨਾਂ ਸਦਕਾ ਕਿਸਾਨ ਹੁਣ ਪ੍ਰਮਾਣਿਤ ਕਿਸਮਾਂ ਦੀ ਕਾਸ਼ਤ ਵੱਲ ਮੁੜੇ ਹਨ। ਪਿਛਲੇ ਚਾਰ ਦਹਾਕਿਆਂ ਤੋਂ ਪੰਜਾਬ ਦੇਸ਼ ਦੇ ਅੰਨ ਭੰਡਾਰ ਵਿਚ ਕਣਕ ਦਾ 60 ਫ਼ੀਸਦੀ ਹਿੱਸਾ ਪਾ ਰਿਹਾ ਹੈ ਤੇ ਦੇਸ਼ ਦਾ ਅੰਨਦਾਤਾ ਕਹਾਉਂਦਾ ਹੈ। ਇਸ ਲਈ ਭਾਵੇਂ ਪੰਜਾਬ ਨੂੰ ਆਪਣੇ ਪਾਣੀ ਤੇ ਧਰਤੀ ਦੀ ਕੁਰਬਾਨੀ ਦੇਣੀ ਪਈ ਹੈ। ਕਿਸਾਨ ਵਿਸਾਖ ਮਹੀਨੇ ਦੇ ਪਹਿਲੇ ਦਿਨ ਨੂੰ ਵਿਸਾਖੀ ਦੇ ਨਾਂ ਹੇਠ ਤਿਉਹਾਰ ਦੇ ਰੂਪ 'ਚ ਮਨਾਉਂਦੇ ਹਨ ਤੇ ਆਪਣੀ ਫ਼ਸਲ ਨੂੰ ਦਾਤੀ ਲਗਾਉਂਦੇ ਹਨ। ਹੁਣ ਭਾਵੇਂ ਕਣਕ ਦੀ ਵਾਢੀ ਕੰਬਾਈਨ ਨਾਲ ਹੋਣ ਲੱਗ ਪਈ ਹੈ ਪਰ ਦਾਤੀ ਲਗਾਉਣ ਨੂੰ ਸ਼ੁੱਭ ਸ਼ਗਨ ਮੰਨਿਆ ਜਾਂਦਾ ਹੈ।ਇਸੇ ਲਈ ਵਿਸਾਖੀ ਨੂੰ ਸ਼ੁੱਭ ਤਿਉਹਾਰ ਮੰਨਿਆ ਜਾਂਦਾ ਹੈ। •

**ਮੋਬਾਈਲ** 94170-87328



# ਕਿਉਂ ਜ਼ਰੂਰੀ ਹੈ ਬੀਟੀ ਸਰ੍ਹੋਂ ਦਾ ਵਿਰੋਧ?

• ਡਾ. ਅਜੀਤ ਪਾਲ ਸਿੰਘ ਐੱਮਡੀ

ਦੇਸ਼ ਅੰਦਰ ਜਿਨਸੀ ਸੋਧ (ਜੈਨੇਟੀਕੀਲੀ ਮੋਡੀਫਾਈਡ) ਜ਼ਰੀਏ ਤਿਆਰ ਕੀਤੀ ਗਈ ਬੀਟੀ ਸਰ੍ਹੋਂ ਦੀ ਵਪਾਰਕ ਖੇਤੀ ਲਈ ਰਾਹ ਪੱਧਰਾ ਹੋ ਗਿਆ ਹੈ। ਦਿੱਲੀ ਦੇ ਇਕ ਅਦਾਰੇ ਵਲੋਂ ਜੈਨੇਟੀਕਲੀ ਮੋਡੀਫਾਈਡ ਬੀਟੀ ਸਰ੍ਹੋਂ ਦੀ ਵਪਾਰਕ ਪੈਦਾਵਾਰ ਖਾਤਰ ਅਰਜ਼ੀ ਨੂੰ ਜੀਈਏਸੀ (ਜੈਨੇਟਿਕ ਇੰਜਨੀਰਿੰਗ ਅਪ੍ਰੇਜ਼ਲ ਕਮੇਟੀ) ਵੱਲੋਂ 11 ਮਈ ਨੂੰ ਮੰਜ਼ੂਰੀ ਦੇ ਦਿੱਤੀ ਗਈ ਹੈ। ਜੀਈਏਸੀ ਜੈਵ ਤਕਨੀਕ ਸਬੰਧੀ ਅਤੇ ਜੈਵ ਪ੍ਰੀਵਰਤਿਤ ਜੀਵਾਂ ਸਬੰਧੀ ਦੇਸ਼ ਦੀ ਸਭ ਤੋਂ ਵੱਡੀ ਰੈਗੂਲੇਟਰੀ ਸੰਸਥਾ ਹੈ। ਇਹ ਸੰਸਥਾ ਦੇਸ਼ ਵਿਚ ਵਾਤਾਵਰਨ ਮੰਤਰਾਲੇ ਅਦੀਨ ਕੰਮ ਕਰਦੀ ਹੈ।

## ਮਾਰੂ ਬਿਮਾਰੀਆਂ ਨੂੰ ਸੱਦਾ

ਇਨ੍ਹਾਂ ਫ਼ਸਲਾਂ ਦੇ ਪਸ਼ੂਆਂ ਅਤੇ ਹੋਰ ਜੀਵਾਂ ਉੱਪਰ ਕੀਤੇ ਗਏ ਤਜਰਬੇ ਤਸੱਲੀਬਖ਼ਸ਼ ਰਹਿਣੇ ਤਾਂ ਦੂਰ, ਬਲਕਿ ਗੰਭੀਰ ਰੂਪ 'ਚ ਹਾਨੀਕਾਰਕ ਸਿੱਧ ਹੋਏ ਹਨ। ਇਨ੍ਹਾਂ ਫ਼ਸਲਾਂ ਦੇ ਚੂਹਿਆਂ ਉੱਪਰ ਕੀਤੇ ਗਏ ਤਜ਼ਰਬਿਆਂ ਵਿਚ ਗੁਰਦੇ, ਜਿਗਰ ਦੇ ਖ਼ਰਾਬ ਹੋਣ ਕਰਕੇ ਹਾਰਮੋਨ ਸੰਤੁਲਨ ਵਿਗੜਨ ਤੇ ਟਿਊਮਰ ਕੈਂਸਰ ਵਰਗੀਆਂ ਬਿਮਾਰੀਆਂ ਪ੍ਰਗਟ ਹੋਈਆਂ ਹਨ। ਸੂਰਾਂ ਵਿਚ ਬੱਚੇਦਾਨੀ ਦਾ ਵਾਧਾ ਦਰਜ ਕੀਤਾ ਗਿਆ ਹੈ। ਇਨ੍ਹਾਂ ਫ਼ਸਲਾਂ ਦੇ ਨਾਲ ਰਸਾਇਣਾਂ ਕਰਕੇ ਕੈਂਸਰ ਤੇ ਅਲਜ਼ਾਈਮਰ ਵਰਗੀਆਂ ਮਾਰੂ ਬਿਮਾਰੀਆਂ 'ਚ ਵਾਧਾ ਹੋਇਆ ਹੈ।

ਭਾਰਤ ਵਿਚ ਬੀਟੀ ਸਰ੍ਹੋਂ ਸਮੇਤ ਜੈਵ ਪ੍ਰੀਵਰਤਿਤ (ਜੀਐੱਮ) ਫ਼ਸਲਾਂ ਵਿਰੁੱਧ ਜੋ ਘੋਲ ਚੱਲ ਰਿਹਾ ਹੈ, ਉਸ ਵਿਚ ਨਾ ਸਿਰਫ ਸਰਗਰਮ ਸਮਾਜਕ ਕਾਰਕੁੰਨ ਸ਼ਾਮਲ ਹਨ ਬਲਕਿ ਵੱਡੀ ਪੱਧਰ 'ਤੇ ਵਿਗਿਆਨੀ ਅਤੇ ਬੁੱਧੀਜੀਵੀ ਵੀ ਸ਼ਾਮਲ ਹਨ। ਇਥੋਂ ਤਕ ਕਿ ਜੈਵ ਪ੍ਰੀਵਰਤਿਤ ਖੇਤ ਦਾ ਰਾਹ ਪੱਧਰਾ ਕਰਨ ਵਾਲੀ ਭਾਜਪਾ ਸਰਕਾਰ ਦੇ ਕੁਝ ਸਹਿਯੋਗੀ ਸੰਗਠਨ ਵੀ ਇਸਦਾ ਵਿਰੋਧ ਕਰ ਰਹੇ ਹਨ। ਸੰਘ ਪਰਿਵਾਰ ਦਾ ਇਹ ਦੋਗਲਾਪਨ ਕਾਰਪੋਰੇਟ ਹਿੱਤਾਂ ਅਤੇ ਲੋਕ ਭਾਵਨਾ ਦਰਮਿਆਨ ਆਪਣੀ ਬਾਜ਼ੀਗਰੀ ਨਾਲ ਲੋਕ-ਰੋਹ ਨੂੰ ਆਪਣੇ ਪਿੱਛੇ ਲਾਮਬੱਧ ਕਰ ਕੇ ਠੰਢਾ ਛਿੜਕਣ ਅਤੇ ਹੌਲੀ-ਹੌਲੀ ਬੇਅਸਰ ਕਰਨ ਲਈ ਹੀ ਹੈ।

## ਵਾਤਾਵਰਨ ਲਈ ਗੰਭੀਰ ਖ਼ਤਰੇ

ਬੀਟੀ ਕੌਟਨ ਅਤੇ ਬੀਟੀ ਸਰ੍ਹੋਂ ਵਰਗੀਆਂ ਜੈਵ ਪ੍ਰੀਵਰਤਿਤ (ਜੀਐੱਮ) ਫ਼ਸਲਾਂ ਬਾਰੇ ਦੇਸ਼ ਅੰਦਰ ਵੱਡੇ ਪੱਧਰ 'ਤੇ ਜ਼ੋਰਦਾਰ ਢੰਗ ਨਾਲ ਵਿਰੋਧ ਕੀਤਾ ਜਾ ਰਿਹਾ ਹੈ। ਇਸ ਵਿਰੋਧ ਦਾ ਮੁੱਖ ਕਾਰਨ ਜੈਵ ਪ੍ਰੀਵਰਤਿਤ (ਜੀਐੱਮ) ਫ਼ਸਲਾਂ ਦੇ ਮਨੁੱਖੀ ਸਿਹਤ ਉੱਪਰ ਪੈਣ ਵਾਲੇ ਮਾੜੇ ਅਸਰ ਹਨ। ਦੁਨੀਆਂ ਵਿਚ ਫਰਾਂਸ, ਜਰਮਨੀ, ਨੀਦਰਲੈਂਡ, ਗਰੀਸ ਸਮੇਤ ਯੂਰਪ ਦੇ 28 ਦੇਸ਼ਾਂ ਅਤੇ ਏਸ਼ੀਆ, ਅਫ਼ਰੀਕਾ ਤੇ ਲਾਤੀਨੀ ਅਮਰੀਕਾ ਸਮੇਤ ਦੁਨੀਆਂ ਦੇ 38 ਦੇਸ਼ਾਂ ਵਿਚ ਜੈਵ ਪ੍ਰੀਵਰਤਿਤ (ਜੀਐੱਮ) ਫ਼ਸਲਾਂ ਦੇ ਮਨੁੱਖ ਸਮੇਤ ਜੀਵਗਤ ਪਾਰਸਿਥਿਤਕ ਤਾਣੇ-ਬਾਣੇ (ਈਕੋ ਸਿਸਟਮ) ਸਮੇਤ ਵਾਤਾਵਰਨ 'ਤੇ ਪੈਣ ਵਾਲੇ ਗੰਭੀਰ ਅਸਰ ਰਹੇ ਹਨ।

## ਤਬਾਹੀ ਦਾ ਸੁਨਹਿਰੀ ਜਾਲ

ਭਾਰਤ ਵਿਚ ਬੀਟੀ ਕੌਟਨ ਕਾਰਨ ਕ੍ਰਿਸ਼ਨਾ-ਗੋਦਾਵਰੀ ਬੇਸਿਨ ਤੋਂ ਲੈ ਕੇ ਵਿਦਰਭ ਤਕ ਲੱਖਾਂ ਕਿਸਾਨਾਂ ਨੇ ਪਿਛਲੇ 2-3 ਦਹਾਕਿਆਂ ਦੌਰਾਨ ਆਤਮ ਹੱਤਿਆਵਾਂ ਕੀਤੀਆਂ ਹਨ। ਜੀਐੱਮ ਫ਼ਸਲਾਂ ਭਾਰਤ ਦੇ ਗ਼ਰੀਬ ਕਿਸਾਨਾਂ ਲਈ ਬ੍ਰਿਟਿਸ਼ ਕਾਲ ਵਿਚ 'ਨੀਲ ਦੀ ਖੇਤੀ' ਵਰਗੀ ਭਿਆਨਕ ਤ੍ਰਾਸਦੀ ਸਾਬਤ ਹੋਈ ਹੈ। ਜੀਐੱਮ ਖੇਤੀ ਤੋਂ ਫ਼ਾਇਦਾ ਸਿਰਫ਼ ਵੱਡੇ ਵਪਾਰੀਆਂ, ਵੱਡੇ ਕਿਸਾਨਾਂ ਤੇ ਬਹੁਕੌਮੀ ਨਿਗਮਾਂ ਨੂੰ ਹੋਣਾ ਹੈ। ਗ਼ਰੀਬ ਕਿਸਾਨਾਂ ਲਈ ਤਾਂ ਇਹ ਮੌਤ ਤੇ ਤਬਾਹੀ ਦਾ ਸੁਨਹਿਰੀ ਜਾਲ ਹੈ।

ਅੱਜ ਸਾਮਰਾਜੀ ਦੇਸ਼ਾਂ ਦੇ ਪੱਖੀ ਨਿਗਮਾਂ ਵੱਲੋਂ ਪੱਛੜੇ ਮੁਲਕਾਂ ਦੇ ਜੈਵਿਕ ਵਸੀਲਿਆਂ, ਫ਼ਸਲਾਂ ਤੇ ਬੀਜਾਂ ਨੂੰ ਆਪਣੇ ਏਜੰਡੇ ਤਹਿਤ ਕੰਟਰੋਲ ਕਰਨ, ਮੁਨਾਫ਼ਾ ਵੱਟਣ ਤੇ ਉਨ੍ਹਾਂ ਉੱਪਰ ਕਬਜ਼ਾ ਕਰਨ ਲਈ ਅਨੁਵਾਂਸ਼ਿਕ ਵਿਗਿਆਨ (ਜੈਨੇਟਿਕ ਸਾਇੰਸ) ਦੀ ਵਰਤੋਂ ਵੱਡੀ ਪੱਧਰ 'ਤੇ ਕੀਤੀ ਜਾ ਰਹੀ ਹੈ। ਇਸ ਘਟਨਾਕ੍ਰਮ ਨੂੰ 'ਜੈਵ ਸਾਮਰਾਜਵਾਦ' ਦਾ ਨਾਂ ਦਿੱਤਾ ਜਾ ਸਕਦਾ ਹੈ। ਅਜਿਹੇ ਵਿਚ ਆਪਣੇ ਦੇਸ਼ 'ਚ ਜੈਵ ਵਸੀਲਿਆਂ ਦੀ ਰਾਖੀ ਦੇ ਨਾਲ ਗ਼ਰੀਬ ਤੇ ਛੋਟੇ ਕਿਸਾਨਾਂ ਨੂੰ ਭਿਆਨਕ ਤਬਾਹੀ ਦਾ ਸਬੱਬ ਬਣਨ ਵਾਲੀ ਜੀਐੱਮ ਖੇਤੀ ਦਾ ਵਿਰੋਧ ਕਰਨ ਬੇਹੱਦ ਜ਼ਰੂਰੀ ਹੈ। •

**ਮੋਬਾਈਲ** 98156-29301

### ਜੀਐੱਮ ਸਰ੍ਹੋਂ ਨੂੰ ਮੰਜ਼ੂਰੀ ਆਖ਼ਰੀ ਪੜਾਅ 'ਤੇ

*ਬੀਟੀ ਸਰ੍ਹੋਂ ਦੀ ਇਸ ਜੈਵ ਪ੍ਰੀਵਰਤਿਤ (ਜੀਐੱਮ) ਪ੍ਰਜਾਤੀ ਦਾ ਨਾਂ ਡੀਐੱਮਐੱਚ-11 ਹੈ। ਇਸ ਦਾ ਵਿਕਾਸ ਦਿੱਲੀ ਯੂਨੀਵਰਸਿਟੀ ਅਧੀਨ ਆਉਣ ਵਾਲੇ 'ਸੈਂਟਰ ਫਾਰ ਜੈਨੇਟਿਕ ਮੈਨੀਪੁਲੇਸ਼ਨ ਆਫ ਕਰੌਪ ਪਲਾਂਟ' ਨੇ ਕੀਤਾ ਹੈ। ਬੀਟੀ ਸਰ੍ਹੋਂ ਨੂੰ ਵਪਾਰਕ ਪੈਦਾਵਾਰ ਲਈ ਆਖ਼ਰੀ ਮੰਜ਼ੂਰੀ ਵਾਤਾਵਰਨ ਤੋਂ ਮਿਲਣੀ ਹੈ ਅਤੇ ਇਸ ਸਬੰਧੀ ਜੀਈਏਸੀ ਦੀਆਂ ਸਿਫਾਰਸ਼ਾਂ ਵਾਤਾਵਰਣ ਮੰਤਰੀ ਅਨਿਲ ਮਾਧਵ ਦਵੇ ਕੋਲ ਪਹੁੰਚ ਚੁਕੀਆਂ ਹਨ। ਇਸ ਤਰ੍ਹਾਂ ਬੀਟੀ ਸਰ੍ਹੋਂ ਪੈਦਾਵਾਰ ਦੀ ਮੰਜ਼ੂਰੀ ਦੇ ਆਖ਼ਰੀ ਪੜਾਅ ਵਿਚ ਹੈ ਅਤੇ ਇਹ ਪ੍ਰਕਿਰਿਆ ਉਸ ਪੜਾਅ 'ਤੇ ਪਹੁੰਚ ਗਈ ਹੈ ਜਿੱਥੇ 7 ਸਾਲ ਪਹਿਲਾਂ ਬੀਟੀ ਬੈਂਗਣ ਸੀ। ਬੀਟੀ ਬੈਂਗਣ ਨੂੰ ਮੰਜ਼ੂਰੀ ਦੇ ਆਖ਼ਰੀ ਪੜਾਅ 'ਚ ਉਸ ਵੇਲੇ ਦੇ ਵਾਤਾਵਰਨ ਮੰਤਰੀ ਰਮੇਸ਼ ਵਲੋਂ ਖ਼ਾਰਜ ਕਰ ਦਿੱਤਾ ਗਿਆ ਸੀ ਪਰ ਬੀਟੀ ਸਰ੍ਹੋਂ ਦੇ ਮਾਮਲੇ 'ਚ ਰਸਤਾ ਪੱਧਰਾ ਮੰਨਿਆ ਜਾ ਰਿਹਾ ਹੈ ਕਿਉਂਕਿ ਭਾਜਪਾ ਸਰਕਾਰ ਇਸ ਨੂੰ ਮੰਜ਼ੂਰੀ ਦੇਣ ਦੇ ਮੂਡ ਵਿਚ ਵਿਖਾਈ ਦੇ ਰਹੀ ਹੈ।*





### ਖੇਤੀ ਖੇਤਰ ਦੀ ਬੇਕਿਰਕ ਲੁੱਟ

*ਸਿਹਤ ਕਾਰਨਾਂ ਤੋਂ ਵੀ ਵੱਧ ਬੀਟੀ ਬੈਂਗਣ, ਬੀਟੀ, ਕੌਟਨ ਤੇ ਬੀਟੀ ਸਰ੍ਹੋਂ ਸਮੇਤ ਜੈਵ ਪ੍ਰੀਵਰਤਿਤ (ਜੀਐੱਮ) ਖੇਤੀ ਦੀ ਬੁਨਿਆਦ ਵਿਚ ਮੁੱਖ ਮਕਸਦ ਦੇਸੀ-ਵਿਦੇਸ਼ੀ ਪੂੰਜੀ ਵੱਲੋਂ ਖੇਤੀ ਖੇਤਰ ਦੀ ਬੇਕਿਰਕ ਲੁੱਟ ਲਈ ਰਾਹ ਖੋਲ੍ਹਣਾ ਹੈ। ਇਹ ਫ਼ਸਲਾਂ ਵੱਧ ਲਾਗਤ ਮੁੱਲ ਦੀ ਮੰਗ ਕਰਦੀਆਂ ਹਨ। ਵੱਧ ਪੈਦਾਵਾਰ ਦੇ ਲਾਲਚ ਵਿਚ ਕਿਸਾਨ ਇਨ੍ਹਾਂ ਫ਼ਸਲਾਂ ਦੇ ਬੀਜਾਂ ਦੇ ਚੱਕਰ 'ਚ ਪਏ ਰਹਿੰਦੇ ਹਨ। ਇਸ ਨਾਲ ਇਨ੍ਹਾਂ 'ਤੇ ਲਗਣ ਵਾਲੇ ਕੀੜਿਆਂ ਤੇ ਨਾਲ ਹੀ ਪੈਦਾ ਹੋਣ ਵਾਲੇ ਨਦੀਨਾਂ ਨੂੰ ਨਸ਼ਟ ਕਰਨ ਲਈ ਗ਼ਰੀਬ ਕਿਸਾਨਾਂ ਨੂੰ ਬਹੁਕੌਮੀ ਕੰਪਨੀਆਂ ਦੇ ਮਹਿੰਗੇ ਕੀਟ ਨਾਸ਼ਕ ਤੇ ਨਦੀਨ ਨਾਸ਼ਕ ਲੈਣੇ ਪੈਂਦੇ ਹਨ। ਇਸ ਨਾਲ ਇਨ੍ਹਾਂ ਫ਼ਸਲਾਂ 'ਤੇ ਹੱਲਾ ਕਰਨ ਵਾਲੇ ਕੀੜਿਆਂ ਨੂੰ ਨਸ਼ਟ ਕਰਨ ਲਈ ਆਉਂਦੇ ਖ਼ਰਚ ਕਰਨ ਫ਼ਸਲਾਂ ਦੀ ਲਾਗਤ ਲਗਾਤਾਰ ਵੱਧਦੀ ਜਾਂਦੀ ਹੈ। ਪਿੱਛੋਂ ਕਿਸਾਨਾਂ ਲਈ ਇਸ ਮਹਿੰਗੀ ਫ਼ਸਲ ਨੂੰ ਵੇਚਣਾ ਵੀ ਵੱਡੀ ਸਿਰਦਰਦੀ ਬਣ ਜਾਂਦਾ ਹੈ ਅਤੇ ਕਈ ਵਾਰ ਲਾਗਤ ਤੋਂ ਘੱਟ ਫ਼ਸਲਾਂ ਵੇਚਣ, ਕੀੜੇ ਲਗਣ ਅਤੇ ਫ਼ਸਲਾਂ ਖ਼ਰਾਬ ਹੋਣ ਕਰਕੇ ਗ਼ਰੀਬ ਕਿਸਾਨ ਕਰਜ਼ੇ ਵਿਚ ਡੁੱਬ ਕੇ ਨਿਰਾਸ਼ਾ ਵੱਸ ਖ਼ੁਦਕੁਸ਼ੀ ਲਈ ਮਜਬੂਰ ਹੁੰਦੇ ਹਨ।*



*ਗਾਜਰ ਬੂਟੀ ਬੇਹੱਦ ਘਾਤਕ ਨਦੀਨ ਹੈ। ਇਸ ਦੇ ਪਰਾਗ ਕਣ ਤੇ ਜ਼ਹਿਰੀਲਾ ਮਾਦਾ ਜਿੱਥੇ ਮਨੁੱਖੀ ਅਤੇ ਪਸ਼ੂਆਂ ਦੀ ਸਿਹਤ ਉੱਪਰ ਮਾੜਾ ਅਸਰ ਪਾਉਂਦਾ ਹੈ, ਉੱਥੇ ਇਹ ਨਦੀਨ ਦੂਸਰੀਆਂ ਫ਼ਸਲਾਂ ਦੀ ਪੈਦਾਵਾਰ ਵਿਚ ਵੀ ਵੱਡੀਆਂ ਅੜਚਣਾਂ ਖੜ੍ਹੀਆਂ ਕਰਦਾ ਹੈ...*



# ਗਾਜਰ ਬੂਟੀ ਖ਼ਤਰਨਾਕ ਨਦੀਨ ਦਾ ਕਿਵੇਂ ਕਰੀਏ ਖ਼ਾਤਮਾ

• ਡਾ. ਪ੍ਰਦੀਪ ਕੁਮਾਰ

ਪੰਜਾਬ ਦੇ ਵੱਖ-ਵੱਖ ਹਿੱਸਿਆਂ ਵਿਚ ਗਾਜਰ ਬੂਟੀ ਜਾਂ ਕਾਂਗਰਸ ਘਾਹ ਨਾਂ ਦੇ ਭੈੜੇ ਨਦੀਨ ਨੇ ਵਿਹਲੀਆਂ ਥਾਵਾਂ 'ਤੇ ਕਾਫੀ ਰਕਬਾ ਮੱਲ ਲਿਆ ਹੈ। ਕਾਂਗਰਸ ਘਾਹ ਦਾ ਤਕਨੀਕੀ ਨਾਂ ਪਾਰਥੀਨੀਅਮ ਹਿਸਟੈਰੋਫੋਰਸ ਹੈ। ਇਹ ਨਦੀਨ ਦੱਖਣੀ ਅਮਰੀਕਾ ਤੋਂ ਭਾਰਤ 'ਚ ਆਇਆ। ਇਹ ਸਭ ਤੋਂ ਪਹਿਲਾਂ ਮੈਕਸੀਕੋ ਤੋਂ ਆਉਣ ਵਾਲੀ ਕਣਕ ਨਾਲ ਮਿਲ ਕੇ ਸਾਡੇ ਦੇਸ਼ ਵਿਚ ਆਇਆ।

ਦੇਸ਼ ਵਿਚ ਇਹ ਸਭ ਤੋਂ ਪਹਿਲਾਂ ਪੂਨਾ (ਮਹਾਰਾਸ਼ਟਰ) ਵਿਖੇ ਵਿਹਲੀਆਂ ਥਾਵਾਂ 'ਤੇ ਪਾਇਆ ਗਿਆ। ਇਸ ਤੋਂ ਬਾਅਦ ਇਹ ਨਦੀਨ ਦੇਸ਼ ਦੇ ਵੱਖ-ਵੱਖ ਹਿੱਸਿਆਂ ਵਿਚ ਤੇਜ਼ੀ ਨਾਲ ਫੈਲਿਆ। ਅੱਜ ਕੱਲ੍ਹ ਇਹ ਨਦੀਨ ਭਾਰਤ ਦੇ ਪਹਾੜੀ ਇਲਾਕਿਆਂ ਨੂੰ ਛੱਡ ਕੇ ਸਾਰੇ ਸੂਬਿਆਂ ਵਿਚ ਪਾਇਆ ਜਾਂਦਾ ਹੈ ਅਤੇ ਮਨੁੱਖ ਤੇ ਪਸ਼ੂਆਂ ਦੀ ਸਿਹਤ ਲਈ ਗੰਭੀਰ ਖ਼ਤਰਾ ਬਣ ਗਿਆ ਹੈ।

## ਗਾਜਰ ਬੂਟੀ ਦੀ ਪਛਾਣ

ਗਾਜਰ ਬੂਟੀ ਇਕ ਲੰਬਾ, ਡੂੰਘੀਆਂ ਜੜ੍ਹਾਂ ਵਾਲਾ ਤੇ ਤੇਜ਼ੀ ਨਾਲ ਫ਼ੈਲਣ ਵਾਲਾ ਨਦੀਨ ਹੈ, ਜੋ ਫੁੱਲਾਂ ਵਾਲੀ ਅਵਸਥਾ ਵਿਚ ਇਕ ਮੀਟਰ ਤਕ ਉੱਚਾ ਹੋ ਜਾਂਦਾ ਹੈ। ਇਸ ਨੂੰ ਛੋਟੇ-ਛੋਟੇ ਚਿੱਟੇ ਰੰਗ ਦੇ ਫੁੱਲ ਲਗਦੇ ਹਨ, ਜੋ ਪੱਕਣ ਉਪਰੰਤ ਖੁੱਲ੍ਹ ਕੇ ਹਜ਼ਾਰਾਂ ਬੀਜਾਂ ਨੂੰ ਹਵਾ 'ਚ ਖਿਲਾਰ ਦਿੰਦੇ ਹਨ। ਇਹ ਬੀਜ ਹਵਾ ਦੇ ਵਹਾਅ ਨਾਲ ਵੱਡੇ ਰਕਬੇ 'ਚ ਫ਼ੈਲ ਜਾਂਦੇ ਹਨ। ਇਸ ਦੇ ਬੂਟੇ ਪ੍ਰਤੀ ਵਰਗ ਮੀਟਰ ਵਿਚ ਕਰੀਬ 1,54,000 ਬੀਜ ਪੈਦਾ ਕਰਦੇ ਹਨ, ਜਦਕਿ ਇਕ ਬੂਟਾ ਕਰੀਬ 15,000 ਤੋਂ 25,000 ਬੀਜ ਪੈਦਾ ਕਰਦਾ ਹੈ। ਇਹ ਬੀਜ ਵਜ਼ਨ ਵਿਚ ਹਲਕੇ ਹੁੰਦੇ ਹਨ, ਜੋ ਪਾਣੀ, ਹਵਾ ਜਾਂ ਕਿਸੇ ਵੀ ਹੋਰ ਹਲਚਲ ਨਾਲ ਅੱਗੇ ਫ਼ੈਲ ਜਾਂਦੇ ਹਨ। ਇਹ ਨਦੀਨ ਆਪਣੇ ਕੱਟੇ-ਵੱਢੇ ਹਿੱਸਿਆਂ ਤੋਂ ਵੀ ਅੱਗੇ ਫ਼ੈਲ ਜਾਂਦਾ ਹੈ। ਇਸ ਨੂੰ ਅਵਾਰਾ ਜਾਨਵਰ ਵੀ ਨਹੀਂ ਚਰਦੇ ਅਤੇ ਇਸ ਉੱਪਰ ਕੀੜਿਆਂ ਤੇ ਬਿਮਾਰੀਆਂ ਦਾ ਹਮਲਾ ਵੀ ਨਾਮਾਤਰ ਹੀ ਹੁੰਦਾ ਹੈ।

## ਗਾਜਰ ਬੂਟੀ ਦਾ ਫ਼ੈਲਾਅ

ਗਾਜਰ ਬੂਟੀ ਬਹੁਤ ਹੀ ਹਮਲਾਵਰ ਤੇ ਤਕੜਾ ਨਦੀਨ ਹੈ, ਜੋ ਸੜਕਾਂ, ਨਹਿਰਾਂ, ਰੇਲਵੇ ਪਟੜੀਆਂ ਦੇ ਨਾਲ-ਨਾਲ, ਸੂਏ-ਕੱਸੀਆਂ ਦੇ ਨਾਲ ਵਿਹਲੀਆਂ ਥਾਵਾਂ ਅਤੇ ਕਈ ਵਾਰੀ ਖੇਤਾਂ ਵਿਚ ਵੀ ਪਾਇਆ ਜਾਂਦਾ ਹੈ। ਕਾਂਗਰਸ ਘਾਹ ਜਿੱਥੇ ਵੀ ਉੱਗਦਾ ਹੈ ਉੱਥੇ ਕਿਸੇ ਹੋਰ ਬੂਟੇ ਨੂੰ ਨਹੀਂ ਉੱਗਣ ਦਿੰਦਾ ਕਿਉਂਕਿ ਇਸ ਦੀਆਂ ਜੜ੍ਹਾਂ ਵਿੱਚੋਂ ਮਿੱਟੀ 'ਚ ਇਕ ਖ਼ਤਰਨਾਕ ਰਸਾਇਣ ਦਾ ਰਿਸਾਅ ਹੁੰਦਾ ਹੈ, ਜੋ ਦੂਜੇ ਬੂਟਿਆਂ ਨੂੰ ਉੱਗਣ ਨਹੀਂ ਦਿੰਦਾ।

ਇਸ ਦਾ ਵਾਧਾ ਫਰਵਰੀ ਅਖ਼ੀਰ ਤੋਂ ਸ਼ੁਰੂ ਹੋ ਕੇ ਅਕਤੂਬਰ ਦੇ ਅੰਤ ਤਕ ਹੁੰਦਾ ਰਹਿੰਦਾ ਹੈ। ਸਭ ਤੋਂ ਤੇਜ਼ ਵਾਧਾ ਜੁਲਾਈ-ਅਗਸਤ ਵਿਚ ਹੁੰਦਾ ਹੈ। ਠੰਢ ਸ਼ੁਰੂ ਹੋਣ ਨਾਲ ਇਸ ਦਾ ਵਾਧਾ ਰੁਕ ਜਾਂਦਾ ਹੈ। •

**ਸੰਪਰਕ** 01822-232543

### ਨੁਕਸਾਨ

*ਇਸ ਨਦੀਨ ਦੇ ਮਨੁੱਖੀ ਅਤੇ ਪਸ਼ੂਆਂ ਦੀ ਸਿਹਤ 'ਤੇ ਬਹੁਤ ਮਾੜੇ ਪ੍ਰਭਾਵ ਪੈਂਦੇ ਹਨ। ਇਸ ਬੂਟੀ ਵਿਚ ਪਾਰਥੈਨਿਨ ਤੇ ਐਂਬਰੋਸਿਨ ਨਾਂ ਦੇ ਖ਼ਤਰਨਾਕ ਰਸਾਇਣ ਹੁੰਦੇ ਹਨ, ਇਸ ਲਈ ਇਸ ਦੇ ਪਰਾਗ ਕਣਾਂ ਦੇ ਸਾਹ ਰਾਹੀਂ ਫ਼ੇਫੜਿਆਂ ਵਿਚ ਜਾਣ ਨਾਲ ਇਨਸਾਨਾਂ ਵਿਚ ਸਾਹ ਨਲੀ ਦੀ ਸੋਜ਼ਿਸ਼, ਦਮਾਂ, ਜ਼ੁਕਾਮ, ਗਰਦਨ ਵਿਚ ਦਰਦ ਅਤੇ ਚਿੰਤਾ ਰੋਗ ਆਦਿ ਬਿਮਾਰੀਆਂ ਹੋ ਸਕਦੀਆਂ ਹਨ। ਇਸ ਨਦੀਨ ਦੇ ਲਗਾਤਾਰ ਸੰਪਰਕ ਵਿਚ ਆਉਣ ਨਾਲ ਚਮੜੀ ਸਬੰਧੀ ਗੰਭੀਰ ਰੋਗ ਹੋ ਸਕਦੇ ਹਨ। ਇਹ ਨਦੀਨ ਦੁਧਾਰੂ ਪਸ਼ੂਆਂ ਲਈ ਵੀ ਬਹੁਤ ਘਾਤਕ ਹੈ, ਜਿਸ ਦੇ ਮਾੜੇ ਅਸਰ ਨਾਲ ਦੁਧਾਰੂ ਪਸ਼ੂਆਂ ਨੂੰ ਚਮੜੀ ਦੀ ਖਾਰਿਸ਼, ਥਣਾਂ ਦੀ ਸੋਜ਼ ਤੇ ਵਾਲ ਝੜਨ ਵਰਗੀਆਂ ਬਿਮਾਰੀਆਂ ਹੋ ਜਾਂਦੀਆਂ ਹਨ। ਇਹ ਨਦੀਨ ਦਾਲਾਂ ਵਾਲੀਆਂ ਫ਼ਸਲਾਂ ਦੀ ਮਿੱਟੀ ਵਿਚ ਨਾਈਟਰੋਜਨ ਜਮ੍ਹਾਂ ਕਰਨ ਦੀ ਸ਼ਕਤੀ 'ਤੇ 60 ਫ਼ੀਸਦੀ ਤਕ ਮੰਦਾ ਅਸਰ ਪਾਉਂਦਾ ਹੈ। ਇਸ ਦੇ ਪਰਾਗ ਕਣ ਬੈਂਗਣ, ਟਮਾਟਰ, ਮਿਰਚਾਂ ਅਤੇ ਮੱਕੀ ਦਾ ਪਰ-ਪਰਾਗਣ ਘਟਾ ਦਿੰਦੇ ਹਨ। ਇਸ ਨਦੀਨ ਦੇ ਬੇਤਹਾਸ਼ਾ ਵਾਧੇ ਦੇ ਨਾਲ ਪਾਰਕਾਂ, ਬਾਗ਼ਾਂ ਤੇ ਰਿਹਾਇਸ਼ੀ ਕਲੋਨੀਆਂ ਦੇ ਰਾਹ ਮੱਲਣ ਕਾਰਨ ਆਉਣ-ਜਾਣ 'ਚ ਪਰੇਸ਼ਾਨੀ ਹੁੰਦੀ ਹੈ।*

### ਰੋਕਥਾਮ

*ਇਸ ਨਦੀਨ ਦੀ ਰਸਾਇਣਕ ਤਰੀਕੇ ਨਾਲ ਰੋਕਥਾਮ 1.5 ਕਿੱਲੋ ਐਟਰਾਜ਼ੀਨ ਜਾਂ ਇਕ ਲਿਟਰ ਗਲਾਈਫੋਸੇਟ ਪ੍ਰਤੀ ਏਕੜ ਦੇ ਹਿਸਾਬ ਨਾਲ ਛਿੜਕਾਅ ਕਰ ਕੇ ਕੀਤੀ ਜਾ ਸਕਦੀ ਹੈ। ਕੇਸੀਆ ਜਾਤੀ ਦੇ ਬੂਟੇ ਲਗਾਉਣ ਨਾਲ ਵੀ ਇਸ ਨਦੀਨ ਦਾ ਵਾਧਾ ਘੱਟ ਹੁੰਦਾ ਹੈ। ਕਾਂਗਰਸ ਘਾਹ ਨੂੰ ਖ਼ਤਮ ਕਰਨ ਲਈ ਖੇਤਾਂ ਨੂੰ ਜੂਨ ਮਹੀਨੇ ਵਿਚ ਫੁੱਲ ਪੈਣ ਤੋਂ ਪਹਿਲਾਂ ਵਾਹ ਦੇਣਾ ਚਾਹੀਦਾ ਹੈ। ਇਸ ਦੇ ਬੂਟਿਆਂ ਨੂੰ ਹੱਥਾਂ ਉੱਪਰ ਦਸਤਾਨੇ ਜਾਂ ਲਿਫ਼ਾਫ਼ੇ ਚੜ੍ਹਾ ਕੇ ਕਹੀ ਨਾਲ ਜੜ੍ਹੋਂ ਪੁੱਟ ਕੇ ਡੂੰਘੇ ਦੱਬ ਦੇਣਾ ਚਾਹੀਦਾ ਹੈ, ਜਿਸ ਦੀ ਡੇਢ ਮਹੀਨੇ ਬਾਅਦ ਗਲਣ ਉਪਰੰਤ ਕੰਪੋਸਟ ਖਾਦ ਬਣ ਜਾਂਦੀ ਹੈ। ਇਸ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਕਾਬੂ ਕਰਨ ਲਈ ਦੱਖਣੀ ਅਮਰੀਕਾ ਤੋਂ ਭਾਰਤ ਵਿਚ 1984 'ਜ਼ਜਾਈਗੋਗਰਾਮਾ ਬਾਈਕਲੋਰੇਟਾ ਨਾਂ ਦੇ ਕੀੜੇ ਨੂੰ ਲਿਆਂਦਾ ਗਿਆ ਸੀ। ਇਸ ਕੀੜੇ ਦੀਆਂ ਸੁੰਡੀਆਂ ਅਤੇ ਬਾਲਗ ਕਾਂਗਰਸ ਘਾਹ ਨੂੰ ਖਾ ਕੇ ਖ਼ਤਮ ਕਰ ਦਿੰਦੇ ਹਨ।*



• ਡਾ. ਹਰੀਸ਼ ਕੁਮਾਰ ਵਰਮਾ

*ਗਡਵਾਸੂ ਵੱਲੋਂ ਲਗਾਏ ਜਾਂਦੇ ਸਾਲਾਨਾ ਮੇਲੇ ਪਸ਼ੂ-ਪਾਲਕਾਂ ਅਤੇ ਯੂਨੀਵਰਸਿਟੀ ਦਰਮਿਆਨ ਪੁਲ ਦੀ ਭੂਮਿਕਾ ਨਿਭਾਉਂਦੇ ਹਨ। ਇਨ੍ਹਾਂ ਮੇਲਿਆਂ 'ਚ ਸ਼ਾਮਲ ਹੋ ਕੇ ਪਸ਼ੂ-ਪਾਲਕ ਜਿੱਥੇ ਡੇਅਰੀ ਫਾਰਮਿੰਗ ਤੇ ਹੋਰ ਸਹਾਇਕ ਧੰਦਿਆਂ ਬਾਰੇ ਬੁਨਿਆਦੀ ਜਾਣਕਾਰੀ ਪ੍ਰਾਪਤ ਕਰਦੇ ਹਨ, ਉੱਥੇ ਇਹ ਮੇਲੇ ਉਨ੍ਹਾਂ ਦੀ ਕਿੱਤਾਮੁਖੀ ਅਗਵਾਈ ਵੀ ਕਰਦੇ ਹਨ। ਇਸ ਵਾਰ ਯੂਨੀਵਰਸਿਟੀ ਵੱਲੋਂ 22-23 ਸਤੰਬਰ ਨੂੰ ਪਸ਼ੂ ਪਾਲਣ ਮੇਲਾ ਲਗਾਇਆ ਜਾ ਰਿਹਾ ਹੈ...*

ਗੁਰੂ ਅੰਗਦ ਦੇਵ ਵੈਟਰਨਰੀ ਐਂਡ ਐਨੀਮਲ ਸਾਇੰਸਿਜ਼ ਯੂਨੀਵਰਸਿਟੀ ਲੁਧਿਆਣਾ ਵਿਖੇ 22-23 ਸਤੰਬਰ 2017 ਨੂੰ ਪਸ਼ੂ ਪਾਲਣ ਮੇਲਾ ਲਗਾਇਆ ਜਾ ਰਿਹਾ ਹੈ। ਯੂਨੀਵਰਸਿਟੀ ਵੱਲੋਂ ਸਾਲ 'ਚ ਦੋ ਵਾਰ ਲੁਧਿਆਣਾ ਕੈਂਪਸ ਵਿਖੇ ਮਾਰਚ ਅਤੇ ਸਤੰਬਰ ਵਿਚ 'ਪਸ਼ੂ ਪਾਲਣ ਮੇਲਾ' ਲਗਾਇਆ ਜਾਂਦਾ ਹੈ। ਇਸ ਵਾਰ ਇਹ ਮੇਲਾ 22-23 ਸਤੰਬਰ ਨੂੰ ਲਗਾਇਆ ਜਾ ਰਿਹਾ ਹੈ।

## ਪ੍ਰਦਰਸ਼ਨੀਆਂ

ਇਸ ਮੇਲੇ ਵਿਚ ਵਧੀਆ ਨਸਲ ਦੇ ਜਾਨਵਰਾਂ ਜਿਵੇਂ ਮੱਝਾਂ, ਗਾਵਾਂ, ਬੱਕਰੀਆਂ, ਸੂਰ, ਖਰਗੋਸ਼, ਬਰਾਇਲਰ, ਬਟੇਰੇ, ਮੁਰਗੀਆਂ ਤੇ ਮੱਛੀਆਂ ਆਦਿ ਦੀ ਪ੍ਰਦਰਸ਼ਨੀ ਲਗਾਈ ਜਾਵੇਗੀ। ਇਸ ਤੋਂ ਇਲਾਵਾ ਮੱਝਾਂ, ਵਲਾਇਤੀ ਗਾਵਾਂ, ਬੀਟਲ ਬੱਕਰੀਆਂ, ਸਤਲੁਜ ਮੁਰਗੀਆਂ, ਆਈਬੀਐੱਲ 80 ਬਰਾਇਲਰ, ਪੰਜਾਬ ਬਟੇਰ ਆਦਿ ਵੀ ਪ੍ਰਦਰਸ਼ਿਤ ਕੀਤੇ ਜਾਣਗੇ। ਇਸ ਤੋਂ ਇਲਾਵਾ ਮਿਆਰੀ ਨਸਲ ਦੇ ਸਾਨ੍ਹਾਂ, ਝੋਟਿਆਂ, ਬੱਕਰਿਆਂ ਆਦਿ ਦੀ ਵੀ ਨੁਮਾਇਸ਼ ਲਗਾਈ ਜਾਏਗੀ। ਮਸਨੂਈ ਗਰਭਦਾਨ ਤੇ ਭਰੂਣ ਤਬਾਦਲੇ ਦੀ ਵਿਧੀ ਬਾਰੇ ਕਿਸਾਨਾਂ ਤੇ ਪਸ਼ੂ-ਪਾਲਕਾਂ ਨੂੰ ਜਾਣਕਾਰੀ ਮੁਹੱਈਆ ਕਰਵਾਈ ਜਾਵੇਗੀ। ਵੱਖ-ਵੱਖ ਕਿਸਮ ਦੇ ਪਸ਼ੂਆਂ ਲਈ ਮਿਆਰੀ ਤੇ ਸਸਤੇ ਸ਼ੈੱਡ ਬਣਾਉਣ ਬਾਰੇ ਵੀ ਜਾਣਕਾਰੀ ਦਿੱਤੀ ਜਾਵੇਗੀ। ਮਿਆਰੀ ਦੁੱਧ ਦੀ ਪੈਦਾਵਾਰ, ਚੁਆਈ ਦੇ ਸਹੀ ਤਰੀਕਿਆਂ ਤੇ ਮਸ਼ੀਨੀ ਚੁਆਈ ਬਾਰੇ ਦੱਸਿਆ ਜਾਵੇਗਾ। ਕਟੜੂ/ਵਛੜੂਆਂ ਦੇ ਸੁਚੱਜਾ ਪ੍ਰਬੰਧ ਕਰਨ ਬਾਰੇ ਮਾਹਿਰਾਂ ਵੱਲੋਂ ਜਾਣਕਾਰੀ ਦਿੱਤੀ ਜਾਵੇਗੀ। ਜਾਨਵਰਾਂ ਦੀ ਸਾਂਭ ਸੰਭਾਲ ਦੇ ਤਰੀਕਿਆਂ ਤੇ ਸੰਤੁਲਿਤ ਵੰਡ-ਦਾਣਾ ਬਣਾਉਣ ਦੀਆਂ ਤਕਨੀਕਾਂ ਬਾਰੇ ਦੱਸਿਆ ਜਾਵੇਗਾ। ਪਸ਼ੂ ਖ਼ੁਰਾਕ ਵਿਚ ਧਾਤਾਂ ਦੀ ਮਹੱਤਤਾ ਬਾਰੇ ਵੀ ਚਾਨਣਾ ਪਾਇਆ ਜਾਵੇਗਾ। ਦੁਧਾਰੂਆਂ ਲਈ ਧਾਤਾਂ ਦਾ ਮਿਸ਼ਰਣ ਸਸਤੀ ਕੀਮਤ 'ਤੇ ਉਪਲਬਧ ਹੋਵੇਗਾ। ਪਸ਼ੂ-ਪਾਲਕਾਂ ਨੂੰ 'ਯੂਰੋਮਿਨ ਚਾਟ' ਤੇ 'ਸੁਬਾਬੁਲ ਚਾਟ' ਬਣਾਉਣ ਦੀ ਵਿਧੀ ਬਾਰੇ ਵੀ ਦੱਸਿਆ ਜਾਵੇਗਾ।

## ਪਸ਼ੂ ਖ਼ੁਰਾਕ ਬਾਰੇ ਜਾਣਕਾਰੀ

ਤੂੜੀ ਅਤੇ ਪਰਾਲੀ ਦੀ ਯੂਰੀਏ ਨਾਲ ਸੋਧ ਕਰਨ ਦੀ ਵਿਧੀ ਦੱਸੀ ਜਾਵੇਗੀ। ਪਸ਼ੂ ਪਾਲਣ 'ਚ ਹਰੇ ਚਾਰੇ ਦੀ ਮਹੱਤਤਾ ਬਾਰੇ ਕਿਸਾਨਾਂ ਨੂੰ ਜਾਗਰੂਕ ਕੀਤਾ ਜਾਏਗਾ। ਵਾਧੂ ਹਰੇ ਚਾਰੇ ਨੂੰ ਲੰਬੇ ਅਰਸੇ ਤਕ ਸੰਭਾਲਣ ਦੇ ਤਰੀਕੇ ਅਤੇ ਅਚਾਰ/ਸਾਈਲੇਜ ਬਣਾਉਣ ਬਾਰੇ ਪ੍ਰਦਰਸ਼ਨੀ ਵੀ ਲਗਾਈ ਜਾਏਗੀ। ਪਸ਼ੂ ਖ਼ੁਰਾਕ ਤੇ ਖ਼ੁਰਾਕੀ ਵਸਤਾਂ ਨੂੰ ਪ੍ਰਯੋਗਸ਼ਾਲਾ ਰਾਹੀਂ ਪਰਖਣ ਦੀ ਸਹੂਲਤ ਵੀ ਮੇਲੇ ਵਿਚ ਮੁਹੱਈਆ ਕਰਵਾਈ ਜਾਵੇਗੀ। ਇਸ ਤੋਂ ਇਲਾਵਾ ਪਸ਼ੂਆਂ ਦੀਆਂ ਸਿਹਤ ਸਬੰਧੀ ਸਮੱਸਿਆਵਾਂ ਅਤੇ ਇਨ੍ਹਾਂ ਦੀ ਮੁੱਢਲੀ ਸਹਾਇਤਾ ਬਾਰੇ ਮਾਹਿਰਾਂ ਵੱਲੋਂ ਜਾਣਕਾਰੀ ਦਿੱਤੀ ਜਾਵੇਗੀ।

## ਪਸ਼ੂਆਂ ਦੀ ਸਿਹਤ ਸੰਭਾਲ

ਪਸ਼ੂਆਂ ਦੀਆਂ ਸਿਹਤ ਸਮੱਸਿਆਵਾਂ ਜਿਵੇਂ ਅਫਾਰਾ, ਮੋਕ, ਲੰਙ ਮਾਰਨਾ, ਖੁਰ ਵਧਣੇ, ਲੇਵੇ ਦੀ ਸੋਜ਼ਿਸ਼, ਲਹੂ ਮੂਤਣ, ਧਾਤਾਂ ਦੀ ਘਾਟ ਤੋਂ ਬਚਾਅ ਅਤੇ ਰੋਕਥਾਮ ਬਾਰੇ ਵੀ ਮਾਹਿਰਾਂ ਵੱਲੋਂ ਜਾਣਕਾਰੀ ਦਿੱਤੀ ਜਾਵੇਗੀ। ਮਲੱਪਾਂ ਅਤੇ ਚਿੱਚੜਾਂ ਤੋਂ ਪੈਦਾ ਹੋਣ ਵਾਲੀਆਂ ਬਿਮਾਰੀਆਂ ਦੇ ਛੁਟਕਾਰੇ ਦੇ ਉਪਾਅ ਵੀ ਦੱਸੇ ਜਾਣਗੇ। ਆਪ੍ਰੇਸ਼ਨ ਰਾਹੀਂ ਪਸ਼ੂਆਂ ਦੇ ਇਲਾਜਯੋਗ ਰੋਗਾਂ ਦੇ ਇਲਾਜ ਦੀਆਂ ਸਹੂਲਤਾਂ ਜਿਵੇਂ ਰਸੌਲੀ, ਸਰਨ, ਟੁੱਟੀ ਹੱਡੀ, ਬੰਨ੍ਹ ਪੈਣ, ਹਰਨੀਆਂ, ਪਿਸ਼ਾਬ ਦਾ ਬੰਨ੍ਹ, ਥਣ ਦਾ ਬੰਦ ਹੋਣਾ ਬਾਰੇ ਡਾਕਟਰ ਮੌਕੇ 'ਤੇ ਹੀ ਇਲਾਜ ਦੱਸਣਗੇ। ਪ੍ਰਜਨਣ ਸਬੰਧੀ ਸਮੱਸਿਆਵਾਂ ਜਿਵੇਂ ਗੂੰਗਾ ਹੇਹਾ, ਹੇਹੇ ਵਿਚ ਨਾ ਆਉਣਾ, ਵਾਰ ਵਾਰ ਫਿਰਨਾ, ਪਿੱਛਾ ਮਾਰਨਾ, ਔਖੀ ਸੁਆਈ, ਜ਼ੇਰ ਨਾ ਪੈਣਾ, ਬੱਚੇਦਾਨੀ ਦਾ ਵਲੇਵਾਂ ਆਦਿ ਦੇ ਬਚਾਅ ਤੇ ਇਲਾਜ ਬਾਰੇ ਵੀ ਜਾਣਕਾਰੀ ਮੁਹੱਈਆ ਕਰਵਾਈ ਜਾਵੇਗੀ। ਪਸ਼ੂਆਂ ਨੂੰ ਸਿਹਤਮੰਦ ਰੱਖਣ ਲਈ ਕਿਰਮ ਰਹਿਤ ਕਰਨ ਦੀ ਵਿਧੀ, ਬਿਮਾਰੀਆਂ ਦੇ ਬਚਾਅ ਲਈ ਟੀਕਾਕਰਣ ਦੇ ਢੰਗ ਤਰੀਕਿਆਂ ਅਤੇ ਸਮਾਂ ਸਾਰਣੀ ਬਾਰੇ ਜਾਗਰੂਕ ਕੀਤਾ ਜਾਏਗਾ।

ਪਸ਼ੂਆਂ ਦੀਆਂ ਬਿਮਾਰੀਆਂ ਦਾ ਕਾਰਨ ਲੱਭਣ ਲਈ ਦੁੱਧ, ਗੋਹਾ, ਖ਼ੂਨ, ਪਿਸ਼ਾਬ ਆਦਿ ਦੀ ਮੌਕੇ 'ਤੇ ਹੀ ਜਾਂਚ ਕੀਤੀ ਜਾਵੇਗੀ। ਯੂਨੀਵਰਸਿਟੀ ਦੇ ਪਸ਼ੂ ਹਸਪਤਾਲ ਵਿਚ ਮੌਜੂਦ ਇਲਾਜ, ਐਕਸਰੇ, ਅਲਟਰਾਸਾਊਂਡ, ਪ੍ਰਯੋਗਸ਼ਾਲਾ, ਪੋਸਟ ਮਾਰਟਮ ਆਦਿ ਸੇਵਾਵਾਂ ਬਾਰੇ ਚਾਨਣਾ ਪਾਇਆ ਜਾਏਗਾ। ਪਸ਼ੂਆਂ ਤੋਂ ਇਨਸਾਨਾਂ ਨੂੰ ਹੋਣ ਵਾਲੀਆਂ ਬਿਮਾਰੀਆਂ ਜਿਵੇਂ ਹਲਕਾਅ, ਤਪਦਿਕ, ਆਦਿ ਦੀ ਜਾਂਚ ਤੇ ਬਚਾਅ ਬਾਰੇ ਸੁਚੇਤ ਕੀਤਾ ਜਾਵੇਗਾ। ਚਾਰਿਆਂ ਦੇ ਜ਼ਹਿਰਬਾਦ ਤੇ ਹੋਰ ਜ਼ਹਿਰਾਂ ਤੋਂ ਬਚਾਅ ਦੀਆਂ ਵਿਧੀਆਂ ਬਾਰੇ ਜਾਣਕਾਰੀ ਸਾਂਝੀ ਕੀਤੀ ਜਾਵੇਗੀ।

## ਪਸ਼ੂ ਤੇ ਮਨੁੱਖੀ ਬਿਮਾਰੀਆਂ ਬਾਰੇ ਗਿਆਨ

ਜਾਨਵਰਾਂ ਵਿਚ ਕੀਟਨਾਸ਼ਕ ਵਰਤਣ ਦੇ ਸਹੀ ਢੰਗ ਤਰੀਕੇ ਤੇ ਸਾਵਧਾਨੀਆਂ ਬਾਰੇ ਪਸ਼ੂ ਪਾਲਕਾਂ ਨੂੰ ਤਕਨੀਕਾਂ ਦੱਸੀਆਂ ਜਾਣਗੀਆਂ। ਨਵੀਆਂ ਬਿਮਾਰੀਆਂ ਜਿਵੇਂ ਸਵਾਈਨ ਫਲੂ, ਮੈਡ ਕਾਉ ਆਦਿ ਬਾਰੇ ਗਿਆਨ ਦਿੱਤਾ ਜਾਏਗਾ। ਉੱਲੀ ਰੋਗਾਂ ਤੋਂ ਬਚਾਅ ਤੇ ਛੁਟਕਾਰੇ ਦੇ ਉਪਾਅ ਦੱਸੇ ਜਾਣਗੇ। ਮੁਰਗੀਆਂ ਦੀਆਂ ਬਿਮਾਰੀਆਂ, ਖ਼ਾਸ ਕਰਕੇ ਬਰਡ ਫਲੂ ਬਾਰੇ ਚਾਨਣਾ ਪਇਆ ਜਾਏਗਾ। ਦੁੱਧ, ਆਂਡਿਆਂ ਤੇ ਮਾਸ ਦੇ ਪਦਾਰਥ ਬਣਾਉਣ ਬਾਰੇ ਗਿਆਨ ਦਿੱਤਾ ਜਾਵੇਗਾ। ਵੱਖ-ਵੱਖ ਤਕਨੀਕਾਂ ਜਿਵੇਂ ਥਣਾਂ ਨੂੰ ਡੋਬਾ ਦੇਣਾ, ਦੁੱਧ ਦੀ ਸਹੀ ਚੁਆਈ, ਖੁਰਾਂ ਦੀ ਕਟਾਈ ਆਦਿ ਬਾਰੇ ਪ੍ਰਦਰਸ਼ਨੀ ਲਗਾਈ ਜਾਏਗੀ। ਐਮਰਜੈਂਸੀ ਲਈ ਯੂਨੀਵਰਸਿਟੀ ਤੋਂ ਉਪਲੱਬਧ ਸਹਾਇਤਾ ਤੇ ਐਂਬੂਲੈਂਸ ਦੀ ਸਹੂਲਤ ਬਾਰੇ ਜਾਣਕਾਰੀ ਮੁਹੱਈਆ ਕਰਵਾਈ ਜਾਵੇਗੀ।

## ਨਵੀਆਂ ਤਕਨੀਕਾਂ ਦੇ ਰੂ-ਬ-ਰੂ

ਮੇਲੇ ਵਿੱਚ ਆਏ ਪਸ਼ੂ ਪਾਲਕਾਂ ਦੀਆਂ ਸਮੱਸਿਆਵਾਂ ਸਬੰਧੀ ਪੁੱਛੇ ਸਵਾਲਾਂ ਦੇ ਜੁਵਾਬ ਦੇਣ ਲਈ ਵੱਖਰੇ ਸਵਾਲ-ਜੁਆਬ ਸੈਸ਼ਨ ਦਾ ਪ੍ਰਬੰਧ ਕੀਤਾ ਗਿਆ ਹੈ। ਪਸ਼ੂਧਨ ਨਾਲ ਸਬੰਧਤ ਵੱਖ-ਵੱਖ ਸਰਕਾਰੀ ਵਿਭਾਗਾਂ ਜਿਵੇਂ ਪਸ਼ੂ ਪਾਲਣ ਵਿਭਾਗ, ਡੇਅਰੀ ਵਿਕਾਸ ਵਿਭਾਗ, ਮੱਛੀ ਪਾਲਣ ਵਿਭਾਗ, ਮਿਲਕਫੈੱਡ, ਮਾਰਕਫੈੱਡ ਵੀ ਆਪਣੇ ਵਿਭਾਗਾਂ ਦੀਆਂ ਸਹੂਲਤਾਂ ਬਾਰੇ ਦੱਸਣਗੇ। ਨੁਮਾਇਸ਼ ਵਿੱਚ ਦਵਾਈਆਂ, ਖ਼ੁਰਾਕ ਤੇ ਮਸ਼ੀਨਾਂ ਬਣਾਉਣ ਵਾਲੀਆਂ ਕੰਪਨੀਆਂ ਆਪੋ ਆਪਣੇ ਉਤਪਾਦਾਂ ਬਾਰੇ ਜਾਣਕਾਰੀ ਦੇਣਗੀਆਂ। ਯੂਨੀਵਰਸਿਟੀ ਦੇ ਸਹਿਯੋਗ ਅਧੀਨ ਕੰਮ ਕਰਦੀਆਂ ਪਸ਼ੂ ਪਾਲਕਾਂ ਦੀਆਂ ਜਥੇਬੰਦੀਆਂ ਵੀ ਮੇਲੇ ਵਿਚ ਆਪਣੇ ਸਟਾਲ ਸਜਾਉਣਗੀਆਂ। ਯੂਨੀਵਰਸਿਟੀ ਵਿਚ ਪੜ੍ਹਾਈ ਕਰਨ ਅਤੇ ਦਾਖ਼ਲੇ ਸਬੰਧੀ ਵੀ ਜਾਣਕਾਰੀ ਦਿੱਤੀ ਜਾਵੇਗੀ। •



### ਪਸ਼ੂ ਪਾਲਣ ਤੇ ਸਹਾਇਕ ਧੰਦਿਆਂ ਬਾਰੇ ਜਾਣਕਾਰੀ

*ਮੇਲੇ ਵਿਚ ਪਸ਼ੂ ਪਾਲਣ, ਮੱਛੀ ਪਾਲਣ, ਝੀਂਗਾ ਮੱਛੀ ਤੇ ਸਜਾਵਟੀ ਮੱਛੀਆਂ ਦੀ ਸਾਂਭ ਸੰਭਾਲ, ਬਿਮਾਰੀਆਂ ਤੇ ਕਿੱਤਾ ਕਰਨ ਬਾਰੇ ਮਾਹਿਰਾਂ ਵੱਲੋਂ ਜਾਣਕਾਰੀ ਦਿੱਤੀ ਜਾਵੇਗੀ। ਪਾਲਤੂ ਜਾਨਵਰਾਂ ਕੁੱਤੇ, ਬਿੱਲੀਆਂ ਆਦਿ ਨੂੰ ਦੀ ਸਾਂਭ ਸੰਭਾਲ ਬਾਰੇ ਜਾਣਕਾਰੀ ਦਿੱਤੀ ਜਾਏਗੀ। ਪਸ਼ੂ ਪਾਲਣ, ਬੱਕਰੀ ਪਾਲਣ, ਸੂਰ ਪਾਲਣ, ਮੁਰਗੀ, ਬਟੇਰ, ਬਰਾਇਲਰ ਪਾਲਣ ਤੇ ਮੱਛੀ ਪਾਲਣ ਆਦਿ ਧੰਦਿਆਂ ਬਾਰੇ ਲਗਾਏ ਜਾਣ ਵਾਲੇ ਸਿਖਲਾਈ ਕੋਰਸਾਂ 'ਚ ਦਾਖ਼ਲੇ ਬਾਰੇ ਵੀ ਸੂਚਿਤ ਕੀਤਾ ਜਾਵੇਗਾ। ਪਸ਼ੂ ਪਾਲਣ ਧੰਦਿਆਂ ਨੂੰ ਵਿਗਿਆਨਕ ਤਰੀਕੇ ਨਾਲ ਕਰਨ ਲਈ ਕਿਤਾਬਾਂ ਤੇ ਰਸਾਲੇ ਸਸਤੀ ਕੀਮਤ 'ਤੇ ਉਪਲੱਬਧ ਹੋਣਗੇ।*

# ਵੈਟਰਨਰੀ ਯੂਨੀਵਰਸਿਟੀ ਦਾ ਪਸ਼ੂ ਪਾਲਣ ਮੇਲਾ



# ਮੁੱਖ ਮੰਤਰੀ ਵੱਲੋਂ ਭਾਰਤੀ ਹਾਕੀ ਟੀਮ ਦੇ ਪੰਜਾਬੀ ਖਿਡਾਰੀਆਂ ਦਾ ਨਕਦ ਇਨਾਮਾਂ ਨਾਲ ਸਨਮਾਨ

## ➢ ਖਿਡਾਰੀਆਂ ਨੇ ਆਪਣੀ ਸ਼ਾਨਦਾਰ ਜਿੱਤ ਨਾਲ ਪੂਰੇ ਦੇਸ਼ ਦਾ ਨਾਂ ਰੌਸ਼ਨ ਕੀਤਾ ➢ ਭਾਰਤੀ ਹਾਕੀ ਨੂੰ ਸੁਰਜੀਤੀ ਦੇ ਰਾਹ ਪੈਂਦਿਆਂ ਵੇਖ ਕੇ ਖ਼ੁਸ਼ੀ ਹੋਈ



ਚੰਡੀਗੜ੍ਹ, 21 ਅਗਸਤ
-ਕੌਮੀ ਪੱਤ੍ਰਿਕਾ ਬਿਊਰੋ-

ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਹਾਲ ਹੀ ਵਿੱਚ ਸਮਾਪਤ ਹੋਈਆਂ ਪੈਰਿਸ ਓਲੰਪਿਕ ਵਿੱਚ ਕਾਂਸੀ ਦਾ ਤਗ਼ਮਾ ਜਿੱਤਣ ਵਾਲੀ ਭਾਰਤੀ ਹਾਕੀ ਟੀਮ ਦੇ ਮੈਂਬਰ ਰਹੇ ਪੰਜਾਬੀ ਖਿਡਾਰੀਆਂ ਨੂੰ ਇਕ-ਇਕ ਕਰੋੜ ਰੁਪਏ ਦੇ ਨਕਦ ਇਨਾਮ ਨਾਲ ਸਨਮਾਨਿਤ ਕੀਤਾ।

ਆਪਣੇ ਸੰਬੋਧਨ ਵਿੱਚ ਮੁੱਖ ਮੰਤਰੀ ਨੇ ਕਿਹਾ ਕਿ ਇਹ ਇਕ ਇਤਿਹਾਸਕ ਮੌਕਾ ਹੈ ਕਿਉਂਕਿ ਸੂਬੇ ਅਤੇ ਦੇਸ਼ ਦਾ ਨਾਮ ਰੌਸ਼ਨ ਕਰਨ ਵਾਲੇ ਖਿਡਾਰੀਆਂ ਨੂੰ ਸਨਮਾਨਿਤ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਇਨ੍ਹਾਂ ਹਾਕੀ ਖਿਡਾਰੀਆਂ ਦੀ ਇਹ ਸ਼ਾਨਦਾਰ ਜਿੱਤ ਪੂਰੇ ਦੇਸ਼ ਲਈ ਬਹੁਤ ਮਾਣ ਅਤੇ ਸੰਤੁਸ਼ਟੀ ਵਾਲੀ ਗੱਲ ਹੈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਉਨ੍ਹਾਂ ਨੇ ਟੀਮ ਦਾ ਹਰ ਮੈਚ ਨਿੱਜੀ ਤੌਰ 'ਤੇ ਦੇਖਿਆ ਹੈ ਅਤੇ ਇਨ੍ਹਾਂ ਖਿਡਾਰੀਆਂ ਦੇ ਸ਼ਾਨਦਾਰ ਪ੍ਰਦਰਸ਼ਨ ਨੇ ਸਾਨੂੰ ਸਾਰਿਆਂ ਨੂੰ ਮਾਣ ਮਹਿਸੂਸ ਕੀਤਾ ਹੈ।

ਮੁੱਖ ਮੰਤਰੀ ਨੇ ਕਿਹਾ ਕਿ 52 ਸਾਲਾਂ ਦੇ ਵਕਫ਼ੇ ਤੋਂ ਬਾਅਦ ਭਾਰਤੀ ਟੀਮ ਨੂੰ ਆਸਟਰੇਲੀਆ ਨੂੰ ਹਰਾ ਕੇ ਬਹੁਤ ਖ਼ੁਸ਼ੀ ਹੋਈ ਹੈ ਅਤੇ ਸਪੇਨ, ਇੰਗਲੈਂਡ ਅਤੇ ਹੋਰ ਟੀਮਾਂ ਵਿਰੁੱਧ ਮੈਚ ਵੀ ਸ਼ਾਨਦਾਰ ਸਨ। ਉਨ੍ਹਾਂ ਕਿਹਾ ਕਿ ਟੀਮ ਵੱਲੋਂ ਤਗ਼ਮਾ ਜਿੱਤਣਾ ਹਰ ਦੇਸ਼ ਵਾਸੀ ਲਈ ਸੁਪਨੇ ਦੇ ਸਾਕਾਰ ਹੋਣ ਵਰਗਾ ਹੈ ਅਤੇ ਸਭ ਤੋਂ ਚੰਗੀ ਗੱਲ ਇਹ ਹੈ ਕਿ ਕਪਤਾਨ ਹਰਮਨਪ੍ਰੀਤ ਨੇ ਅੱਗੇ ਵਧ ਕੇ ਟੀਮ ਦੀ ਅਗਵਾਈ ਕੀਤੀ, ਜਿਸ ਨਾਲ ਟੀਮ ਜਿੱਤ ਵੱਲ ਸੇਧਿਤ ਹੋਈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਇਹ ਲੀਡਰਸ਼ਿਪ ਕਾਬਲੀਅਤ ਬੇਮਿਸਾਲ ਸੀ, ਜਿਸ ਕਾਰਨ ਟੀਮ ਨੇ ਪੈਰਿਸ ਓਲੰਪਿਕ ਵਿੱਚ ਕਾਂਸੀ ਦਾ ਤਗ਼ਮਾ ਜਿੱਤਿਆ।

ਮੁੱਖ ਮੰਤਰੀ ਨੇ ਕਿਹਾ ਕਿ ਹਰਮਨ ਨੇ ਇਕੱਲੇ ਨੇ ਓਲੰਪਿਕ ਵਿੱਚ 10 ਗੋਲ ਕੀਤੇ ਹਨ ਅਤੇ ਉਨ੍ਹਾਂ ਨੂੰ ਖ਼ੁਸ਼ੀ ਹੈ ਕਿ ਸੂਬਾ ਸਰਕਾਰ ਅੱਜ ਇਨ੍ਹਾਂ ਹੀਰਿਆਂ ਨੂੰ ਸਨਮਾਨਿਤ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਅੱਜ ਪੂਰਾ ਦੇਸ਼ ਇਨ੍ਹਾਂ ਖਿਡਾਰੀਆਂ ਨੂੰ ਸ਼ੁਭਕਾਮਨਾਵਾਂ ਦੇ ਰਿਹਾ ਹੈ ਅਤੇ ਉਨ੍ਹਾਂ ਦੇ ਕੀਰਤੀਮਾਨ ਦੀ ਸ਼ਲਾਘਾ ਹੋ ਰਹੀ ਹੈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਭਾਰਤੀ ਹਾਕੀ ਸੁਰਜੀਤੀ ਦੇ ਰਾਹ 'ਤੇ ਹੈ ਅਤੇ ਪੰਜਾਬ ਨਵੰਬਰ ਮਹੀਨੇ ਵਿੱਚ ਹਾਕੀ ਦੀਆਂ ਚਾਰ ਵਿਸ਼ਵ ਪੱਧਰੀ ਟੀਮਾਂ ਵਿਚਕਾਰ ਲੀਗ ਟੂਰਨਾਮੈਂਟ ਕਰਵਾਉਣ ਲਈ ਵਿਚਾਰ ਕਰ ਰਿਹਾ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਸੂਬਾ ਸਰਕਾਰ ਖੇਡਾਂ ਨੂੰ ਉਤਸ਼ਾਹਿਤ ਕਰਨ ਲਈ ਪੂਰੀ ਤਨਦੇਹੀ ਨਾਲ ਕੰਮ ਕਰ ਰਹੀ ਹੈ ਅਤੇ ਇਸ ਲਈ ਕੋਈ ਕਸਰ ਬਾਕੀ ਨਹੀਂ ਛੱਡੀ ਜਾਵੇਗੀ। ਉਨ੍ਹਾਂ ਕਿਹਾ ਕਿ 'ਖੇਡਾਂ ਵਤਨ ਪੰਜਾਬ ਦੀਆਂ' ਦਾ ਤੀਜਾ ਐਡੀਸ਼ਨ 28 ਅਗਸਤ ਤੋਂ ਸ਼ੁਰੂ ਹੋਵੇਗਾ, ਜੋ ਸੂਬੇ ਵਿੱਚ ਖੇਡਾਂ ਨੂੰ ਉਤਸ਼ਾਹਿਤ ਕਰਨ ਲਈ ਪ੍ਰੇਰਕ ਵਜੋਂ ਕੰਮ ਕਰੇਗਾ। ਭਗਵੰਤ ਸਿੰਘ ਮਾਨ ਨੇ ਅੱਗੇ ਕਿਹਾ ਕਿ ਪੰਜਾਬ ਸਰਕਾਰ ਸੂਬੇ ਵਿੱਚ ਖੇਡਾਂ ਨੂੰ ਉਤਸ਼ਾਹਿਤ ਕਰਨ ਲਈ ਮਾਹਿਲਪੁਰ ਖੇਤਰ ਵਿੱਚ ਫੁੱਟਬਾਲ, ਸੰਗਰੂਰ ਵਿੱਚ ਬਾਕਸਿੰਗ, ਜਲੰਧਰ ਵਿੱਚ ਹਾਕੀ, ਲੁਧਿਆਣਾ ਵਿੱਚ ਅਥਲੈਟਿਕਸ ਅਤੇ ਹੋਰ ਖੇਡ ਕਲੱਸਟਰਾਂ ਦਾ ਵਿਕਾਸ ਕਰੇਗੀ।

ਮੁੱਖ ਮੰਤਰੀ ਨੇ ਕਿਹਾ ਕਿ ਤਗ਼ਮਾ ਜੇਤੂ ਖਿਡਾਰੀਆਂ ਨੂੰ ਨਗਦ ਇਨਾਮ ਅਤੇ ਨੌਕਰੀਆਂ ਦੇਣ ਤੋਂ ਇਲਾਵਾ ਸੂਬਾ ਸਰਕਾਰ ਉਨ੍ਹਾਂ ਨੂੰ ਪਹਿਲਾਂ ਹੀ ਦਿੱਤੀਆਂ ਜਾ ਚੁੱਕੀਆਂ ਨੌਕਰੀਆਂ ਵਿੱਚ ਤਰੱਕੀਆਂ ਦੇਣ ਦੀ ਸੰਭਾਵਨਾ ਵੀ ਤਲਾਸ਼ੇਗੀ। ਇਕ ਵਿਲੱਖਣ ਭੂਮਿਕਾ ਨਿਭਾਉਂਦੇ ਹੋਏ ਭਗਵੰਤ ਸਿੰਘ ਮਾਨ ਨੇ ਓਲੰਪਿਕ ਮੈਚਾਂ ਦੌਰਾਨ ਮੈਦਾਨ ਵਿੱਚ ਉਨ੍ਹਾਂ ਦੇ ਤਜਰਬਿਆਂ ਬਾਰੇ ਖਿਡਾਰੀਆਂ ਨਾਲ ਸਵਾਲ-ਜਵਾਬ ਵੀ ਕੀਤੇ। ਹਰਮਨਪ੍ਰੀਤ ਸਿੰਘ, ਜਰਮਨਪ੍ਰੀਤ ਸਿੰਘ ਅਤੇ ਹੋਰਾਂ ਨਾਲ ਗੱਲਬਾਤ ਦੌਰਾਨ ਮੁੱਖ ਮੰਤਰੀ ਨੇ ਮੈਚਾਂ ਦੌਰਾਨ ਖਿਡਾਰੀਆਂ ਵੱਲੋਂ ਦਿਖਾਈ ਗਈ ਸ਼ਾਨਦਾਰ ਖੇਡ ਭਾਵਨਾ ਦੀ ਸ਼ਲਾਘਾ ਕੀਤੀ, ਜਿਸ ਸਦਕਾ ਟੀਮ ਨੇ ਸ਼ਾਨਦਾਰ ਜਿੱਤ ਹਾਸਲ ਕੀਤੀ।

ਮੁੱਖ ਮੰਤਰੀ ਨੇ ਕਿਹਾ ਕਿ ਕੌਮੀ ਖੇਡ ਹਾਕੀ ਦੀ ਪੁਰਾਤਨ ਸ਼ਾਨ ਬਹਾਲ ਕਰਨ ਲਈ ਸਮੁੱਚਾ ਦੇਸ਼ ਇਨ੍ਹਾਂ ਸਾਰੇ ਖਿਡਾਰੀਆਂ ਦਾ ਰਿਣੀ ਹੈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਭਾਰਤੀ ਹਾਕੀ ਟੀਮ ਦੀ ਇਤਿਹਾਸਕ ਪ੍ਰਾਪਤੀ ਨੂੰ ਬਿਆਨ ਕਰਨ ਲਈ ਸ਼ਬਦ ਵੀ ਥੋੜ੍ਹੇ ਪੈ ਜਾਂਦੇ ਹਨ। ਉਨ੍ਹਾਂ ਨੇ ਟੀਮ ਮੈਂਬਰਾਂ ਨੂੰ ਭਰੋਸਾ ਦਿਵਾਇਆ ਕਿ ਇਸ ਨੇਕ ਕਾਰਜ ਲਈ ਕੋਈ ਕਸਰ ਬਾਕੀ ਨਹੀਂ ਛੱਡੀ ਜਾਵੇਗੀ। ਉਨ੍ਹਾਂ ਕਿਹਾ ਕਿ ਇਨ੍ਹਾਂ ਖਿਡਾਰੀਆਂ ਨੂੰ ਨਸ਼ਿਆਂ ਦੀ ਅਲਾਮਤ ਵਿਰੁੱਧ ਸੂਬੇ ਦੀ ਮੁਹਿੰਮ ਲਈ ਬ੍ਰਾਂਡ ਅੰਬੈਸਡਰ ਬਣਾਇਆ ਜਾਵੇਗਾ ਤਾਂ ਕਿ ਸਾਡੇ ਨੌਜਵਾਨਾਂ ਨੂੰ ਪ੍ਰੇਰਨਾ ਮਿਲ ਸਕੇ।

ਇਸ ਮੌਕੇ ਭਾਰਤੀ ਹਾਕੀ ਟੀਮ ਦੇ ਕਪਤਾਨ ਹਰਮਨਪ੍ਰੀਤ ਸਿੰਘ ਨੇ ਖੇਡਾਂ ਨੂੰ ਉਤਸ਼ਾਹਿਤ ਕਰਨ ਲਈ ਅਨੁਕੂਲ ਮਾਹੌਲ ਮੁਹੱਈਆ ਕਰਵਾਉਣ ਲਈ ਮੁੱਖ ਮੰਤਰੀ ਦੀ ਸ਼ਲਾਘਾ ਕੀਤੀ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਤਗ਼ਮਾ ਜੇਤੂ ਖਿਡਾਰੀਆਂ ਦਾ ਸਨਮਾਨ ਸੂਬੇ ਵਿੱਚ ਖੇਡਾਂ ਨੂੰ ਹੋਰ ਹੁਲਾਰਾ ਦੇਣ ਵਿੱਚ ਸਹਾਈ ਸਿੱਧ ਹੋਵੇਗਾ। ਹਰਮਨਪ੍ਰੀਤ ਸਿੰਘ ਨੇ ਕਿਹਾ ਕਿ ਇਹ ਸੂਬੇ ਦੇ ਨੌਜਵਾਨਾਂ ਨੂੰ ਨਸ਼ਿਆਂ ਦੀ ਲਾਹਨਤ ਤੋਂ ਦੂਰ ਕਰਨ ਵਿੱਚ ਹੋਰ ਮਦਦ ਕਰੇਗਾ।

ਭਾਰਤੀ ਹਾਕੀ ਖਿਡਾਰੀ ਮਨਦੀਪ ਸਿੰਘ ਨੇ ਵੀ ਸੂਬੇ ਵਿੱਚ ਖੇਡਾਂ ਨੂੰ ਹੁਲਾਰਾ ਦੇਣ ਲਈ ਮੁੱਖ ਮੰਤਰੀ ਦਾ ਧੰਨਵਾਦ ਕੀਤਾ। ਉਨ੍ਹਾਂ ਨੇ ਮੁੱਖ ਮੰਤਰੀ ਨਾਲ ਵਾਅਦਾ ਵੀ ਕੀਤਾ ਕਿ ਅਗਲੀ ਵਾਰ ਓਲੰਪਿਕ ਵਿੱਚ ਤਗ਼ਮੇ ਦਾ ਰੰਗ ਬਦਲੇਗਾ। ਮਨਦੀਪ ਸਿੰਘ ਨੇ ਇਹ ਵੀ ਉਮੀਦ ਜ਼ਾਹਰ ਕੀਤੀ ਕਿ ਅਗਲੀ ਵਾਰ ਸੂਬੇ ਦੇ ਓਲੰਪਿਕ ਦਲ ਵਿਚ ਪੰਜਾਬ ਦੇ ਖਿਡਾਰੀਆਂ ਦੀ ਗਿਣਤੀ ਵਿਚ ਵੀ ਵਾਧਾ ਹੋਵੇਗਾ।

ਮੁੱਖ ਮੰਤਰੀ ਨੇ ਅੱਠ ਹਾਕੀ ਖਿਡਾਰੀਆਂ ਨੂੰ ਇੱਕ-ਇਕ ਕਰੋੜ ਰੁਪਏ ਅਤੇ ਓਲੰਪਿਕ ਖੇਡਾਂ ਵਿੱਚ ਭਾਗ ਲੈਣ ਵਾਲੇ 11 ਹੋਰ ਖਿਡਾਰੀਆਂ ਨੂੰ 15-15 ਲੱਖ ਰੁਪਏ ਦੇ ਚੈੱਕ ਦਿੱਤੇ।

# ਪੰਜਾਬ ਵਿੱਚ ਬਾਸਮਤੀ ਦੀ ਕਾਸ਼ਤ ਅਧੀਨ ਰਕਬੇ ਵਿੱਚ 12.58 ਫ਼ੀਸਦੀ ਵਾਧਾ

## 1.46 ਲੱਖ ਹੈਕਟੇਅਰ ਰਕਬੇ 'ਚ ਬਾਸਮਤੀ ਦੀ ਕਾਸ਼ਤ ਨਾਲ ਅੰਮ੍ਰਿਤਸਰ ਜ਼ਿਲ੍ਹਾ ਸੂਬੇ ਭਰ ਵਿੱਚੋਂ ਮੋਹਰੀ: ਗੁਰਮੀਤ ਸਿੰਘ ਖੁੱਡੀਆਂ



ਚੰਡੀਗੜ੍ਹ, 21 ਅਗਸਤ
-ਕੌਮੀ ਪੱਤ੍ਰਿਕਾ ਬਿਊਰੋ-

ਪੰਜਾਬ ਦੇ ਖੇਤੀਬਾੜੀ ਤੇ ਕਿਸਾਨ ਭਲਾਈ ਮੰਤਰੀ ਸ. ਗੁਰਮੀਤ ਸਿੰਘ ਖੁੱਡੀਆਂ ਨੇ ਅੱਜ ਦੱਸਿਆ ਕਿ ਸੂਬੇ ਵਿੱਚ ਫ਼ਸਲੀ ਵਿਭਿੰਨਤਾ ਮੁਹਿੰਮ ਨੂੰ ਵੱਡਾ ਹੁਲਾਰਾ ਮਿਲਿਆ ਹੈ ਕਿਉਂਕਿ ਪੰਜਾਬ ਵਿੱਚ ਇਸ ਸਾਉਣੀ ਸੀਜ਼ਨ ਦੌਰਾਨ ਬਾਸਮਤੀ ਦੀ ਕਾਸ਼ਤ ਅਧੀਨ ਰਕਬੇ ਵਿੱਚ 12.58 ਫ਼ੀਸਦੀ ਵਾਧਾ ਦਰਜ ਕੀਤਾ ਗਿਆ ਹੈ।

ਖੇਤੀਬਾੜੀ ਮੰਤਰੀ ਨੇ ਦੱਸਿਆ ਕਿ ਇਸ ਸਾਲ 6.71 ਲੱਖ ਹੈਕਟੇਅਰ ਰਕਬਾ ਬਾਸਮਤੀ ਦੀ ਕਾਸ਼ਤ ਅਧੀਨ ਹੈ, ਜੋ ਕਿ ਸਾਉਣੀ ਸੀਜ਼ਨ 2023-24 ਦੌਰਾਨ 5.96 ਲੱਖ ਹੈਕਟੇਅਰ ਸੀ।

ਬਾਸਮਤੀ ਦੀ ਕਾਸ਼ਤ ਬਾਰੇ ਜ਼ਿਲ੍ਹੇਵਾਰ ਜਾਣਕਾਰੀ ਸਾਂਝੀ ਕਰਦਿਆਂ ਸ. ਗੁਰਮੀਤ ਸਿੰਘ ਖੁੱਡੀਆਂ ਨੇ ਦੱਸਿਆ ਕਿ ਅੰਮ੍ਰਿਤਸਰ ਜ਼ਿਲ੍ਹਾ 1.46 ਲੱਖ ਹੈਕਟੇਅਰ ਰਕਬੇ ਵਿੱਚ ਬਾਸਮਤੀ ਦੀ ਕਾਸ਼ਤ ਨਾਲ ਸੂਬੇ ਭਰ ਵਿੱਚੋਂ ਮੋਹਰੀ ਹੈ। ਅੰਮ੍ਰਿਤਸਰ ਤੋਂ ਬਾਅਦ ਕ੍ਰਮਵਾਰ ਮੁਕਤਸਰ ਜ਼ਿਲ੍ਹੇ ਵਿੱਚ 1.10 ਲੱਖ ਹੈਕਟੇਅਰ, ਫਾਜ਼ਿਲਕਾ ਵਿੱਚ 84.9 ਹਜ਼ਾਰ ਹੈਕਟੇਅਰ, ਤਰਨ ਤਾਰਨ ਵਿੱਚ 72.5 ਹਜ਼ਾਰ ਹੈਕਟੇਅਰ ਅਤੇ ਸੰਗਰੂਰ ਜ਼ਿਲ੍ਹੇ ਵਿੱਚ 49.8 ਹਜ਼ਾਰ ਹੈਕਟੇਅਰ ਨਾਲ ਸਭ ਤੋਂ ਵੱਧ ਰਕਬੇ ਵਿੱਚ ਬਾਸਮਤੀ ਲਾਈ ਗਈ ਹੈ।

ਖੇਤੀਬਾੜੀ ਮੰਤਰੀ ਨੇ ਦੱਸਿਆ ਕਿ ਪਿਛਲੇ ਸਾਲ ਦੇ ਮੁਕਾਬਲੇ ਇਸ ਵਾਰ ਝੋਨੇ ਦੀ ਸਿੱਧੀ ਬਿਜਾਈ (ਡੀ.ਐਸ.ਆਰ.) ਅਧੀਨ ਰਕਬੇ ਵਿੱਚ ਵੀ 46.5 ਫ਼ੀਸਦ ਵਾਧਾ ਦਰਜ ਕੀਤਾ ਗਿਆ ਹੈ। ਪਾਣੀ ਦੀ ਬਚਤ ਲਈ ਇਸ ਸਾਲ ਸੂਬੇ ਭਰ ਵਿੱਚ 2.52 ਲੱਖ ਏਕੜ ਵਿੱਚ ਝੋਨੇ ਦੀ ਸਿੱਧੀ ਬਿਜਾਈ ਕੀਤੀ ਗਈ ਹੈ, ਜੋ 2023 ਦੇ ਸਾਉਣੀ ਸੀਜ਼ਨ ਦੌਰਾਨ 1.72 ਲੱਖ ਏਕੜ ਸੀ।

ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਦੀ ਖੇਤੀਬਾੜੀ ਨੂੰ ਲਾਹੇਵੰਦ ਕਿੱਤਾ ਬਣਾਉਣ ਦੀ ਵਚਨਬੱਧਤਾ ਨੂੰ ਦੁਹਰਾਉਂਦਿਆਂ ਸ. ਗੁਰਮੀਤ ਸਿੰਘ ਖੁੱਡੀਆਂ ਨੇ ਕਿਹਾ ਕਿ ਸੂਬਾ ਸਰਕਾਰ ਨੇ ਬਾਸਮਤੀ 'ਤੇ 10 ਕੀਟਨਾਸ਼ਕਾਂ ਦੀ ਵਰਤੋਂ 'ਤੇ ਪਾਬੰਦੀ ਲਗਾਈ ਹੈ ਤਾਂ ਜੋ ਪੰਜਾਬ ਦੀ ਬਾਸਮਤੀ ਦੀ ਗੁਣਵੱਤਾ ਨੂੰ ਵਿਸ਼ਵ ਪੱਧਰੀ ਬਣਾ ਇਸ ਦੇ ਨਿਰਯਾਤ ਨੂੰ ਵਧਾ ਕੇ ਕਿਸਾਨਾਂ ਦੀ ਆਮਦਨ ਹੋਰ ਵਧਾਈ ਜਾ ਸਕੇ।

# ਡਾ. ਬਲਬੀਰ ਸਿੰਘ ਅਧਿਕਾਰੀਆਂ ਨਾਲ ਪੁੱਜੇ ਪਿੰਡਾਂ 'ਚ, ਮੌਕੇ 'ਤੇ ਕੀਤਾ ਲੋਕਾਂ ਦੀਆਂ ਮੁਸ਼ਕਲਾਂ ਦਾ ਹੱਲ



ਸਿਹਤ ਮੰਤਰੀ ਡਾ. ਬਲਬੀਰ ਸਿੰਘ ਪਟਿਆਲਾ ਦਿਹਾਤੀ ਹਲਕੇ ਦੇ ਪਿੰਡਾਂ ਦਾ ਦੌਰਾ ਕਰਦੇ ਹੋਏ। ਉਨ੍ਹਾਂ ਦੇ ਨਾਲ ਏ.ਡੀ.ਸੀ. ਡਾ. ਹਰਜਿੰਦਰ ਸਿੰਘ ਬੇਦੀ ਵੀ ਨਜ਼ਰ ਆ ਰਹੇ ਹਨ।

ਪਟਿਆਲਾ, 21 ਅਗਸਤ
-ਅਮਰਜੀਤ ਸਿੰਘ ਲਾਂਬਾ-
-ਕੌਮੀ ਪੱਤ੍ਰਿਕਾ ਬਿਊਰੋ-

ਪੰਜਾਬ ਦੇ ਕੈਬਨਿਟ ਮੰਤਰੀ ਡਾ. ਬਲਬੀਰ ਸਿੰਘ ਨੇ ਅੱਜ ਲਗਾਤਾਰ ਦੂਸਰੇ ਦਿਨ ਸਮੂਹ ਅਧਿਕਾਰੀਆਂ ਨੂੰ ਨਾਲ ਲੈਕੇ 'ਤੁਹਾਡਾ ਐਮ.ਐਲ.ਏ. ਤੁਹਾਡੇ ਵਿੱਚਕਾਰ' ਪ੍ਰੋਗਰਾਮ ਤਹਿਤ ਪਟਿਆਲਾ ਦਿਹਾਤੀ ਹਲਕੇ ਦੇ ਪਿੰਡਾਂ ਦੇ ਲੋਕਾਂ ਨਾਲ ਮੁਲਾਕਾਤ ਕੀਤੀ ਅਤੇ ਮੌਕੇ 'ਤੇ ਹੀ ਲੋਕਾਂ ਦੀਆਂ ਸਮੱਸਿਆਵਾਂ ਦਾ ਨਿਪਟਾਰਾ ਕੀਤਾ। ਇਸ ਮੌਕੇ ਉਨ੍ਹਾਂ ਦੇ ਨਾਲ ਏ.ਡੀ.ਸੀ. (ਦਿਹਾਤੀ ਵਿਕਾਸ) ਡਾ. ਹਰਜਿੰਦਰ ਸਿੰਘ ਬੇਦੀ ਸਮੇਤ ਹੋਰ ਵਿਭਾਗਾਂ ਦੇ ਅਧਿਕਾਰੀ ਵੀ ਮੌਜੂਦ ਸਨ।

ਇਸ ਮੌਕੇ ਡਾ. ਬਲਬੀਰ ਸਿੰਘ ਨੇ ਕਿਹਾ ਕਿ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੇ ਆਦੇਸ਼ਾਂ ਤਹਿਤ ਸ਼ੁਰੂ ਕੀਤੇ ਗਏ 'ਤੁਹਾਡਾ ਐਮ.ਐਲ.ਏ. ਤੁਹਾਡੇ ਵਿੱਚਕਾਰ' ਪ੍ਰੋਗਰਾਮ ਰਾਹੀਂ ਪਿੰਡਾਂ ਦੀਆਂ 90 ਫ਼ੀਸਦੀ ਸਮੱਸਿਆਵਾਂ ਮੌਕੇ 'ਤੇ ਹੀ ਹੱਲ ਹੋ ਰਹੀਆਂ ਹਨ ਅਤੇ ਜਿਹੜੇ ਕੰਮਾਂ ਲਈ ਗਰਾਂਟ ਜਾ ਫੇਰ ਜਗ੍ਹਾ ਆਦਿ ਦੀ ਜ਼ਰੂਰਤ ਹੈ ਉਸ ਲਈ ਵੀ ਸਬੰਧਤ ਵਿਭਾਗਾਂ ਨੂੰ ਮੌਕੇ 'ਤੇ ਨਿਰਦੇਸ਼ ਦੇ ਕੇ ਕੰਮਾਂ ਨੂੰ ਸਮਾਂਬੱਧ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਹਰੇਕ ਪਿੰਡ ਵਿੱਚ ਅਧਿਕਾਰੀਆਂ ਨੂੰ ਨਾਲ ਲੈ ਕੇ ਜਾਣ ਦਾ ਮੁੱਖ ਮਕਸਦ ਹੀ ਇਹ ਹੈ ਕਿ ਅਧਿਕਾਰੀ ਮੌਕੇ 'ਤੇ ਹੀ ਫੈਸਲਾ ਲੈ ਕੇ ਕਾਰਵਾਈ ਅਰੰਭ ਸਕਣ। ਉਨ੍ਹਾਂ ਕਿਹਾ ਕਿ ਇਸ ਨਾਲ ਲੋਕਾਂ ਨੂੰ ਵੀ ਦਫ਼ਤਰ ਦੇ ਗੇੜੇ ਲਗਾਉਣ ਦੀ ਜ਼ਰੂਰਤ ਨਹੀਂ ਸਗੋਂ ਅਧਿਕਾਰੀ ਖੁਦ ਪਿੰਡਾਂ 'ਚ ਆ ਕੇ ਵਿਕਾਸ ਕਾਰਜਾਂ ਨੂੰ ਨੇਪਰੇ ਚੜਾਉਣਗੇ।

ਕੈਬਨਿਟ ਮੰਤਰੀ ਡਾ. ਬਲਬੀਰ ਸਿੰਘ ਨੇ ਅੱਜ ਪਿੰਡ ਅਮਾਮ ਪੁਰ, ਕਰਮਗੜ੍ਹ, ਨੰਦਪੁਰ ਕੇਸ਼ੋਂ, ਫੱਗਣਮਾਜਰਾ, ਕਸਿਆਣਾ, ਬਾਰਨ, ਮਾਜਰੀ ਅਕਾਲੀਆਂ, ਫਰੀਦਪੁਰ ਤੇ ਮਿਰਜ਼ਾਪੁਰ ਪਿੰਡਾਂ ਦਾ ਦੌਰਾ ਕਰਕੇ ਪਿੰਡ ਵਾਸੀਆਂ ਦੀਆਂ ਮੁਸ਼ਕਲਾਂ ਸੁਣੀਆਂ ਅਤੇ ਮੌਕੇ 'ਤੇ ਹੀ ਮੁਸ਼ਕਲਾਂ ਦੇ ਹੱਲ ਲਈ ਅਧਿਕਾਰੀਆਂ ਨੂੰ ਨਿਰਦੇਸ਼ ਦਿੰਦਿਆਂ ਕੰਮਾਂ ਨੂੰ ਪੂਰਾ ਕਰਨ ਦੀ ਸਮਾਂ ਸੀਮਾ ਨਿਰਧਾਰਤ ਕੀਤੀ। ਇਸ ਮੌਕੇ ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਵੱਲੋਂ ਪੰਜਾਬ ਦੇ ਪਿੰਡਾਂ ਦੇ ਵਿਕਾਸ ਲਈ ਦਿੱਤਾ ਜਾਣ ਵਾਲਾ 8 ਹਜ਼ਾਰ ਕਰੋੜ ਰੁਪਇਆ ਰੋਕੇ ਜਾਣ ਦੇ ਬਾਵਜੂਦ ਵੀ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਵੱਲੋਂ ਪਿੰਡਾਂ ਦੇ ਵਿਕਾਸ ਲਈ ਲਗਾਤਾਰ ਫੰਡ ਜਾਰੀ ਕੀਤੇ ਜਾ ਰਹੇ ਹਨ ਅਤੇ ਪਿੰਡ ਵਾਸੀਆਂ ਵੱਲੋਂ ਜਿਹੜੇ ਵੀ ਕੰਮ ਦੱਸੇ ਗਏ ਹਨ, ਉਹ ਪਹਿਲ ਦੇ ਆਧਾਰ 'ਤੇ ਪੂਰੇ ਕੀਤੇ ਜਾਣਗੇ।

ਲੋਕਾਂ ਨੂੰ ਸੰਬੋਧਨ ਕਰਦਿਆਂ ਡਾ. ਬਲਬੀਰ ਸਿੰਘ ਨੇ ਕਿਹਾ ਕਿ ਪਿੰਡਾਂ ਦੀਆਂ ਬਹੁਤੀਆਂ ਮੁਸ਼ਕਲਾਂ ਇਕ ਸਮਾਨ ਹੀ ਹਨ, ਜਿਸ ਵਿੱਚ ਪਾਣੀ ਦੀ ਨਿਕਾਸੀ ਦੀ ਸਮੱਸਿਆ, ਸੜਕਾਂ ਦੇ ਆਲੇ ਦੁਆਲੇ ਨਜਾਇਜ਼ ਕਬਜ਼ੇ, ਰੂੜੀਆਂ ਦੀ ਸਮੱਸਿਆ ਅਤੇ ਗਲੀਆਂ-ਨਾਲੀਆਂ ਦੀ ਸਮੱਸਿਆ। ਇਨ੍ਹਾਂ ਸਾਰੀਆਂ ਮਸ਼ਕਲਾਂ ਦੇ ਹੱਲ ਲਈ ਹੁਣ ਸਮਾਂ ਬੱਧ ਤਰੀਕੇ ਨਾਲ ਕੰਮ ਕੀਤਾ ਜਾ ਰਿਹਾ ਹੈ। ਜਿਸ ਤਹਿਤ ਕੂੜੇ ਅਤੇ ਰੂੜੀਆਂ ਦੀ ਸਮੱਸਿਆ ਦੇ ਹੱਲ ਲਈ ਪਿੰਡਾਂ 'ਚ ਠੋਸ ਤੇ ਤਰਲ ਕੂੜਾ ਪ੍ਰਬੰਧਨ ਲਈ ਛੋਟੇ ਛੋਟੇ ਪਲਾਂਟ ਲਗਾਏ ਜਾਣਗੇ, ਜਿਸ ਨਾਲ ਪਿੰਡ ਵਾਸੀਆਂ ਨੂੰ ਖਾਦ ਵੇਚ ਕੇ ਆਮਦਨ ਵੀ ਹੋ ਸਕੇਗੀ। ਨਜਾਇਜ਼ ਕਬਜ਼ੇ ਛੁਡਵਾਉਣ ਲਈ ਸੜਕਾਂ ਦੀ ਮਿਣਤੀ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਨੇ ਆਦੇਸ਼ ਦਿੱਤੇ ਹਨ ਕਿ ਪਿੰਡਾਂ ਦੇ ਵਿਕਾਸ ਵਿੱਚ ਕੋਈ ਕਸਰ ਬਾਕੀ ਨਹੀਂ ਰਹਿਣੀ ਚਾਹੀਦੀ ਇਸ ਲਈ ਐਮ.ਐਲ.ਏ ਪਿੰਡਾਂ 'ਚ ਜਾ ਕੇ ਲੋਕਾਂ ਦੀਆਂ ਮੁਸ਼ਕਲਾਂ ਸੁਣਨ ਤੇ ਉਨ੍ਹਾਂ ਦਾ ਤੁਰੰਤ ਨਿਪਟਾਰਾ ਕੀਤਾ ਜਾਵੇ। ਉਨ੍ਹਾਂ ਕਿਹਾ ਕਿ ਆਉਣ ਵਾਲੇ ਦਿਨਾਂ ਵਿੱਚ ਵੀ ਪਟਿਆਲਾ ਦਿਹਾਤੀ ਅਤੇ ਮੁਹੱਲਿਆਂ ਵਿੱਚ ਜਾ ਕੇ ਲੋਕਾਂ ਦੀਆਂ ਮੁਸ਼ਕਲਾਂ ਦਾ ਹੱਲ ਕੀਤਾ ਜਾਵੇਗਾ।

ਇਸ ਮੌਕੇ ਕਰਨਲ ਜੇ.ਵੀ. ਸਿੰਘ, ਐਸ.ਡੀ.ਐਮ. ਪਟਿਆਲਾ, ਐਡਵੋਕੇਟ ਰਾਹੁਣ ਸੈਣੀ, ਸਿਵਲ ਸਰਜਨ ਡਾ. ਜਤਿੰਦਰ ਕਾਂਸਲ, ਬੀ.ਡੀ.ਪੀ.ਓ ਬਲਜੀਤ ਸਿੰਘ ਸੋਹੀ, ਭੂਮੀ ਰੱਖਿਆ ਅਫਸਰ ਡਾ. ਮਨਦੀਪ ਕੌਰ, ਤਹਿਸੀਲਦਾਰ ਮਨਮੋਹਨ ਕੁਮਾਰ, ਸੁਰੇਸ਼ ਰਾਏ, ਬਲਾਕ ਪ੍ਰਧਾਨ ਮੋਹਿਤ ਕੁਮਾਰ, ਓਮ ਪ੍ਰਕਾਸ਼, ਹੇਮ ਰਾਜ, ਅਮਨ ਭੁੱਲਰ, ਜਸਵਿੰਦਰ ਸਿੰਘ, ਹਰਪਾਲ ਸਿੰਘ ਵਿਰਕ, ਗੁਰਚਰਨ ਸਿੰਘ ਰੁਪਾਣਾ ਅਤੇ ਪਤਵੰਤੇ ਤੇ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀ ਤੇ ਕਰਮਚਾਰੀਆਂ ਸਮੇਤ ਪਿੰਡਾਂ ਦੇ ਵਸਨੀਕ ਮੌਜੂਦ ਸਨ।

# ਸ਼੍ਰੀ ਰਾਮ ਮੰਦਰ, ਗੁਰੂ ਨਾਨਕ ਨਗਰ ਤੋਂ ਹੋਇਆ ਕਲਸ਼ ਯਾਤਰਾ ਦਾ ਸ਼ੁਭਾਰੰਭ



ਪਟਿਆਲਾ, 21 ਅਗਸਤ
-ਕੌਮੀ ਪੱਤ੍ਰਿਕਾ ਬਿਊਰੋ-

ਸ਼੍ਰੀ ਰਾਮ ਮੰਦਰ, ਗਲੀ ਨੰ. 16, ਗੁਰੂ ਨਾਨਕ ਨਗਰ ਵਿੱਚ ਸਮੂਹ ਮੁਹੱਲਾ ਨਿਵਾਸੀਆਂ ਵੱਲੋਂ ਸ਼੍ਰੀ ਕ੍ਰਿਸ਼ਣ ਜਨਮ ਅਸ਼ਟਮੀ ਦੇ ਪਾਵਨ ਮੌਕੇ ਸ਼੍ਰੀਮਦ ਭਾਗਵਤ ਕਥਾ ਦਾ ਆਯੋਜਨ ਕੀਤਾ ਗਿਆ ਹੈ। 18 ਅਗਸਤ ਤੋਂ ਸ਼ੁਰੂ ਹੋਈ ਇਹ ਕਥਾ 24 ਅਗਸਤ ਤੱਕ ਚਲੇਗੀ। ਅੱਜ ਐਤਵਾਰ ਨੂੰ ਸ਼੍ਰੀਮਦ ਭਾਗਵਤ ਕਥਾ ਦੇ ਸ਼ੁਰੂਆਤ ਮੌਕੇ ਮਹਾਮੰਡਲੇਸ਼ਵਰ 1008 ਸਵਾਮੀ ਸ਼੍ਰੀ ਕਮਲਾਨੰਦ ਗਿਰੀ ਜੀ ਮਹਾਰਾਜ ਦੇ ਮਾਰਗਦਰਸ਼ਨ ਵਿੱਚ ਕਲਸ਼ ਯਾਤਰਾ ਕੱਢੀ ਗਈ। ਇਹ ਯਾਤਰਾ ਸ਼੍ਰੀ ਰਾਮ ਮੰਦਰ, ਗੁਰੂ ਨਾਨਕ ਨਗਰ ਤੋਂ ਸ਼ੁਰੂਆਤ ਹੋ ਕੇ ਗੁਰੂ ਨਾਨਕ ਨਗਰ-ਗੁਰਬਖ਼ਸ਼ ਕਾਲੋਨੀ ਦੇ ਮੁੱਖ ਬਾਜ਼ਾਰ ਅਤੇ ਵੱਖ-ਵੱਖ ਗਲੀਆਂ ਵਿੱਚੋਂ ਗੁਜਰਦੀ ਹੋਈ ਵਾਪਸ ਮੰਦਰੀ ਪਹੁੰਚੀ। ਢੋਲ ਅਤੇ ਭਜਨਾ ਦੀ ਧੁਨ ਤੇ ਭਗਤ ਸਾਰੇ ਰਸਤੇ ਨੱਚਦੇ ਰਹੇ।

ਸ਼੍ਰੀ ਰਾਮ ਮੰਦਰ ਸਾਧਨਾ ਸਤਸੰਗ ਭਵਨ ਵਿੱਚ ਕਥਾ ਦੇ ਆਰੰਭ ਵੇਲੇ ਮਹਾਮੰਡਲੇਸ਼ਵਰ 1008 ਸਵਾਮੀ ਸ਼੍ਰੀ ਕਮਲਾਨੰਦ ਗਿਰੀ ਜੀ ਮਹਾਰਾਜ ਨੇ ਕਿਹਾ ਕਿ ਸ਼੍ਰੀਮਦ ਭਾਗਵਤ ਕਥਾ ਕੇਵਲ ਇੱਕ ਗ੍ਰੰਥ ਨਹੀਂ ਹੈ, ਸੱਚੇ ਗਿਆਨ ਦਾ ਮਹਾਸਾਗਰ ਹੈ, ਜੋ ਵੀ ਵਿਅਕਤੀ ਇਸਦਾ ਰਸਪਾਨ ਕਰਦਾ ਹੈ, ਉਸ ਨੂੰ ਪ੍ਰਭੂ ਕ੍ਰਿਸ਼ਨ ਦੀ ਪਰਮ ਕ੍ਰਿਪਾ ਪ੍ਰਾਪਤ ਹੁੰਦੀ ਹੈ। ਸ਼੍ਰੀਮਦ ਭਾਗਵਤ ਮਨੁੱਖ ਨੂੰ ਮੌਤ ਦੇ ਡਰ ਤੋਂ ਮੁਕਤ ਕਰਵਾਉਂਦੀ ਹੈ। ਨਾਲ ਹੀ ਦੁਨਿਆਵੀ ਮੋਹ ਅਤੇ ਸਬੰਧਾਂ ਤੋਂ ਵੀ ਸਾਡੀ ਮੁਕਤੀ ਦਾ ਮਾਰਗ ਦੱਸਦੀ ਹੈ। ਇਸ ਤੋਂ ਬਾਅਦ ਸਵਾਮੀ ਸੁਸ਼ਾਂਤਾਨੰਦ ਗਿਰੀ ਨੇ ਕਥਾ ਸੁਣਾਈ। ਦੱਸਣ ਯੋਗ ਹੈ ਕਿ 18 ਅਗਸਤ ਤੋਂ ਸ਼ੁਰੂ ਹੋਈ ਸ਼੍ਰੀਮਦ ਭਾਗਵਤ ਕਥਾ ਰੋਜਾਨਾ ਸ਼ਾਮ ਸਾਢੇ 3 ਵਜੇ ਤੋਂ ਸਾਢੇ 6 ਵਜੇ ਤੱਕ ਚਲੇਗੀ ਅਤੇ 25 ਅਸਤ ਨੂੰ ਸ਼ਾਮ 8 ਤੋਂ 10 ਵਜੇਂ ਤੱਕ ਭਜਨ ਕੀਰਤਨ ਦਾ ਆਯੋਜਨ ਕੀਤਾ ਜਾਵੇਗਾ। 26 ਅਗਸਤ ਨੂੰ ਭਗਵਾਨ ਸ਼੍ਰੀ ਕ੍ਰਿਸ਼ਨ ਦੀ ਸੁੰਦਰ-ਸੁੰਦਰ ਝਾਕਿਆਂ ਅਤੇ ਕੀਰਤਨ ਕੀਤਾ ਜਾਵੇਗੀ।

# ਗੁਰਦੁਆਰਾ ਕਮੇਟੀ ਬਦਲਣ ਲਈ ਦੋ ਧਿਰਾਂ 'ਚ ਤਕਰਾਰ



ਦੇਵੀਗੜ੍ਹ, 21 ਅਗਸਤ
-ਕੌਮੀ ਪੱਤ੍ਰਿਕਾ ਬਿਊਰੋ-

ਹਲਕਾ ਸਨੌਰ ਦੇ ਪਿੰਡ ਡੰਡੋਆ ਵਿੱਚ ਲੋਕਲ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਬਦਲਣ ਲਈ ਚੋਣ ਕਰਨ ਨੂੰ ਲੈ ਕੇ ਪਿੰਡ ਦੀਆਂ ਦੋ ਧਿਰਾਂ ਆਹਮੋ ਸਾਹਮਣੇ ਹੋਈਆਂ। ਇਸ ਦੌਰਾਨ ਇਕ ਧਿਰ ਦੇ ਆਗੂ ਅਤੇ ਪਿੰਡ ਦੇ ਸਾਬਕਾ ਸਰਪੰਚ ਜਸਪਾਲ ਸਿੰਘ ਨੇ ਦੱਸਿਆ ਕਿ ਪਿਛਲੇ ਕਾਫੀ ਸਮੇਂ ਤੋਂ ਪਿੰਡ ਦਾ ਮੌਜੂਦਾ ਸਰਪੰਚ ਜਸਮੇਲ ਸਿੰਘ ਇਸ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਵਜੋਂ ਸੇਵਾ ਨਿਭਾਉਂਦਾ ਆ ਰਿਹਾ ਹੈ, ਹੁਣ ਪਿੰਡ ਦੇ ਲੋਕ ਇਹ ਜ਼ਿੰਮੇਵਾਰੀ ਦਾ ਕੰਮ ਕਿਸੇ ਹੋਰ ਵਿਅਕਤੀ ਨੂੰ ਸੌਂਪਣਾ ਚਾਹੁੰਦੇ ਹਨ। ਸਰਪੰਚ ਜਸਮੇਲ ਸਿੰਘ ਪ੍ਰਧਾਨਗੀ ਛੱਡਣ ਨੂੰ ਤਿਆਰ ਨਹੀਂ ਹੈ। ਇਕੱਤਰ ਪਿੰਡ ਵਾਸੀਆਂ ਦੱਸਿਆ ਕਿ ਪਿੰਡ ਦੇ ਮੋਹਤਵਰ ਵਿਅਕਤੀਆਂ ਦੀ ਹਾਜ਼ਰੀ ਵਿੱਚ ਗੁਰਦੁਆਰੇ ਦੇ ਸ਼ੈੱਡ ਹੇਠ ਪਿੰਡ ਦਾ ਸਾਂਝਾ ਇਕੱਠ ਰੱਖਿਆ ਗਿਆ। ਇਸ ਦੌਰਾਨ ਮੌਜੂਦਾ ਪ੍ਰਧਾਨ ਜਸਮੇਲ ਸਿੰਘ ਮਿੱਠੂ ਸਿੰਘ, ਰਾਮਾ, ਅੰਮ੍ਰਿਤਪਾਲ ਸਿੰਘ, ਉਸ ਦੇ ਪਰਿਵਾਰਕ ਮੈਂਬਰ ਅਤੇ ਹੋਰ ਦੋ, ਤਿੰਨ ਵਿਅਕਤੀਆਂ ਨੇ ਪਿੰਡ ਦੇ ਕੀਤੇ ਜਾ ਰਹੇ ਸਾਂਝੇ ਇਕੱਠ ਤੋਂ ਖਫਾ ਹੋ ਕੇ ਬੋਲੈਰੋ ਵਿੱਚ ਆ ਕੇ ਕਿਰਪਾਨ ਅਤੇ ਲਾਠੀਆਂ ਨਾਲ ਧਾਵਾ ਬੋਲ ਦਿੱਤਾ। ਸਾਰੀ ਘਟਨਾ ਸੀਸੀਟੀਵੀ ਕੈਮਰੇ ਵਿੱਚ ਰਿਕਾਰਡ ਹੋ ਗਈ ਹੈ। ਜਗਰੂਪ ਸਿੰਘ ਨੇ ਦੱਸਿਆ ਕਿ ਇਸ ਘਟਨਾ ਵਿੱਚ ਉਸ ਦੇ ਪੁੱਤਰ ਸੁਰਿੰਦਰ ਸਿੰਘ ਦੀ ਸੱਜੀ ਬਾਂਹ ਵੱਢੀ ਗਈ ਜੋ ਕਿ ਰਾਜਿੰਦਰਾ ਹਸਪਾਲ ਪਟਿਆਲਾ ਵਿਚ ਜੇਰੇ ਇਲਾਜ਼ ਹੈ। ਇਸ ਮੌਕੇ ਬਲਜਿੰਦਰ ਸਿੰਘ, ਨਿਰਮਲ ਸਿੰਘ, ਹਾਕਮ ਸਿੰਘ, ਹਰਬੰਸ ਸਿੰਘ, ਬੋਧਾ ਸਿੰਘ ਚੌਂਕੀਦਾਰ, ਮਹਿੰਦਰ ਸਿੰਘ, ਸ਼ਮਸੇਰ ਸਿੰਘ, ਅਜੈਬ ਸਿੰਘ, ਕਰਨੈਲ ਸਿੰਘ, ਦਰਸ਼ਨ ਸਿੰਘ, ਬਲਦੇਵ ਸਿੰਘ, ਨੈਬ ਸਿੰਘ, ਜੋਗਾ ਸਿੰਘ ਅਤੇ ਵਰਖਾ ਸਿੰਘ ਮੌਜੂਦ ਸਨ।

# ਬਠਿੰਡਾ ਮਿਲਟਰੀ ਸਟੇਸ਼ਨ ਦੀਆਂ ਔਰਤਾਂ ਅਤੇ ਬੱਚਿਆਂ ਦਾ ਸਸ਼ਕਤ ਦੌਰਾ ਉੱਦਮੀ ਸਫਲਤਾ ਦੀਆਂ ਕਹਾਣੀਆਂ ਦੀ ਪੜਚੋਲ ਕਰਦਾ



ਬਠਿੰਡਾ, 21 ਅਗਸਤ
-ਕੌਮੀ ਪੱਤ੍ਰਿਕਾ ਬਿਊਰੋ-

ਬਠਿੰਡਾ ਮਿਲਟਰੀ ਸਟੇਸ਼ਨ ਦੀਆਂ ਔਰਤਾਂ ਅਤੇ ਬੱਚਿਆਂ ਦਾ ਸਸ਼ਕਤ ਦੌਰਾ ਉੱਦਮੀ ਸਫਲਤਾ ਦੀਆਂ ਕਹਾਣੀਆਂ ਦੀ ਪੜਚੋਲ ਕਰਦਾ ਹੈ, ਇੱਕ ਪ੍ਰੇਰਨਾਦਾਇਕ ਸੈਰ ਵਿੱਚ, ਬਠਿੰਡਾ ਮਿਲਟਰੀ ਸਟੇਸ਼ਨ ਦੀਆਂ 60 ਔਰਤਾਂ ਅਤੇ ਬੱਚਿਆਂ ਨੇ ਬਠਿੰਡਾ ਸ਼ਹਿਰ ਦੇ ਦੋ ਵਧ ਰਹੇ ਕਾਰੋਬਾਰਾਂ ਦਾ ਦੌਰਾ ਕੀਤਾ, ਉੱਦਮਤਾ ਅਤੇ ਪ੍ਰਭਾਵਸ਼ਾਲੀ ਪ੍ਰਬੰਧਨ ਦੀਆਂ ਜਿੱਤਾਂ ਬਾਰੇ ਸਮਝ ਪ੍ਰਾਪਤ ਕੀਤੀ।

ਪਹਿਲਾ ਸਟਾਪ ਸ਼੍ਰੀ ਗੁਰਚਰਨ ਦੀ ਸ਼ਹਿਦ ਪ੍ਰੋਸੈਸਿੰਗ ਫੈਕਟਰੀ ਸੀ, ਜਿਸ ਨੇ ਨਿਮਾਣੇ ਸ਼ੁਰੂਆਤ ਤੋਂ ਇੱਕ ਸਫਲ ਕਾਰੋਬਾਰ ਬਣਾਉਣ ਦੀ ਆਪਣੀ ਸ਼ਾਨਦਾਰ ਯਾਤਰਾ ਨੂੰ ਸਾਂਝਾ ਕੀਤਾ। ਸ਼੍ਰੀ ਗੁਰਚਰਨ ਦੀ ਉੱਦਮੀ ਭਾਵਨਾ ਅਤੇ ਦ੍ਰਿੜਤਾ ਸਪੱਸ਼ਟ ਸੀ ਕਿਉਂਕਿ ਉਸਨੇ ਦੱਸਿਆ ਕਿ ਉਸਨੇ ਆਪਣੇ ਉੱਦਮ ਦੀ ਸ਼ੁਰੂਆਤ ਘੱਟ ਤੋਂ ਘੱਟ ਸਰੋਤਾਂ ਨਾਲ ਕਿਵੇਂ ਕੀਤੀ। ਮਧੂਮੱਖੀ ਪਾਲਣ ਲਈ ਉਸਦਾ ਜਨੂੰਨ ਅਤੇ ਗੁਣਵੱਤਾ ਪ੍ਰਤੀ ਵਚਨਬੱਧਤਾ ਨੇ ਉਸਦੇ ਸ਼ਹਿਦ ਨੂੰ ਇੱਕ ਲੋੜੀਂਦਾ ਉਤਪਾਦ ਬਣਾ ਦਿੱਤਾ ਹੈ। ਮਹਿਮਾਨ ਸ਼ਹਿਦ ਉਤਪਾਦਨ ਦੀ ਪ੍ਰਕਿਰਿਆ ਅਤੇ ਮਧੂ ਮੱਖੀ ਦੀ ਸੰਭਾਲ ਦੀ ਮਹੱਤਤਾ ਤੋਂ ਪ੍ਰਭਾਵਿਤ ਹੋਏ।

ਦੂਜੀ ਮੰਜ਼ਿਲ NHG ਮਲਟੀ-ਬ੍ਰਾਂਡ ਫੈਕਟਰੀ ਆਊਟਲੈਟ ਭੁੱਚੋ ਸੀ, ਜਿੱਥੇ ਸ਼੍ਰੀਮਤੀ ਅਨਾਮਿਕਾ ਸੰਧੂ, ਇੱਕ ਡਾਇਨਾਮਿਕ ਐਚਆਰ ਮੈਨੇਜਰ, ਨੇ 250 ਤੋਂ ਵੱਧ ਬ੍ਰਾਂਡਾਂ ਅਤੇ 180 ਆਊਟਲੈਟਾਂ ਵਾਲੇ ਇੱਕ ਵਿਸ਼ਾਲ ਕੰਪਲੈਕਸ ਦੇ ਪ੍ਰਬੰਧਨ ਵਿੱਚ ਆਪਣੀ ਮੁਹਾਰਤ ਸਾਂਝੀ ਕੀਤੀ। ਉਸਨੇ ਪ੍ਰਭਾਵਸ਼ਾਲੀ ਪ੍ਰਬੰਧਨ ਦੇ ਮੁੱਖ ਪਹਿਲੂਆਂ ਨੂੰ ਉਜਾਗਰ ਕੀਤਾ, ਜਿਸ ਵਿੱਚ ਰਣਨੀਤਕ ਯੋਜਨਾਬੰਦੀ, ਟੀਮ ਲੀਡਰਸ਼ਿਪ ਅਤੇ ਗਾਹਕ ਸੰਤੁਸ਼ਟੀ ਸ਼ਾਮਲ ਹੈ। ਔਰਤਾਂ ਅਤੇ ਬੱਚੇ ਕੰਪਲੈਕਸ ਦੇ ਪੈਮਾਨੇ ਅਤੇ ਵਿਭਿੰਨਤਾ ਤੋਂ ਪ੍ਰਭਾਵਿਤ ਹੋਏ ਅਤੇ ਇੰਨੇ ਵੱਡੇ ਉਦਯੋਗ ਦੇ ਪ੍ਰਬੰਧਨ ਦੀਆਂ ਚੁਣੌਤੀਆਂ ਨੂੰ ਨੈਵੀਗੇਟ ਕਰਨ ਲਈ ਸ਼੍ਰੀਮਤੀ ਸੰਧੂ ਦੇ ਮਾਰਗਦਰਸ਼ਨ ਤੋਂ ਬਹੁਤ ਪ੍ਰਭਾਵਿਤ ਹੋਏ।

ਇਸ ਦੌਰੇ ਨੇ ਉੱਦਮਤਾ, ਲੀਡਰਸ਼ਿਪ ਅਤੇ ਟੀਮ ਵਰਕ @ਤੇ ਕੀਮਤੀ ਸਬਕ ਦਿੱਤੇ, ਜਿਸ ਨਾਲ ਨੌਜਵਾਨ ਦਿਮਾਗਾਂ ਨੂੰ ਆਪਣੇ ਸੁਪਨਿਆਂ ਅਤੇ ਅਕਾਂਖਿਆਵਾਂ ਨੂੰ ਪੂਰਾ ਕਰਨ ਲਈ ਪ੍ਰੇਰਿਤ ਕੀਤਾ ਗਿਆ। ਇਸ ਖੁਸ਼ਹਾਲ ਅਨੁਭਵ ਦਾ ਉਦੇਸ਼ ਬਠਿੰਡਾ ਮਿਲਟਰੀ ਸਟੇਸ਼ਨ ਦੀਆਂ ਔਰਤਾਂ ਅਤੇ ਬੱਚਿਆਂ ਨੂੰ ਸ਼ਕਤੀ ਪ੍ਰਦਾਨ ਕਰਨਾ ਸੀ, ਉਹਨਾਂ ਨੂੰ ਆਪਣੀ ਸਮਰੱਥਾ ਦੀ ਪੜਚੋਲ ਕਰਨ ਅਤੇ ਇੱਕ ਉੱਦਮੀ ਮਾਨਸਿਕਤਾ ਵਿਕਸਿਤ ਕਰਨ ਲਈ ਉਤਸ਼ਾਹਿਤ ਕਰਨਾ ਸੀ। ਸ਼੍ਰੀ ਗੁਰਚਰਨ ਅਤੇ ਸ਼੍ਰੀਮਤੀ ਅਨਾਮਿਕਾ ਸੰਧੂ ਦੀਆਂ ਸਫਲਤਾ ਦੀਆਂ ਕਹਾਣੀਆਂ ਨੂੰ ਦੇਖ ਕੇ, ਉਨ੍ਹਾਂ ਨੇ ਚੁਣੌਤੀਆਂ ਨੂੰ ਪਾਰ ਕਰਨ ਅਤੇ ਆਪਣੇ ਟੀਚਿਆਂ ਨੂੰ ਪ੍ਰਾਪਤ ਕਰਨ ਲਈ ਆਤਮ ਵਿਸ਼ਵਾਸ ਅਤੇ ਪ੍ਰੇਰਣਾ ਪ੍ਰਾਪਤ ਕੀਤੀ।

# ਥਾਣੇਦਾਰ ਦੀ ਵਰਦੀ ਪਾੜਨ ਦੇ ਦੋਸ਼ਾਂ ਤਹਿਤ ਤਿੰਨ ਗ੍ਰਿਫ਼ਤਾਰ

ਪਾਤੜਾਂ, 21 ਅਗਸਤ
-ਕੌਮੀ ਪੱਤ੍ਰਿਕਾ ਬਿਊਰੋ-

ਪਰਿਵਾਰ ਦੀ ਆਪਸੀ ਲੜਾਈ ਦੀ ਸੂਚਨਾ ਮਿਲਣ 'ਤੇ ਮੌਕੇ 'ਤੇ ਗਏ, ਸਹਾਇਕ ਥਾਣੇਦਾਰ ਦੀ ਵਰਦੀ ਪਾੜਨ 'ਤੇ ਔਰਤ ਸਣੇ ਤਿੰਨਾਂ ਖ਼ਿਲਾਫ਼ ਕੇਸ ਦਰਜ ਕਰਕੇ, ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕਰ ਲਿਆ ਹੈ। ਸਹਾਇਕ ਥਾਣੇਦਾਰ ਜੈ ਪ੍ਰਕਾਸ਼ ਨੇ ਦੱਸਿਆ ਹੈ ਕਿ ਸੋਨੀ ਸਿੰਘ ਵਾਸੀ ਹਾਮਝੇੜੀ ਵੱਲੋਂ ਸ਼ਿਕਾਇਤ ਮਿਲੀ ਸੀ ਕਿ ਉਸ ਦਾ ਭਰਾ ਹਰੀ ਸਿੰਘ ਸ਼ਰਾਬ ਦੇ ਨਸ਼ੇ ਵਿੱਚ ਉਨ੍ਹਾਂ ਨੂੰ ਪ੍ਰੇਸ਼ਾਨ ਕਰ ਰਿਹਾ ਹੈ। ਵਿਹੜੇ ਵਿੱਚ ਖੜ੍ਹੀ ਸਕੂਟਰੀ ਨੂੰ ਅੱਗ ਲਗਾਉਣ ਦੀ ਕੋਸ਼ਿਸ਼ ਕਰ ਰਿਹਾ ਹੈ। ਜਦੋਂ ਉਹ ਮੌਕੇ 'ਤੇ ਪੁੱਜੇ ਤਾਂ ਰਵੀਨਾ ਰਾਣੀ ਨੇ ਉਸ ਦੀ ਵਰਦੀ ਦੇ ਬਟਨ ਤੋੜ ਦਿੱਤੇ ਤੇ ਵਰਦੀ ਪਾੜ ਦਿੱਤੀ, ਬਾਕੀ ਕਰਮਚਾਰੀ ਛਡਾਉਣ ਲੱਗੇ ਤਾਂ ਉਨ੍ਹਾਂ ਨਾਲ ਵੀ ਧੱਕਾ ਮੁੱਕੀ ਕੀਤੀ ਅਤੇ ਜਾਨੋਂ ਮਾਰਨ ਦੀਆ ਧਮਕੀਆਂ ਦਿੱਤੀਆਂ। ਹਰੀ ਸਿੰਘ, ਨਿਰਭੈ ਸਿੰਘ ਅਤੇ ਰਵੀਨਾ ਰਾਣੀ ਖ਼ਿਲਾਫ਼ ਕੇਸ ਦਰਜ ਕਰਕੇ ਉਨ੍ਹਾਂ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ।

# ਡਾ ਗੁਰਪ੍ਰੀਤ ਸਿੰਘ ਰਾਏ ਵਲੋਂ ਸਿਵਲ ਸਰਜਨ ਤਰਨਤਾਰਨ ਵਜੋਂ ਸੰਭਾਲਿਆ ਅਹੁਦਾ।

ਤਰਨ ਤਾਰਨ 21 ਅਗਸਤ (ਕੌਮੀ ਪੱਤ੍ਰਿਕਾ ਬਿਊਰੋ)-ਪੰਜਾਬ ਸਰਕਾਰ ਦੇ ਹੁਕਮਾਂ ਅਨੁਸਾਰ ਡਾ ਗੁਰਪ੍ਰੀਤ ਸਿੰਘ ਰਾਏ ਵਲੋਂ ਬਤੌਰ ਸਿਵਲ ਸਰਜਨ ਤਰਨਤਾਰਨ ਦਾ ਅਹੁਦਾ ਸੰਭਾਲ ਲਿਆ ਗਿਆ ਹੈ। ਇਸ ਮੌਕੇ ਤੇ ਸਮੂਹ ਸਿਹਤ ਅਧਿਕਾਰੀਆਂ ਅਤੇ ਕਰਮਚਾਰੀਆਂ ਵਲੋਂ ਉਹਨਾਂ ਦਾ ਨਿੱਘਾ ਸਵਾਗਤ ਕੀਤਾ ਗਿਆ। ਇਸ ਉਪੰਰਤ ਉਹਨਾਂ ਵਲੋਂ ਸਿਹਤ ਵਿਭਾਗ ਦੇ ਸਮੂਹ ਜਿਲ੍ਹਾ ਅਧਿਕਾਰੀਆਂ ਨਾਲ ਵਿਸ਼ੇਸ਼ ਮੀਟਿੰਗ ਕੀਤੀ ਅਤੇ ਕਿਹਾ ਕਿ ਸਿਹਤ ਵਿਭਾਗ ਦੇ ਸਾਰੇ ਪ੍ਰੋਗਰਾਮ ਅਤੇ ਸਕੀਮਾਂ ਦਾ ਲਾਭ ਆਮ ਲੋਕਾਂ ਤੱਕ ਪੁੰਚਾਉਣਾਂ ਉਹਨਾਂ ਦਾ ਮੁੱਖ ਮੰਤਵ ਹੋਣਾਂ ਚਾਹੀਦਾ ਹੈ ਅਤੇ ਜਿਲ੍ਹੇ ਭਰ ਵਿਚ ਸਿਹਤ ਸਹੂਲਤਾਂ ਦੇ ਮਿਆਰ ਨੂੰ ਹੋਰ ਉੱਚਾ ਚੁਕਣ ਲਈ ਹਰ ਸੰਭਵ ਯਤਨ ਕੀਤੇ ਜਾਣੇ ਚਾਹੀਦੇ ਹਨ। ਇਸ ਮੌਕੇ ਤੇ ਜਿਲ੍ਹਾ ਟੀਕਾਕਰਣ ਅਫਸਰ ਡਾ ਵਰਿੰਦਰ ਪਾਲ ਕੌਰ, ਸਹਾਇਕ ਸਿਵਲ ਸਰਜਨ ਡਾ ਦੇਵੀਬਾਲਾ, ਜਿਲ੍ਹਾ ਪਰਿਵਾਰ ਭਲਾਈ ਅਫਸਰ ਡਾ ਆਸ਼ੀਸ ਗੁਪਤਾ, ਜਿਲ੍ਹਾ ਸਿਹਤ ਅਫਸਰ ਡਾ ਸੁਖਬੀਰ ਕੌਰ, ਡਿਪਟੀ ਮੈਡੀਕਲ ਕਮਿਸ਼ਨਰ ਡਾ ਸੰਦੀਪ ਸਿੰਘ ਕਾਲੜਾ, ਸੀਨੀਅਰ ਮੈਡੀਕਲ ਅਫਸਰ ਡਾ ਰਮਨਦੀਪ ਸਿੰਘ ਪੱਡਾ, ਡੀ.ਡੀ.ਐਚ.ਓ. ਡਾ ਸੰਦੀਪ ਬੰਬਰਾ, ਜਿਲ੍ਹਾ ਐਪੀਡਿਮੋਲੋਜਿਸਟ ਡਾ ਸਿਮਰਨ ਕੌਰ, ਡਾ ਸੁਖਜਿੰਦਰ ਸਿੰਘ, ਡਾ ਅਮਨਦੀਪ ਸਿੰਘ, ਡਾ ਰਨਦੀਪ ਸਿੰਘ, ਜਿਲ੍ਹਾ , ਗੁਰਦੇਵ ਸਿੰਘ, ਰਜਵੰਤ ਸਿੰਘ ਅਤੇ ਸਮੂਹ ਸਟਾਫ ਹਾਜਰ ਸੀ।

# ਰਾਈਸ ਮਿਲਰਾਂ ਨੂੰ ਨਹੀਂ ਆਉਣ ਦਿੱਤੀ ਜਾਵੇਗੀ ਕੋਈ ਸਮੱਸਿਆ : ਪ੍ਰਿੰਸੀਪਲ ਸੈਕਟਰੀ ਵਿਕਾਸ ਗਰਗ



ਚੰਡੀਗੜ੍ਹ, 21 ਅਗਸਤ
-ਕੌਮੀ ਪੱਤ੍ਰਿਕਾ ਬਿਊਰੋ-

ਰਾਈਸ ਮਿਲਰਾਂ ਨੂੰ ਬੀਤੇ ਵਰ੍ਹੇ ਜਿਸ ਕਿਸਮ ਦੀ ਵੀ ਸਮੱਸਿਆ ਦਾ ਸਾਹਮਣਾ ਕਰਨਾ ਪਿਆ ਹੈ ਉਹ ਭਵਿੱਖ ਵਿੱਚ ਨਹੀਂ ਆਉਣ ਦਿੱਤੀ ਜਾਵੇਗੀ। ਇਨ੍ਹਾਂ ਗੱਲਾਂ ਦਾ ਪ੍ਰਗਟਾਵਾਂ ਖੁਰਾਕ ਸਪਲਾਈ ਵਿਭਾਗ ਦੇ ਪ੍ਰਿੰਸੀਪਲ ਸੈਕਟਰੀ ਸ਼੍ਰੀ ਵਿਕਾਸ ਗਰਗ ਨੇ ਮਾਲਵੇ ਦੇ ਬਠਿੰਡਾ, ਮਾਨਸਾ, ਫਿਰੋਜਪੁਰ, ਫਰੀਦਕੋਟ, ਫਾਜ਼ਿਲਕਾ ਅਤੇ ਸ਼੍ਰੀ ਮੁਕਤਸਰ ਸਾਹਿਬ ਦੇ ਰਾਈਸ ਮਿਲਰਾਂ ਨਾਲ ਵਿਸ਼ੇਸ਼ ਮੀਟਿੰਗ ਦੌਰਾਨ ਕੀਤਾ। ਇਸ ਮੌਕੇ ਉਨ੍ਹਾਂ ਦੇ ਨਾਲ ਖੁਰਾਕ ਸਪਲਾਈ ਵਿਭਾਗ ਦੇ ਡਾਇਰੈਕਟਰ ਸ਼੍ਰੀ ਪੁਨੀਤ ਗੋਇਲ, ਵਧੀਕ ਡਾਇਰੈਕਟਰ ਸ਼੍ਰੀ ਅਜੈਬੀਰ ਸਿੰਘ ਸਰਾਓ ਅਤੇ ਐਸਡੀਐਮ ਬਠਿੰਡਾ ਮੈਡਮ ਇਨਾਯਤ ਵਿਸ਼ੇਸ਼ ਤੌਰ ਤੇ ਮੌਜੂਦ ਰਹੇ।

ਇਸ ਮੌਕੇ ਪ੍ਰਿੰਸੀਪਲ ਸੈਕਟਰੀ ਸ਼੍ਰੀ ਵਿਕਾਸ ਗਰਗ ਨੇ ਰਾਈਸ ਮਿਲਰਾਂ ਨੂੰ ਕਿਹਾ ਕਿ ਹਰ ਸਾਲ ਨਵੀਂ ਬਨਣ ਵਾਲੀ ਕਸਟਮ ਮਿਲਿੰਗ ਪਾਲਿਸੀ ਚ ਸੁਧਾਰ ਕੀਤਾ ਜਾਵੇਗਾ। ਇਸ ਦੌਰਾਨ ਉਨ੍ਹਾਂ ਰਾਈਸ ਮਿਲਰਾਂ ਨੂੰ ਭਰੋਸਾ ਦਿਵਾਇਆ ਕਿ ਸਰਕਾਰ ਨਾਲ ਵਿਸ਼ੇਸ਼ ਮੀਟਿੰਗ ਕਰਕੇ ਉਨ੍ਹਾਂ ਦੀਆਂ ਜਾਇਜ਼ ਸਮੱਸਿਆਵਾਂ ਦਾ ਹਰ ਸੰਭਵ ਹੱਲ ਕੱਢਿਆ ਜਾਵੇਗਾ।

ਇਸ ਤੋਂ ਪਹਿਲਾਂ ਪ੍ਰਿੰਸੀਪਲ ਸੈਕਟਰੀ ਨੇ ਰਾਈਸ ਮਿਲਰਾਂ ਦੇ ਸੁਝਾਅ ਲ਼ਏ ਅਤੇ ਉਨ੍ਹਾਂ ਨੂੰ ਦਰਪੇਸ਼ ਆ ਰਹੀਆਂ ਮੁਸ਼ਕਿਲਾਂ ਨੂੰ ਸੁਣਿਆ। ਇਸ ਮੌਕੇ ਉਨ੍ਹਾਂ ਸਬੰਧਤ ਅਧਿਕਾਰੀਆਂ ਨੂੰ ਹਦਾਇਤ ਕਰਦਿਆਂ ਕਿਹਾ ਕਿ ਰਾਇਸ ਮਿਲਰਾਂ ਨੂੰ ਹਰ ਤਰ੍ਹਾਂ ਦਾ ਸੰਭਵ ਸਹਿਯੋਗ ਦਿੱਤਾ ਜਾਵੇ।

ਇਸ ਮੌਕੇ ਖੁਰਾਕ ਸਿਵਲ ਤੇ ਸਪਲਾਈ ਕੰਟਰੋਲਰ ਮੈਡਮ ਰੂਪਪ੍ਰੀਤ, ਸਹਾਇਕ ਸਿਵਲ ਤੇ ਸਪਲਾਈ ਕੰਟਰੋਲਰ ਅਫਸਰ ਹਰਸ਼ਿਤ ਮਹਿਤਾ, ਸ਼੍ਰੀ ਮੁਕਤਸਰ ਸਾਹਿਬ, ਫਾਜਿਲਕਾ, ਫਿਰੋਜਪੁਰ, ਮਾਨਸਾ ਅਤੇ ਫਰੀਦਕੋਟ ਆਦਿ ਜ਼ਿਲ੍ਹਿਆਂ ਦੇ ਡੀਐਫਐਸਸੀਜ਼ ਤੋਂ ਇਲਾਵਾ ਜ਼ਿਲ੍ਹਾ ਮੈਨੇਜ਼ਰ ਪਨਸਪ, ਵੇਅਰਹਾਊਸ, ਮਾਰਕਫੈਡ ਤੇ ਰਾਈਸ ਮਿਲਰ ਆਦਿ ਹਾਜ਼ਰ ਸਨ।

# ਫਿਰੋਜ਼ਪੁਰ ਤੀਹਰਾ ਕਤਲ ਮਾਮਲਾ: ਪੰਜਾਬ ਪੁਲਿਸ ਨੇ ਸ੍ਰੀ ਮੁਕਤਸਰ ਸਾਹਿਬ ਤੋਂ ਇੱਕ ਹੋਰ ਅਹਿਮ ਦੋਸ਼ੀ ਨੂੰ ਕੀਤਾ ਗ੍ਰਿਫਤਾਰ; ਦੋ ਪਿਸਤੌਲ ਬਰਾਮਦ

## ਗ੍ਰਿਫਤਾਰ ਕੀਤਾ ਗਿਆ ਮੁਲਜ਼ਮ, ਫਿਰੋਜ਼ਪੁਰ 'ਚ ਹਾਲ ਹੀ ਦੌਰਾਨ ਹੋਈਆਂ ਤਿੰਨ 3 ਹੱਤਿਆਵਾਂ ਨੂੰ ਅੰਜਾਮ ਦੇਣ ਵਾਲੇ ਮਾਸਟਰਮਾਈਂਡ ਸੁਨੀਲ ਭੰਡਾਰੀ ਦਾ ਮੁੱਖ ਸਹਿਯੋਗੀ ਹੈ : ਡੀਜੀਪੀ ਗੌਰਵ ਯਾਦਵ



ਚੰਡੀਗੜ੍ਹ, 21 ਅਗਸਤ
-ਕੌਮੀ ਪੱਤ੍ਰਿਕਾ ਬਿਊਰੋ-

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਸੋਚ ਅਨੁਸਾਰ ਪੰਜਾਬ ਨੂੰ ਅਪਰਾਧ ਮੁਕਤ ਸੂਬਾ ਬਣਾਉਣ ਦੇ ਮੱਦੇਨਜ਼ਰ ਚਲਾਈ ਜਾ ਰਹੀ ਮੁਹਿੰਮ ਦੌਰਾਨ ਕਾਊਂਟਰ ਇੰਟੈਲੀਜੈਂਸ (ਸੀ.ਆਈ.) ਬਠਿੰਡਾ ਨੇ ਸ੍ਰੀ ਮੁਕਤਸਰ ਸਾਹਿਬ ਪੁਲਿਸ ਨਾਲ ਸਾਂਝੇ ਆਪ੍ਰੇਸ਼ਨ ਤਹਿਤ, ਫਿਰੋਜ਼ਪੁਰ ਤੀਹਰੇ ਕਤਲ ਕਾਂਡ ਵਿੱਚ ਸ਼ਾਮਲ ਇੱਕ ਹੋਰ ਅਹਿਮ ਮੁਲਜ਼ਮ ਲਵਜੀਤ ਸਿੰਘ ਉਰਫ਼ ਲਾਭਾ ਵਾਸੀ ਮੁਕਤਸਰ ਸਾਹਿਬ ਨੂੰ ਗ੍ਰਿਫ਼ਤਾਰ ਕੀਤਾ ਹੈ।

ਇਹ ਜਾਣਕਾਰੀ ਡੀਜੀਪੀ ਪੰਜਾਬ ਗੌਰਵ ਯਾਦਵ ਨੇ ਸ਼ਨਿਚਰਵਾਰ ਨੂੰ ਇੱਥੇ ਦਿੱਤੀ।

ਇਹ ਕਾਰਵਾਈ, ਐਂਟੀ ਗੈਂਗਸਟਰ ਟਾਸਕ ਫੋਰਸ ਵੱਲੋਂ 31 ਜੁਲਾਈ, 2024 ਨੂੰ ਫਿਰੋਜ਼ਪੁਰ ਵਿੱਚ ਹੋਈਆਂ ਤਿੰਨ ਤਾਜ਼ਾ ਹੱਤਿਆਵਾਂ ਨੂੰ ਅੰਜਾਮ ਦੇਣ ਵਾਲੇ ਮਾਸਟਰਮਾਈਂਡ ਸੁਨੀਲ ਭੰਡਾਰੀ ਉਰਫ਼ ਨਾਟਾ ਸਮੇਤ ਪੰਜ ਵਿਅਕਤੀਆਂ ਦੀ ਗ੍ਰਿਫਤਾਰੀ ਤੋਂ ਬਾਅਦ ਅਮਲ ਵਿੱਚ ਲਿਆਂਦੀ ਗਈ ਹੈ।

ਡੀਜੀਪੀ ਗੌਰਵ ਯਾਦਵ ਨੇ ਦੱਸਿਆ ਕਿ ਮੁਲਜ਼ਮ ਲਵਜੀਤ ਸਿੰਘ, ਜੋ ਕਿ ਗੈਂਗਸਟਰ ਸੁਨੀਲ ਭੰਡਾਰੀ ਉਰਫ਼ ਨਾਟਾ ਦਾ ਮੁੱਖ ਸਾਥੀ ਹੈ, ਨੇ ਕਤਲ ਤੋਂ ਬਾਅਦ ਉਸ ਨੂੰ ਅਤੇ ਉਸ ਦੇ ਸਾਥੀਆਂ ਨੂੰ ਪਨਾਹ ਦਿੱਤੀ। ਉਨ੍ਹਾਂ ਦੱਸਿਆ ਕਿ ਪੁਲਿਸ ਟੀਮਾਂ ਨੇ ਕਾਬੂ ਕੀਤੇ ਮੁਲਜ਼ਮ ਲਵਜੀਤ ਲਾਭਾ ਦੇ ਕਬਜ਼ੇ 'ਚੋਂ ਦੋ ਪਿਸਤੌਲ-ਇੱਕ .30 ਬੋਰ ਦਾ ਪਿਸਤੌਲ ਅਤੇ ਇੱਕ .32 ਬੋਰ ਦਾ ਪਿਸਤੌਲ ਸਮੇਤ ਚਾਰ ਜਿੰਦਾ ਕਾਰਤੂਸ ਵੀ ਬਰਾਮਦ ਕੀਤੇ ਹਨ।

ਡੀਜੀਪੀ ਨੇ ਦੱਸਿਆ ਕਿ ਪੁਲਿਸ ਟੀਮਾਂ ਨੇ ਇਸ ਮਾਮਲੇ ਨੂੰ ਸੁਲਝਾਉਣ ਲਈ ਪੇਸ਼ੇਵਰ ਅਤੇ ਵਿਗਿਆਨਕ ਤਰੀਕੇ ਨਾਲ ਜਾਂਚ ਕੀਤੀ । ਉਨ੍ਹਾਂ ਕਿਹਾ ਕਿ ਇਸ ਮਾਮਲੇ ਵਿੱਚ ਅਗਲੇ-ਪਿਛਲੇ ਸਬੰਧ ਸਥਾਪਤ ਕਰਨ ਲਈ ਹੋਰ ਜਾਂਚ ਕੀਤੀ ਜਾ ਰਹੀ ਹੈ।

ਅਪਰੇਸ਼ਨ ਦੇ ਵੇਰਵੇ ਸਾਂਝੇ ਕਰਦਿਆਂ ਏਆਈਜੀ ਸੀਆਈ ਬਠਿੰਡਾ ਅਵਨੀਤ ਕੌਰ ਸਿੱਧੂ ਨੇ ਦੱਸਿਆ ਕਿ ਪੁਲਿਸ ਟੀਮਾਂ ਨੂੰ ਪਿੰਡ ਖਾਨੇ ਕੀ ਢਾਬ ਅਤੇ ਪਿੰਡ ਈਨਾ ਖੇੜਾ ਵਿਖੇ ਸ਼ੱਕੀ ਵਿਅਕਤੀ ਦੀ ਮੌਜੂਦਗੀ ਬਾਰੇ ਖੁਫੀਆ ਇਤਲਾਹ ਮਿਲੀ ਸੀ। ਉਨ੍ਹਾਂ ਦੱਸਿਆ ਕਿ ਇਸ 'ਤੇ ਮੁਸਤੈਦੀ ਨਾਲ ਕਾਰਵਾਈ ਕਰਦੇ ਹੋਏ, ਸੀ.ਆਈ.ਏ. ਬਠਿੰਡਾ ਦੀਆਂ ਪੁਲਿਸ ਟੀਮਾਂ ਨੇ ਸ੍ਰੀ ਮੁਕਤਸਰ ਸਾਹਿਬ ਪੁਲਿਸ ਨਾਲ ਸਾਂਝੇ ਆਪ੍ਰੇਸ਼ਨ ਦੌਰਾਨ ਮੁਲਜ਼ਮ ਲਵਜੀਤ ਸਿੰਘ ਨੂੰ ਪਿੰਡ ਈਨਾ ਖੇੜਾ ਦੇ ਸੂਏ ਦੇ ਪੁਲ ਨੇੜਿਓਂ ਕਾਬੂ ਕਰ ਲਿਆ।

ਐਸ.ਐਸ.ਪੀ. ਸ੍ਰੀ ਮੁਕਤਸਰ ਸਾਹਿਬ, ਤੁਸ਼ਾਰ ਗੁਪਤਾ ਨੇ ਦੱਸਿਆ ਕਿ ਇਸ ਸਬੰਧ ਵਿੱਚ ਐਫ.ਆਈ.ਆਰ. ਨੰ. 88 ਮਿਤੀ 16.08.2024 ਨੂੰ ਅਸਲਾ ਐਕਟ ਦੀ ਧਾਰਾ 25 ਅਧੀਨ ਥਾਣਾ ਸਦਰ ਮਲੋਟ ਸ੍ਰੀ ਮੁਕਤਸਰ ਸਾਹਿਬ ਵਿਖੇ ਕੇਸ ਦਰਜ ਕੀਤਾ ਗਿਆ ਹੈ। ਉਨ੍ਹਾਂ ਅੱਗੇ ਦੱਸਿਆ ਕਿ ਪਿਛਲੇ ਅਪਰਾਧਿਕ ਰਿਕਾਰਡ ਅਨੁਸਾਰ ਗ੍ਰਿਫਤਾਰ ਕੀਤਾ ਮੁਲਜ਼ਮ ਲਵਜੀਤ ਸਿੰਘ ਐਨਡੀਪੀਐਸ ਐਕਟ ਤਹਿਤ ਅਪਰਾਧਿਕ ਮੁਕੱਦਮੇ ਦਾ ਸਾਹਮਣਾ ਕਰ ਰਿਹਾ ਸੀ ਅਤੇ ਸਤੰਬਰ 2023 ਵਿੱਚ ਫਰੀਦਕੋਟ ਜੇਲ੍ਹ ਵਿੱਚੋਂ ਬਾਹਰ ਆਇਆ ਸੀ।

## ਸੰਪਾਦਕੀ

## ਆਨਲਾਈਨ ਹਥਿਆਰਾਂ ਦਾ ਕਾਰੋਬਾਰ ਇੱਕ ਨਵੇਂ ਯੁੱਗ ਦਾ ਆਰੰਭ

ਵੈੱਬ ਆਧਾਰਿਤ ਐਪਸ ਅਤੇ ਡਾਰਕ ਵੈਬ ਬਾਜ਼ਾਰਾਂ ਦੇ ਉਭਾਰ ਨੇ ਅਪਰਾਧਿਕ ਸਰਗਰਮੀਆਂ ਖ਼ਾਸਕਰ ਗ਼ੈਰ-ਕਾਨੂੰਨੀ ਹਥਿਆਰਾਂ ਦੇ ਵਪਾਰ ਵਿੱਚ ਇੱਕ ਨਵੇਂ ਯੁੱਗ ਦਾ ਆਰੰਭ ਕਰ ਦਿੱਤਾ ਹੈ। ਜਾਂਚ ਤੋਂ ਪਤਾ ਲੱਗਿਆ ਹੈ ਕਿ ਅਪਰਾਧੀਆਂ ਵੱਲੋਂ ਇਨ੍ਹਾਂ ਪਲੈਟਫਾਰਮਾਂ ਦਾ ਇਸਤੇਮਾਲ ਵਧਦਾ ਜਾ ਰਿਹਾ ਹੈ ਤਾਂ ਕਿ ਹਥਿਆਰ ਖਰੀਦ ਕੇ ਅਤੇ ਤਸਕਰੀ ਕਰ ਕੇ ਹੱਤਿਆਵਾਂ ਅਤੇ ਹੋਰ ਸੰਗੀਨ ਅਪਰਾਧ ਕੀਤੇ ਜਾ ਸਕਣ। ਪੰਜਾਬ ਪੁਲੀਸ ਵੱਲੋਂ ਰਾਜਸਥਾਨ ਆਧਾਰਿਤ ਹਥਿਆਰਾਂ ਦੇ ਇੱਕ ਤਸਕਰ ਦੀ ਸ਼ੰਭੂ ਤੋਂ ਗ੍ਰਿਫ਼ਤਾਰੀ ਤੋਂ ਪਤਾ ਲੱਗਦਾ ਹੈ ਕਿ ਇਹ ਗਤੀਵਿਧੀਆਂ ਕਿੰਨੇ ਸੌਖੇ ਢੰਗ ਨਾਲ ਚੱਲ ਰਹੀਆਂ ਹਨ। ਇਹ ਮਸ਼ਕੂਕ, ਜਿਸ ਦਾ ਗ਼ੈਰ-ਕਾਨੂੰਨੀ ਹਥਿਆਰ ਬਠਿੰਡਾ ਲਿਜਾਂਦੇ ਹੋਏ ਖੁਰਾ ਨੱਪਿਆ ਗਿਆ, ਇੱਕ ਵਡੇਰੇ ਨੈੱਟਵਰਕ ਨਾਲ ਜੁੜਿਆ ਹੋਇਆ ਹੈ ਜਿਸ ਵਿੱਚ ਵਿਦੇਸ਼ ਬੈਠੇ ਗੈਂਗਸਟਰ ਅਤੇ ਮੁਕਾਮੀ ਸਪਲਾਇਰ ਸ਼ਾਮਿਲ ਹਨ ਅਤੇ ਇਹ ਸਾਰੇ ਸਿਗਨਲ ਜਿਹੇ ਐਨਕ੍ਰਿਪਟਿਡ ਐਪਸ ਨਾਲ ਆਪਸੀ ਸੰਚਾਰ ਕਰਦੇ ਹਨ।

ਮਾਰਚ ਮਹੀਨੇ ਸਟੇਟ ਸਪੈਸ਼ਲ ਅਪਰੇਟਿੰਗ ਸੈੱਲ (ਐੱਸਐੱਸਓਸੀ) ਮੁਹਾਲੀ ਨੇ ਚਾਰ ਤਸਕਰਾਂ ਕੋਲੋਂ ਕੁਝ ਹਥਿਆਰ ਬਰਾਮਦ ਕੀਤੇ ਸਨ। ਅੰਤਰਰਾਸ਼ਟਰੀ ਪੱਧਰ 'ਤੇ ਡਾਰਕ ਵੈੱਬ ਗ਼ੈਰ-ਕਾਨੂੰਨੀ ਹਥਿਆਰ ਡੀਲਰਾਂ ਲਈ ਇੱਕ ਸਵਰਗ ਬਣ ਗਿਆ ਹੈ ਜਿੱਥੇ ਗੋਪਨੀਅਤਾ ਦੀ ਗਾਰੰਟੀ ਹੈ ਅਤੇ ਲੈਣ ਦੇਣ ਨੂੰ ਫਰੋਲਣਾ ਲਗਭਗ ਅਸੰਭਵ ਹੈ। ਪਤਾ ਲੱਗਿਆ ਹੈ ਕਿ ਹੈਂਡਗੰਨਾਂ ਅਤੇ ਅਰਧ ਸਵੈ-ਚਾਲਿਤ ਹਥਿਆਰਾਂ ਦਾ ਬਹੁਤਾ ਵਪਾਰ ਹੁੰਦਾ ਹੈ ਜਿਨ੍ਹਾਂ ਕਰ ਕੇ ਜਨ ਸੁਰੱਖਿਆ ਲਈ ਖ਼ਤਰਾ ਪੈਦਾ ਹੁੰਦਾ ਹੈ। ਡਾਰਕ ਵੈੱਬ ਦੀ ਪਛਾਣ ਅਤੇ ਲੋਕੇਸ਼ਨ ਛੁਪਾਉਣ ਦੀ ਖ਼ੂਬੀ ਕਰ ਕੇ ਕਾਨੂੰਨ ਲਾਗੂ ਕਰਨ ਵਾਲੀਆਂ ਏਜੰਸੀਆਂ ਲਈ ਇਨ੍ਹਾਂ ਲੋਕਾਂ ਦਾ ਪਿੱਛਾ ਕਰਨਾ ਚੁਣੌਤੀਪੂਰਨ ਹੁੰਦਾ ਹੈ। ਇਸ ਰੁਝਾਨ ਦੇ ਵਿਆਪਕ ਅਸਰ ਹਨ। ਜਿਵੇਂ-ਜਿਵੇਂ ਤਕਨੀਕ ਤਰੱਕੀ ਕਰਦੀ ਹੈ, ਅਪਰਾਧਿਕ ਕਾਰਵਾਈਆਂ ਵੀ ਗੁੰਝਲਦਾਰ ਹੁੰਦੀਆਂ ਜਾਂਦੀਆਂ ਹਨ। ਪੁਲੀਸ ਤੇ ਹੋਰਨਾਂ ਏਜੰਸੀਆਂ ਨੂੰ ਤੇਜ਼ੀ ਨਾਲ ਸਮੇਂ ਦੇ ਹਾਣ ਦਾ ਬਣਨਾ ਪਏਗਾ, ਇਨ੍ਹਾਂ ਡਿਜੀਟਲ ਖ਼ਤਰਿਆਂ ਦਾ ਜਵਾਬ ਦੇਣ ਲਈ ਨਵੀਆਂ ਰਣਨੀਤੀਆਂ ਘੜਨੀਆਂ ਪੈਣਗੀਆਂ ਤੇ ਨਵੇਂ ਸਾਧਨ ਵਿਕਸਤ ਕਰਨੇ ਪੈਣਗੇ। ਸਰਹੱਦ ਪਾਰੋਂ ਇਸ ਕਿਸਮ ਦੇ ਅਪਰਾਧ ਦਾ ਟਾਕਰਾ ਕਰਨ ਲਈ ਆਲਮੀ ਪੱਧਰ 'ਤੇ ਵੀ ਅਸਰਦਾਰ ਤਾਲਮੇਲ ਦੀ ਲੋੜ ਹੈ।

ਖ਼ੁਫੀਆ ਜਾਣਕਾਰੀਆਂ ਸਾਂਝੀਆਂ ਕਰ ਕੇ ਤੇ ਸਰੋਤਾਂ ਦੀ ਆਪਸੀ ਵਰਤੋਂ ਨਾਲ ਹੀ ਪ੍ਰਭਾਵੀ ਕਾਰਵਾਈ ਅਮਲ ਵਿਚ ਲਿਆਂਦੀ ਜਾ ਸਕਦੀ ਹੈ। ਵੈੱਬ-ਅਧਾਰਿਤ ਪਲੈਟਫਾਰਮ ਰਾਹੀਂ ਗ਼ੈਰ-ਕਾਨੂੰਨੀ ਹਥਿਆਰਾਂ ਦਾ ਵਪਾਰ ਵਧਣਾ, ਤਕਨੀਕ ਦੀ ਵਰਤੋਂ ਦੇ ਹਨੇਰੇ ਪੱਖ ਵੱਲ ਧਿਆਨ ਦਿਵਾਉਂਦਾ ਹੈ। ਸਮਾਜ ਦੀ ਰਾਖੀ ਲਈ ਇਹ ਜ਼ਰੂਰੀ ਹੈ ਕਿ ਅਸੀਂ ਇਸ ਮੁੱਦੇ ਨਾਲ ਫੌਰੀ ਤੌਰ 'ਤੇ ਗੰਭੀਰਤਾ ਨਾਲ ਸਿੱਝੀਏ। ਇਹ ਯਕੀਨੀ ਬਣਾਈਏ ਕਿ ਆਧੁਨਿਕ ਜੀਵਨ ਦੇ ਇਹ ਸਾਧਨ ਹਿੰਸਾ ਦੇ ਹਥਿਆਰ ਨਾ ਬਣ ਸਕਣ।

## ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ ਯੂਕਰੇਨ ਦੌਰਾ

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਇਸ ਹਫ਼ਤੇ ਯੂਕਰੇਨ ਦੌਰੇ ਦਾ ਸਰਕਾਰੀ ਐਲਾਨ ਅਜਿਹੇ ਵਕਤ ਆਇਆ ਹੈ ਜਦੋਂ ਇਹ ਰਿਪੋਰਟਾਂ ਆਈਆਂ ਸਨ ਕਿ ਇੱਕ ਰੂਸੀ ਫ਼ੌਜੀ ਕੈਂਪ ਉੱਪਰ ਯੂਕਰੇਨੀ ਹਮਲੇ ਵਿੱਚ ਕੇਰਲਾ ਦੇ ਇੱਕ ਵਿਅਕਤੀ ਦੀ ਮੌਤ ਹੋ ਗਈ ਹੈ। ਕਰੀਬ 30 ਮਹੀਨਿਆਂ ਤੋਂ ਚੱਲ ਰਹੀ ਇਸ ਜੰਗ ਵਿੱਚ ਹੁਣ ਤੱਕ ਕਰੀਬ 10 ਭਾਰਤੀ ਮਾਰੇ ਜਾ ਚੁੱਕੇ ਹਨ ਅਤੇ ਸ਼ਾਇਦ ਇਸੇ ਕਾਰਨ ਪ੍ਰਧਾਨ ਮੰਤਰੀ ਯੂਕਰੇਨੀ ਰਾਸ਼ਟਰਪਤੀ ਵਲੋਦੀਮੀਰ ਜ਼ੇਲੈਂਸਕੀ ਨੂੰ ਉਹੀ ਗੱਲ ਦੱਸਣ ਜਾ ਰਹੇ ਹਨ ਜੋ ਉਨ੍ਹਾਂ ਪਿਛਲੇ ਮਹੀਨੇ ਰੂਸੀ ਰਾਸ਼ਟਰਪਤੀ ਪੂਤਿਨ ਨੂੰ ਦੱਸੀ ਸੀ: ਮਾਸਕੋ ਅਤੇ ਕੀਵ ਨੂੰ ਉਨ੍ਹਾਂ ਦਾ ਟਕਰਾਅ ਗੱਲਬਾਤ ਅਤੇ ਕੂਟਨੀਤੀ ਰਾਹੀਂ ਸੁਲਝਾਉਣਾ ਚਾਹੀਦਾ ਹੈ। ਯੂਕਰੇਨ ਤੋਂ ਇਹ ਦ੍ਰਿੜਾਉਣ ਦੀ ਤਵੱਕੋ ਹੈ ਕਿ ਉਹ ਚਾਹੁੰਦਾ ਹੈ ਕਿ ਭਾਰਤ ਸ਼ਾਂਤੀ ਬਹਾਲੀ ਲਈ ਅਹਿਮ ਭੂਮਿਕਾ ਨਿਭਾਵੇ ਹਾਲਾਂਕਿ ਦਿੱਲੀ ਨੇ ਸਾਲਸੀ ਦੀ ਬਜਾਇ ਲੜ ਰਹੀਆਂ ਦੋਵਾਂ ਧਿਰਾਂ ਵਿਚਾਲੇ ਆਪਣੇ-ਆਪ ਨੂੰ ਹਰਕਾਰੇ ਦੀ ਭੂਮਿਕਾ ਤੱਕ ਸੀਮਤ ਕੀਤਾ ਹੋਇਆ ਹੈ। ਆਪਣੀ ਰਣਨੀਤਕ ਖ਼ੁਦਮੁਖ਼ਤਾਰੀ ਤਹਿਤ ਭਾਰਤ ਨੇ ਆਪਣੇ ਰੂਸ ਪੱਖੀ ਝੁਕਾਅ ਨੂੰ ਕਦੇ ਛੁਪਾਉਣ ਦੀ ਕੋਸ਼ਿਸ਼ ਨਹੀਂ ਕੀਤੀ ਪਰ ਇਸ ਦੇ ਨਾਲ ਹੀ ਇਸ ਨੇ ਯੂਕਰੇਨ ਨਾਲ ਵੀ ਰਾਬਤਾ ਰੱਖਿਆ ਹੈ।

ਜੁਲਾਈ ਵਿੱਚ ਮੋਦੀ ਦੀ ਫੇਰੀ ਅਤੇ ਪੂਤਿਨ ਨਾਲ ਜੱਫੀ ਉੱਪਰ ਜ਼ੇਲੈਂਸਕੀ ਨੇ ਸਾਫ਼ ਤੌਰ 'ਤੇ ਨਾਖੁਸ਼ੀ ਜਤਾਈ ਸੀ ਅਤੇ ਸ਼ਾਂਤੀ ਯਤਨਾਂ ਲਈ ਝਟਕਾ ਕਰਾਰ ਦਿੱਤਾ ਸੀ। ਜ਼ਾਹਿਰਾ ਤੌਰ 'ਤੇ ਸ੍ਰੀ ਮੋਦੀ ਨੇ ਸੰਤੁਲਨ ਬਿਠਾਉਣ ਲਈ ਕੀਵ ਵਿੱਚ ਬੱਚਿਆਂ ਦੇ ਇੱਕ ਹਸਪਤਾਲ 'ਤੇ ਮਿਜ਼ਾਈਲ ਹਮਲੇ ਵਿੱਚ ਹੋਏ ਜਾਨੀ ਨੁਕਸਾਨ 'ਤੇ ਅਫ਼ਸੋਸ ਜਤਾਇਆ ਸੀ, ਜੋ ਕਿ ਮਾਸਕੋ ਨੂੰ ਬਹੁਤਾ ਪਸੰਦ ਨਹੀਂ ਆਇਆ ਸੀ।

ਭਾਵੇਂ ਜ਼ੇਲੈਂਸਕੀ ਨਾਲ ਪ੍ਰਧਾਨ ਮੰਤਰੀ ਦੀ ਆਗਾਮੀ ਬੈਠਕ 'ਤੇ ਰੂਸ ਨੇੜਿਓਂ ਨਜ਼ਰ ਰੱਖੇਗਾ, ਪਰ ਇੱਕ ਕੌੜਾ ਸੱਚ ਇਹ ਵੀ ਹੈ ਕਿ ਰੂਸੀ ਫੌਜ 'ਚੋਂ ਭਾਰਤੀਆਂ ਨੂੰ ਕੱਢ ਕੇ ਵਤਨ ਵਾਪਸ ਲਿਆਉਣ ਦਾ ਕੰਮ ਅਜੇ ਵੀ ਚੱਲ ਰਿਹਾ ਹੈ। ਉਪਲੱਬਧ ਜਾਣਕਾਰੀ ਮੁਤਾਬਿਕ ਪ੍ਰਧਾਨ ਮੰਤਰੀ ਮੋਦੀ ਨੂੰ ਪਿਛਲੇ ਮਹੀਨੇ ਇਸ ਸਬੰਧੀ ਪੂਤਿਨ ਕੋਲੋਂ ਭਰੋਸਾ ਵੀ ਮਿਲਿਆ ਸੀ, ਪਰ ਜ਼ਮੀਨੀ ਪੱਧਰ 'ਤੇ ਹਾਲੇ ਤੱਕ ਕੁਝ ਠੋਸ ਨਜ਼ਰ ਨਹੀਂ ਆਇਆ। ਵਿਦੇਸ਼ ਮੰਤਰੀ ਐੱਸ. ਜੈਸ਼ੰਕਰ ਨੇ 9 ਅਗਸਤ ਨੂੰ ਲੋਕ ਸਭਾ ਵਿਚ ਦੱਸਿਆ ਸੀ ਕਿ ਰੂਸੀ ਸੈਨਾ ਵਿੱਚ ਭਰਤੀ ਕੀਤੇ ਗਏ 91 ਭਾਰਤੀ ਨਾਗਰਿਕਾਂ ਵਿੱਚੋਂ 69 ਅਜੇ ਵੀ ਡਿਸਚਾਰਜ ਉਡੀਕ ਰਹੇ ਹਨ। ਇਨ੍ਹਾਂ ਵਿਅਕਤੀਆਂ ਦੀ ਜਲਦੀ ਵਤਨ ਵਾਪਸੀ ਲਈ ਮਾਸਕੋ 'ਤੇ ਦਬਾਅ ਬਣਾਉਣਾ ਸਿਖ਼ਰਲੀਆਂ ਤਰਜੀਹਾਂ ਵਿੱਚ ਸ਼ਾਮਿਲ ਹੋਣਾ ਚਾਹੀਦਾ ਹੈ, ਪਰ ਭਾਰਤ ਨੂੰ ਸੋਚ-ਸਮਝ ਕੇ ਅੱਗੇ ਵਧਣਾ ਪਏਗਾ ਤਾਂ ਕਿ ਇਸ ਦਾ ਪੱਕਾ ਦੋਸਤ ਕਿਤੇ ਨਾਰਾਜ਼ ਨਾ ਹੋ ਜਾਵੇ। ਪ੍ਰਧਾਨ ਮੰਤਰੀ ਨਰਿੰਦਰ ਮੋਦੀ 23 ਅਗਸਤ ਨੂੰ ਯੂਕਰੇਨ ਦੇ ਰਾਸ਼ਟਰਪਤੀ ਵਲੋਦੀਮੀਰ ਜ਼ੇਲੈਂਸਕੀ ਨਾਲ ਗੱਲਬਾਤ ਕਰਨਗੇ। ਉਹ ਯੂਕਰੇਨ ਜੰਗ ਦਾ ਸ਼ਾਂਤਮਈ ਹੱਲ ਲੱਭਣ ਲਈ ਆਪਣਾ ਯੋਗਦਾਨ ਪਾਉਣ ਦੇ ਇੱਛੁਕ ਹਨ। ਇਸ ਤੋਂ ਪਹਿਲਾਂ ਮੋਦੀ ਪੋਲੈਂਡ ਦਾ ਦੌਰਾ ਕਰਨਗੇ।

# ਜੰਮੂ ਕਸ਼ਮੀਰ: ਜਮਹੂਰੀ ਪ੍ਰਕਿਰਿਆ ਅਤੇ ਲੋਕ

**ਵਜਾਹਤ ਹਬੀਬੁੱਲ੍ਹਾ**



ਰਿਆਸਤ ਜੰਮੂ ਕਸ਼ਮੀਰ ਦੇ ਭਾਰਤ ਨਾਲ ਰਲੇਵੇਂ ਮੌਕੇ ਸ਼ੇਖ ਅਬਦੁੱਲਾ ਨੇ ਸ੍ਰੀਨਗਰ ਦੇ ਲਾਲ ਚੌਕ ਵਿੱਚ ਹਲਫ਼ ਲੈਂਦਿਆਂ ਮਹਾਨ ਭਾਰਤੀ ਸ਼ਾਇਰ ਅਮੀਰ ਖੁਸਰੋ ਦੇ ਇਹ ਸ਼ਬਦ ਵਰਤੇ ਸਨ: "ਮਨ ਤੂ ਸ਼ੁਦਮ ਤੂ ਮਨ ਸ਼ੁਦੀ; ਮਨ ਤੂ ਸ਼ੁਦਮ ਤੂ ਜਾਨ ਸ਼ੁਦੀ।" (ਭਾਵ ਮੈਂ ਤੂੰ ਬਣ ਗਿਆ ਹੈਂ ਅਤੇ ਤੂੰ ਮੈਂ ਬਣ ਗਿਆ ਹਾਂ। ਮੈਂ ਸਰੀਰ ਹਾਂ ਤੇ ਤੂੰ ਆਤਮਾ)

ਅੱਜ ਸਾਨੂੰ ਆਪਣੇ ਆਪ ਤੋਂ ਉਹੀ ਸਵਾਲ ਪੁੱਛਣ ਦੀ ਲੋੜ ਹੈ ਜੋ ਸ਼ੇਖ ਅਬਦੁੱਲਾ ਨੇ 1975 ਦੇ ਇੰਦਰਾ-ਸ਼ੇਖ ਸਮਝੌਤੇ ਦੀ ਪੂਰਬਲੀ ਸ਼ਾਮ ਪੁੱਛਿਆ ਸੀ: "ਕੀ ਤੁਸੀਂ ਸੱਚਮੁੱਚ ਮਹਿਸੂਸ ਕਰਦੇ ਹੋ ਕਿ ਲੋਕਰਾਜ ਅਤੇ ਧਰਮ-ਨਿਰਪੱਖਤਾ ਦੀਆਂ ਨੀਹਾਂ ਅੱਜ ਪਹਿਲਾਂ ਨਾਲੋਂ ਜ਼ਿਆਦਾ ਮਜ਼ਬੂਤ ਹਨ? ਕੀ ਤੁਸੀਂ ਇਮਾਨਦਾਰੀ ਨਾਲ ਇਹ ਕਹਿਣ ਦੀ ਹਿੰਮਤ ਦਿਖਾ ਸਕਦੇ ਹੋ ਕਿ ਕਸ਼ਮੀਰੀਆਂ ਅਤੇ ਭਾਰਤ ਵਿਚਕਾਰ ਬੇਵਿਸਾਹੀ ਦੀਆਂ ਜ਼ੰਜੀਰਾਂ ਟੁੱਟ ਗਈਆਂ ਹਨ? ਕੀ ਇੱਥੋਂ (ਕਸ਼ਮੀਰ) ਦੇ ਲੋਕਾਂ ਨੂੰ ਸਾਫ਼-ਸੁਥਰਾ ਪ੍ਰਸ਼ਾਸਨ ਮਿਲਿਆ ਹੈ ਜਿਸ ਦੀਆਂ ਆਸਾਂ ਉਨ੍ਹਾਂ ਲੰਮੇ ਅਰਸੇ ਤੋਂ ਲਾਈਆਂ ਹੋਈਆਂ ਹਨ? ਕੀ ਉਹ ਬੇਰੁਜ਼ਗਾਰੀ ਅਤੇ ਗ਼ਰੀਬੀ ਦੀ ਜਿੱਲ੍ਹਣ 'ਚੋਂ ਨਿਕਲ ਸਕੇ ਹਨ?"

ਇਹ ਕਸ਼ਮੀਰ ਕੇਂਦਰਿਤ ਸਵਾਲਨਾਮਾ ਸੀ ਪਰ ਸੰਵਿਧਾਨ ਦੀ ਧਾਰਾ 370 ਪੜ੍ਹਦਿਆਂ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਜੰਮੂ ਕਸ਼ਮੀਰ ਪੁਨਰਗਠਨ ਬਿੱਲ 2019 ਬਾਰੇ ਬਹਿਸ ਦਾ ਜਵਾਬ ਦਿੰਦਿਆਂ ਲੱਦਾਖ ਸਣੇ ਸਮੁੱਚੇ ਜੰਮੂ ਕਸ਼ਮੀਰ 'ਚੋਂ ਭ੍ਰਿਸ਼ਟਾਚਾਰ ਖ਼ਤਮ ਕਰਨ ਦਾ ਵਾਅਦਾ ਕੀਤਾ ਸੀ। ਇਸ ਤੋਂ ਇੱਕ ਸਾਲ ਦੇ ਅੰਦਰ ਅੰਦਰ ਸ਼ਹਿਰੀ ਆਜ਼ਾਦੀਆਂ ਬਾਰੇ ਅੰਦੋਲਨ ਚਲਾਉਣ ਵਾਲੇ ਕਸ਼ਮੀਰੀ ਸ਼ਖ਼ਸ ਰਾਜਾ ਮੁਜ਼ੱਫਰ ਭੱਟ ਨੇ ਲਿਖਿਆ ਸੀ: "ਇਹ ਅਕਸਰ ਦੇਖਿਆ ਗਿਆ ਹੈ ਕਿ ਪਿਛਲੇ ਇੱਕ ਸਾਲ ਦੇ ਅੰਦਰ ਸਰਕਾਰੀ ਦਫ਼ਤਰਾਂ ਵਿੱਚ ਕੁਸ਼ਾਸਨ, ਕੁਨਬਾਪਰਵਰੀ ਅਤੇ ਭ੍ਰਿਸ਼ਟਾਚਾਰ ਨੇਮ ਹੀ ਬਣ ਗਿਆ ਹੈ।" ਸੱਜਰੀ ਸਥਿਤੀ ਬਾਰੇ ਉਸ ਨੇ ਮੈਨੂੰ ਦੱਸਿਆ ਕਿ ਇਹ ਪਹਿਲਾਂ ਨਾਲੋਂ ਵੀ ਬਦਤਰ ਹੋ ਗਈ ਹੈ।

ਸਮੁੱਚੇ ਦੇਸ਼ ਦੇ ਨਾਮਵਰ ਸ਼ਹਿਰੀਆਂ ਵੱਲੋਂ ਕਾਇਮ ਕੀਤੇ ਗਏ ਫੋਰਮ ਫਾਰ ਹਿਊਮਨ ਰਾਈਟਸ ਨੇ ਆਪਣੀ ਸਾਲਾਨਾ ਰਿਪੋਰਟ ਵਿੱਚ ਦਰਜ ਕੀਤਾ ਹੈ ਕਿ ਅਤਿਵਾਦ ਨਾਲ ਟਾਕਰੇ ਦੀਆਂ ਕਾਰਵਾਈਆਂ ਨੂੰ ਬਹੁਤ ਜ਼ਿਆਦਾ ਤਰਜੀਹ ਦਿੱਤੀ ਜਾ ਰਹੀ ਹੈ ਜਿਸ ਕਰ ਕੇ ਕਾਨੂੰਨ ਦਾ ਰਾਜ ਗੰਧਲਾ ਹੋ ਗਿਆ ਹੈ ਅਤੇ ਇਸ ਦੇ ਸਦਮੇ ਕਾਰਨ ਬੱਚਿਆਂ ਸਮੇਤ ਲੋਕਾਂ ਅੰਦਰ ਵਿਆਪਕ ਪੱਧਰ 'ਤੇ ਤਣਾਅ ਪਾਇਆ ਜਾ ਰਿਹਾ ਹੈ। ਮਸ਼ਹੂਰ ਦਸਤਕਾਰੀ ਸਮੇਤ ਵਣਜ ਅਤੇ ਸਨਅਤ ਦੇ ਹਰੇਕ ਖੇਤਰ ਨੂੰ ਭਾਰੀ ਘਾਟਿਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਮੁਕਾਮੀ ਦਸਤਕਾਰੀ ਦੀ ਥਾਂ ਅੰਮ੍ਰਿਤਸਰ ਵਿੱਚ ਬਣਿਆ ਸਸਤਾ ਨਕਲੀ ਮਾਲ ਵੇਚਿਆ ਜਾ ਰਿਹਾ ਹੈ ਅਤੇ ਕਸ਼ਮੀਰੀ ਉੱਦਮੀਆਂ ਨੂੰ ਵੀ ਉਹ ਜ਼ਿਆਦਾ ਲਾਹੇਵੰਦ ਲੱਗਣ ਲੱਗਿਆ ਹੈ।

ਇਹ ਠੀਕ ਹੈ ਕਿ ਸੈਰ-ਸਪਾਟੇ ਨੂੰ ਹੁਲਾਰਾ ਮਿਲਿਆ ਹੈ। ਇਹ ਵੀ ਠੀਕ ਹੈ ਕਿ ਸ੍ਰੀਨਗਰ, ਗੁਲਮਰਗ ਅਤੇ ਪਹਿਲਗਾਮ ਵਿੱਚ ਹੋਟਲ ਸਨਅਤ ਖੁਸ਼ਹਾਲ ਹੋ ਰਹੀ ਹੈ ਪਰ ਕੀ ਇਸ ਨਾਲ ਕਸ਼ਮੀਰੀਆਂ ਨੂੰ ਕੋਈ ਲਾਭ ਹੋ ਰਿਹਾ ਹੈ? ਹੋਟਲਾਂ ਦੇ ਸਟਾਫ ਵਿੱਚ ਗ਼ੈਰ-ਕਸ਼ਮੀਰੀ ਭਰੇ ਹੋਏ ਹਨ ਅਤੇ ਉਨ੍ਹਾਂ ਵਿੱਚ ਗੁਜਰਾਤੀ ਤੇ ਰਾਜਸਥਾਨੀ ਪਕਵਾਨ ਪਰੋਸੇ ਜਾ ਰਹੇ ਹਨ। ਕੀ ਕਸ਼ਮੀਰੀਆਂ ਕੋਲ ਪਰੋਸਣ ਲਈ ਆਪਣਾ ਕੁਝ ਵੀ ਨਹੀਂ ਹੈ? ਗੁਲਮਰਗ ਵਿੱਚ ਹਰੇਕ ਹੋਟਲ ਨੂੰ ਲੀਜ਼ਹੋਲਡ ਦੀ ਮਿਆਦ ਪੁੱਗਣ 'ਤੇ ਜ਼ਬਤੀ ਦੇ ਖ਼ਤਰੇ ਦਾ ਸਾਹਮਣਾ ਕਰਨਾ ਪੈ ਰਿਹਾ ਹੈ ਤੇ ਕੇਂਦਰ ਸਰਕਾਰ ਵੱਲੋਂ ਗੁਜਰਾਤ ਦੇ ਕਾਰੋਬਾਰੀਆਂ ਨੂੰ ਇਸ ਲਾਹੇਵੰਦ ਸਨਅਤ ਵਿੱਚ ਨਿਵੇਸ਼ ਕਰਨ ਲਈ ਕਾਇਲ ਕੀਤਾ ਜਾਂਦਾ ਹੈ।

ਜਿਹਲਮ ਦਰਿਆ ਦੇ ਬੰਨ੍ਹ ਦੇ ਨਾਲੋ ਨਾਲ ਅਤੇ ਡੱਲ ਝੀਲ ਦੇ ਆਲੇ-ਦੁਆਲੇ ਮੁੱਖ ਮਾਰਗ ਸਣੇ ਸ੍ਰੀਨਗਰ ਦੀਆਂ ਸੜਕਾਂ ਨੂੰ ਚੌੜਾ ਕਰਨ ਅਤੇ ਸਾਈਕਲ ਟਰੈਕ ਬਣਾਉਣ ਦੀ ਮੁਹਿੰਮ ਚਲਾਈ ਜਾ ਰਹੀ ਹੈ। ਬਹੁਤੇ ਠੇਕੇਦਾਰ ਗੁਜਰਾਤੀ ਹਨ। ਅੰਦਾਜ਼ਾ ਲਾਓ ਕਿ ਕਿਸ ਨੂੰ ਫ਼ਾਇਦਾ ਹੋ ਰਿਹਾ ਹੈ? ਹੋਰ ਤਾਂ ਹੋਰ, ਮਜ਼ਦੂਰ ਵੀ ਬਾਹਰੋਂ ਲਿਆਂਦੇ ਗਏ ਹਨ। ਅਮੂਮਨ ਸੜਕਾਂ 'ਤੇ ਜਾਮ ਲੱਗੇ ਰਹਿੰਦੇ ਹਨ ਪਰ ਚੌੜੇ ਬੰਨ੍ਹ ਜਾਂ ਮੁੱਖ ਮਾਰਗ 'ਤੇ ਤਫ਼ਰੀਹ ਕਰਦਾ ਕੋਈ ਬੰਦਾ ਨਜ਼ਰ ਨਹੀਂ ਆਉਂਦਾ।

ਕੇਂਦਰੀ ਗ੍ਰਹਿ ਮੰਤਰਾਲੇ ਅਤੇ ਜੰਮੂ ਕਸ਼ਮੀਰ ਪ੍ਰਸ਼ਾਸਨ ਵੱਲੋਂ ਜੋ ਰਿਹਾਇਸ਼ੀ (ਡੋਮੀਸਾਈਲ) ਨੇਮ ਲਾਗੂ ਕੀਤੇ ਗਏ ਹਨ, ਉਨ੍ਹਾਂ ਜ਼ਰੀਏ ਮੁਕਾਮੀ ਰੁਜ਼ਗਾਰ ਖ਼ਤਮ ਕਰ ਦਿੱਤਾ ਗਿਆ ਹੈ। ਸੂਚਨਾ ਅਤੇ ਲੋਕ ਸੰਪਰਕ ਡਾਇਰੈਕਟੋਰੇਟ ਨੇ ਸੁਰੱਖਿਆ ਏਜੰਸੀਆਂ ਨਾਲ ਰਲ ਕੇ ਮੀਡੀਆ ਦਾ ਗਲਾ ਨੱਪ ਰੱਖਿਆ ਹੈ।

ਇਸ ਸਭ ਕੁਝ ਦਾ ਸਿੱਟਾ ਇਹ ਨਿਕਲਿਆ ਹੈ ਕਿ ਜੰਮੂ ਡਿਵੀਜ਼ਨ ਵਿੱਚ ਪੀਰ ਪੰਜਾਲ ਤੋਂ ਪਾਰ ਪੱਛਮ ਵਿੱਚ ਪੁਣਛ ਤੋਂ ਲੈ ਕੇ ਪੂਰਬ ਵਿੱਚ ਕਠੂਆ ਤੱਕ ਅਤੇ ਉੱਤਰੀ ਤੇ ਦੱਖਣੀ ਕਸ਼ਮੀਰ (ਇਹ ਉਹ ਇਲਾਕੇ ਸਨ ਜਿਨ੍ਹਾਂ ਬਾਰੇ ਸਰਕਾਰ ਸ਼ੇਖੀਆਂ ਮਾਰਦੀ ਰਹਿੰਦੀ ਸੀ ਕਿ ਇਹ ਅਤਿਵਾਦ ਮੁਕਤ ਹੋ ਚੁੱਕੇ ਹਨ) ਵਿੱਚ ਵੀ ਅਤਿਵਾਦੀ ਸਰਗਰਮੀਆਂ ਵਿੱਚ ਇਜ਼ਾਫ਼ਾ ਹੋ ਗਿਆ ਹੈ ਅਤੇ ਸੁਰੱਖਿਆ ਦਸਤਿਆਂ ਨੂੰ ਨਿਸ਼ਾਨਾ ਬਣਾਇਆ ਜਾ ਰਿਹਾ ਹੈ।

ਉਂਝ, ਅਬਦੁੱਲਾ ਦੇ ਸਵਾਲਾਂ ਦਾ ਸਾਰ-ਤੱਤ ਅਤੇ ਮਨਸੂਖੀ ਦਾ ਸਪੱਸ਼ਟ ਉਦੇਸ਼ ਜਮਹੂਰੀਅਤ ਦੀਆਂ ਬੁਨਿਆਦਾਂ ਨੂੰ ਮਹਿਫੂਜ਼ ਕਰਨ 'ਤੇ ਕੇਂਦਰਿਤ ਸੀ। ਮੈਨੂੰ ਮਾਰਚ 2021 ਵਿੱਚ ਕੁਲਗਾਮ ਦੇ ਤਸਵਲਗਾਮ ਆਰਾਮਘਰ 'ਚ ਨਵੀਂ ਚੁਣੀ ਜ਼ਿਲ੍ਹਾ ਵਿਕਾਸ ਪਰਿਸ਼ਦ (ਡੀਡੀਸੀ) ਦੇ ਸਾਰੇ 20 ਮੈਂਬਰਾਂ ਨਾਲ ਕੀਤੀ ਆਪਣੀ ਮੀਟਿੰਗ ਯਾਦ ਆ ਰਹੀ ਹੈ। ਇਸ 'ਚ ਸੀਪੀਐੱਮ, ਪੀਪਲਜ਼ ਡੈਮੋਕਰੈਟਿਕ ਪਾਰਟੀ, ਨੈਸ਼ਨਲ ਕਾਨਫਰੰਸ ਤੇ ਭਾਰਤੀ ਰਾਸ਼ਟਰੀ ਕਾਂਗਰਸ ਦੇ ਪ੍ਰਤੀਨਿਧ ਸ਼ਾਮਿਲ ਸਨ। ਸੀਪੀਐੱਮ ਦੇ ਮੁਹੰਮਦ ਅਫ਼ਜ਼ਲ ਪੈਰੇ ਚੇਅਰਮੈਨ ਸਨ ਤੇ ਨੈਸ਼ਨਲ ਕਾਨਫਰੰਸ ਦੀ ਸ਼ਾਜ਼ੀਆ ਉਪ-ਚੇਅਰਪਰਸਨ ਸੀ। ਇਹ ਵੀ ਜ਼ਿਕਰਯੋਗ ਹੈ ਕਿ ਕੁਲਗਾਮ ਚਿਨਾਰ ਕੋਰ ਵੱਲੋਂ ਹਾਲ ਹੀ ਵਿੱਚ ਕੀਤੇ ਇੱਕ ਭੇਤਭਰੇ ਟਵੀਟ ਦਾ ਵਿਸ਼ਾ ਸੀ: "ਕੁਲਗਾਮ 'ਚ ਹਾਲਨ ਦੇ ਉੱਚੇ ਪਹਾੜੀ ਇਲਾਕਿਆਂ ਵਿੱਚ ਅਤਿਵਾਦੀਆਂ ਦੀ ਮੌਜੂਦਗੀ ਬਾਰੇ ਖ਼ੁਫ਼ੀਆ ਜਾਣਕਾਰੀ ਦੇ ਆਧਾਰ 'ਤੇ ਸੁਰੱਖਿਆ ਬਲਾਂ ਨੇ 4 ਅਗਸਤ 2023 ਨੂੰ ਅਪਰੇਸ਼ਨ ਲਾਂਚ ਕੀਤਾ। ਅਤਿਵਾਦੀਆਂ ਨਾਲ ਮੁਕਾਬਲੇ 'ਚ ਤਿੰਨ ਸੈਨਿਕ ਫੱਟੜ ਹੋ ਗਏ ਤੇ ਮਗਰੋਂ ਉਨ੍ਹਾਂ ਦੀ ਮੌਤ ਹੋ ਗਈ।"

ਚੇਅਰਮੈਨ ਪੈਰੇ ਨੇ ਬਿਆਨ ਜਾਰੀ ਕਰਦਿਆਂ ਸ਼ੁਰੂ 'ਚ ਕਿਹਾ ਕਿ 5 ਅਗਸਤ ਨੂੰ ਜੋ ਵੀ ਹੋਇਆ, 'ਠੀਕ ਨਹੀਂ ਹੋਇਆ', ਕਸ਼ਮੀਰ ਦੀ ਜਿੰਦ ਹੀ ਕੱਢ ਲਈ ਗਈ ਸੀ। ਚੋਣਾਂ ਮਗਰੋਂ ਕੋਈ ਵੀ ਨਵਾਂ ਵਿਕਾਸ ਕਾਰਜ ਨਾ ਹੋਣ ਕਾਰਨ ਉਨ੍ਹਾਂ ਨੂੰ ਨਾ ਤਾਂ ਅੱਗੇ ਦਾ ਕੋਈ ਰਾਹ ਨਜ਼ਰ ਆ ਰਿਹਾ ਸੀ ਤੇ ਨਾ ਹੀ ਪਿੱਛੇ ਮੁੜਨ ਦਾ। ਉਨ੍ਹਾਂ ਸਵਾਲ ਕੀਤਾ, "ਅਸੀਂ ਕੀ ਕਰੀਏ?" ਸੁਰੱਖਿਆ ਬਲਾਂ ਵੱਲੋਂ ਕੌਂਸਲਰਾਂ ਨੂੰ ਲੋਕਾਂ ਨਾਲ ਮਿਲਣ ਤੋਂ ਰੋਕ ਦਿੱਤਾ ਗਿਆ ਸੀ। ਜੇਲ੍ਹ ਜਾਣ ਦੀ ਸੰਭਾਵਨਾ ਤੋਂ ਬਿਨਾਂ ਉਹ ਨੌਜਵਾਨਾਂ ਨੂੰ ਕੁਝ ਨਹੀਂ ਦੇ ਸਕਦੇ ਸਨ। ਕਈ ਨੌਜਵਾਨਾਂ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਸੀ। ਕਈਆਂ ਦਾ ਕੋਈ ਥਹੁ-ਪਤਾ ਨਹੀਂ ਲੱਗਾ। ਉਨ੍ਹਾਂ ਦਾ ਪਤਾ ਲਾਉਣ ਲਈ ਕੌਂਸਲਰਾਂ ਕੋਲ ਕੋਈ ਮਦਦ ਵੀ ਨਹੀਂ ਸੀ।

ਡੀਡੀਸੀ ਜਿਹੀ ਸੰਸਥਾ ਦੇ ਨਕਾਰਾ ਹੋਣ ਬਾਰੇ ਕਈ ਪਾਰਟੀਆਂ ਤੋਂ ਵਾਰ-ਵਾਰ ਸ਼ਿਕਾਇਤਾਂ ਮਿਲੀਆਂ ਸਨ ਜੋ ਲੋਕਾਂ ਲਈ ਕੁਝ ਵੀ ਕਰਨ ਜੋਗੀ ਨਹੀਂ ਸੀ। ਕੌਂਸਲਰਾਂ ਨੂੰ ਮਿਲਣ ਤੋਂ ਅਧਿਕਾਰੀ ਬਚਦੇ ਸਨ। ਕਈ ਵਾਰ ਉਨ੍ਹਾਂ ਦੇ ਆਪਣੇ ਪਰਿਵਾਰ ਹੀ ਉਨ੍ਹਾਂ ਨੂੰ ਮੁਖ਼ਬਰ ਹੋਣ ਕਰਕੇ ਛੱਡ ਦਿੰਦੇ ਸਨ। ਟਰਾਂਸਪੋਰਟ ਤੇ ਸੁਰੱਖਿਆ ਵਰਗੀਆਂ ਸਹੂਲਤਾਂ ਲਈ ਕੌਂਸਲਰਾਂ ਨੂੰ ਅਧਿਕਾਰੀਆਂ ਵੱਲੋਂ ਜ਼ਲੀਲ ਕੀਤਾ ਜਾਂਦਾ ਸੀ, ਜਦੋਂਕਿ ਇਨ੍ਹਾਂ ਬਾਰੇ ਯਕੀਨ ਦਿਵਾਇਆ ਗਿਆ ਸੀ ਕਿ ਇਹ ਪੁਲੀਸ ਕੰਟਰੋਲ ਰੂਮ (ਪੀਸੀਆਰ) ਵੱਲੋਂ ਮੁਹੱਈਆ ਕਰਵਾਈਆਂ ਜਾਣਗੀਆਂ। ਇਹ ਸ਼ਿਕਾਇਤ ਵੀ ਸੀ ਕਿ ਕੌਂਸਲਰਾਂ ਨੂੰ ਦਿੱਤੇ ਗਏ ਪੀਐੱਸਓ ਹੀ ਜਾਸੂਸ ਸਨ ਤੇ ਪੀਸੀਆਰ ਨੂੰ ਉਨ੍ਹਾਂ ਦੀਆਂ ਗਤੀਵਿਧੀਆਂ ਬਾਰੇ ਦੱਸ ਰਹੇ ਸਨ। ਰਾਜੇਸ਼ ਕੁਮਾਰ ਭੱਟ, ਜੋ ਕਿ ਪਰਵਾਸੀ ਰਿਹਾ, 1995 ਵਿੱਚ ਕੁਲਗਾਮ ਪਰਤ ਆਇਆ। ਉਸ ਨੂੰ ਡੀਡੀਸੀ ਵਿੱਚ ਆਪਣੇ ਸਹਿਯੋਗੀਆਂ ਦਾ ਭਰੋਸਾ ਤੇ ਸਾਥ ਮਿਲਿਆ ਅਤੇ ਪ੍ਰਕਿਰਿਆਵਾਂ ਨੂੰ ਪੂਰੀ ਪੇਸ਼ੇਵਰ ਯੋਗਤਾ ਨਾਲ ਚਲਾਇਆ ਗਿਆ। ਸ੍ਰੀਨਗਰ ਜਾਂਦਿਆਂ ਅਸੀਂ ਡੀਡੀਸੀ ਦੇ ਅਧਿਕਾਰ ਖੇਤਰ ਵਿੱਚ ਪੈਂਦੇ ਸੀਰਤ ਜਗੀਰ ਪਿੰਡ ਵਿੱਚ ਰੁਕੇ। ਉੱਥੇ ਮੌਜੂਦ ਪਿੰਡ ਵਾਸੀਆਂ 'ਚ ਸੇਵਾਮੁਕਤ ਸਰਕਾਰੀ ਅਧਿਕਾਰੀ ਤੇ ਅਧਿਆਪਕ, ਦੁਕਾਨਦਾਰ, ਕਿਸਾਨ ਤੇ ਕਈ ਨੌਜਵਾਨ ਮੁੰਡੇ ਸਨ ਪਰ ਔਰਤ ਕੋਈ ਨਹੀਂ ਸੀ। ਚੇਅਰਮੈਨ ਪੈਰੇ ਤੇ ਦੂਜੇ ਕੌਂਸਲਰਾਂ ਦੀ ਮੌਜੂਦਗੀ 'ਚ ਉਨ੍ਹਾਂ ਡੀਡੀਸੀ ਨਾਲ ਆਪਣਾ ਮੋਹ ਭੰਗ ਹੋਣ ਬਾਰੇ ਦੱਸਿਆ ਜਦੋਂਕਿ ਉਹ ਵੱਡੀ ਗਿਣਤੀ 'ਚ ਵੋਟਾਂ ਪਾਉਣ ਵੀ ਆਏ ਸਨ। ਚੋਣਾਂ ਮਗਰੋਂ ਜੰਮੂ ਸਥਿਤ ਰਾਜ ਭਵਨ ਵਿੱਚ ਡੀਡੀਸੀਜ਼ ਦੇ ਚੇਅਰਮੈਨਾਂ ਨਾਲ ਕੀਤੀ ਇੱਕ ਬੈਠਕ 'ਚ ਜੰਮੂ ਕਸ਼ਮੀਰ ਦੇ ਉਪ ਰਾਜਪਾਲ ਨੇ ਕਥਿਤ ਤੌਰ 'ਤੇ ਦਾਅਵਾ ਕੀਤਾ ਕਿ ਜ਼ਮੀਨੀ ਪੱਧਰ 'ਤੇ ਲੋਕਤੰਤਰ ਨੂੰ ਮਜ਼ਬੂਤ ਕਰਨ ਲਈ ਤਿੰਨ-ਪੱਧਰੀ ਪੰਚਾਇਤੀ ਰਾਜ ਤੰਤਰ ਕਾਇਮ ਕੀਤਾ ਗਿਆ ਹੈ। ਜੰਮੂ ਕਸ਼ਮੀਰ ਵਿੱਚ ਹਾਲੀਆ ਲੋਕ ਸਭਾ ਚੋਣਾਂ ਪੰਜ ਗੇੜਾਂ ਵਿੱਚ ਕਰਵਾਈਆਂ ਗਈਆਂ। ਸ੍ਰੀਨਗਰ 'ਚ 1996 ਤੋਂ ਬਾਅਦ ਸਭ ਤੋਂ ਵੱਧ ਵੋਟਾਂ ਪਈਆਂ। ਜੰਮੂ-ਕਸ਼ਮੀਰ 'ਚ ਹੁਣ 18-25 ਸਤੰਬਰ ਤੇ ਪਹਿਲੀ ਅਕਤੂਬਰ ਨੂੰ ਤਿੰਨ ਪੜਾਵਾਂ ?ਵਿੱਚ ਵਿਧਾਨ ਸਭਾ ਚੋਣਾਂ ਹੋ ਰਹੀਆਂ ?ਹਨ।

ਇਹ ਦਰਸਾਉਂਦਾ ਹੈ ਕਿ ਬੇਗਾਨਗੀ ਦੇ ਬਾਵਜੂਦ ਇਸ ਸੰਭਾਵਨਾ ਨੂੰ ਲੋਕ ਪਹਿਲਾਂ ਨਾਲੋਂ ਹੁਣ ਵੱਧ ਸਵੀਕਾਰ ਰਹੇ ਹਨ ਕਿ ਹਿੰਸਾ ਦੀ ਬਜਾਏ ਜਮਹੂਰੀ ਪ੍ਰਕਿਰਿਆ ਸਾਰੀਆਂ ਅਲਾਮਤਾਂ ਦੂਰ ਕਰ ਸਕਦੀ ਹੈ। ਵਰਤਮਾਨ ਸਿਆਸੀ ਲੀਡਰਸ਼ਿਪ ਨਾਲ ਨਾਰਾਜ਼ਗੀ ਹੋਣ ਦੇ ਬਾਵਜੂਦ ਉਮੀਦ ਦੀ ਇੱਕ ਨਵੀਂ ਕਿਰਨ ਨਜ਼ਰ ਆ ਰਹੀ ਹੈ। ਕੀ ਅਸੀਂ ਇਸ ਨੂੰ ਦੇਖਣ ਲਈ ਤਿਆਰ ਹਾਂ?

## ਕੈਬਨਿਟ ਮੰਤਰੀ ਜਿੰਪਾ ਨੇ ਪਿੰਡ ਡਾਡਾ ਦੇ ਜੰਗਲਾਂ 'ਚ ਡਰੋਨ ਰਾਹੀਂ ਸੀਡ ਬਾਲਸ ਵੰਡਣ ਦੀ ਕਰਵਾਈ ਸ਼ੁਰੂਆਤ

**ਹੁਸ਼ਿਆਰਪੁਰ, 21 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਹੁਸ਼ਿਆਰਪੁਰ ਦੇ ਪਿੰਡ ਡਾਡਾ ਦੇ ਜੰਗਲਾਂ ਵਿਚ ਵਾਤਾਵਰਨ ਸੁਰੱਖਿਆ ਦੀ ਦਿਸ਼ਾ ਵਿਚ ਇਕ ਨਵੀਂ ਅਤੇ ਨਿਵੇਕਲੀ ਪਹਿਲ ਕੀਤੀ ਗਈ ਹੈ। ਇਸ ਪਹਿਲ ਤਹਿਤ ਵਣ ਵਿਭਾਗ ਅਤੇ ਉਨਤੀ ਵੈਲਫੇਅਰ ਸੋਸਾਇਟੀ ਨੇ ਮਿਲ ਕੇ ਡਰੋਨ ਰਾਹੀਂ ਸੀਡ ਬਾਲਸ (ਬੀਜ ਗੋਲੇ) ਦੀ ਵੰਡ ਕੀਤੀ। ਇਸ ਮੁਹਿੰਮ ਦੀ ਸ਼ੁਰੂਆਤ ਕੈਬਨਿਟ ਮੰਤਰੀ ਪੰਜਾਬ ਬ੍ਰਮ ਸ਼ੰਕਰ ਜਿੰਪਾ ਨੇ ਖ਼ੁਦ ਮੌਕੇ 'ਤੇ ਜਾ ਕੇ ਕੀਤੀ।

ਉਨ੍ਹਾਂ ਇਸ ਕਾਰਜ ਨੂੰ ਵਾਤਾਵਰਨ ਸੰਭਾਲ ਲਈ ਇਕ ਮਹੱਤਵਪੂਰਨ ਕਦਮ ਦੱਸਦੇ ਹੋਏ ਵਣ ਵਿਭਾਗ ਅਤੇ ਉਨਤੀ ਵੈਲਫੇਅਰ ਸੋਸਾਇਟੀ ਦੇ ਉਪਰਾਲੇ ਦੀ ਸ਼ਲਾਘਾ ਕੀਤੀ। ਇਸ ਦੌਰਾਨ ਉਨ੍ਹਾਂ ਨਾਲ ਮੇਅਰ ਸੁਰਿੰਦਰ ਕੁਮਾਰ, ਵਣਪਾਲ ਨਾਰਥ ਸਰਕਲ ਹੁਸ਼ਿਆਰਪੁਰ ਡਾ. ਸੰਜੀਵ ਕੁਮਾਰ ਤਿਵਾੜੀ, ਡੀ.ਐਫ.ਓ ਨਲਿਨ ਯਾਦਵ ਵੀ ਮੌਜੂਦ ਸਨ।

ਡਰੋਨ ਰਾਹੀਂ ਸੀਡ ਬਾਲਸ ਦੀ ਵੰਡ ਇਕ ਨਵੀਂ ਤਕਨੀਕ ਹੈ, ਜੋ ਕਿ ਵਿਸ਼ੇਸ਼ ਕਰਕੇ ਉਨ੍ਹਾਂ ਹਲਕਿਆਂ ਵਿਚ ਹਰਿਆਲੀ ਵਧਾਉਣ ਲਈ ਅਨੁਕੂਲ ਹੈ, ਜਿਥੇ ਰਵਾਇਤੀ ਢੰਗ ਨਾਲ ਪੌਦੇ ਲਗਾਉਣਾ ਮੁਸ਼ਕਿਲ ਹੁੰਦਾ ਹੈ। ਇਸ ਤਕਨੀਕ ਦਾ ਉਦੇਸ਼ ਵੱਧ ਤੋਂ ਵੱਧ ਹਲਕੇ ਵਿਚ ਹਰਿਆਲੀ ਲਿਆਉਣਾ ਅਤੇ ਵਾਤਾਵਰਨ ਸੰਤੁਲਨ ਬਣਾਏ ਰੱਖਣਾ ਹ।

ਸੀਡ ਬਾਲਸ, ਜੋ ਮਿੱਟੀ ਵਿਚ ਲਿਪਟੇ ਹੋਏ ਬੀਜ ਹੁੰਦੇ ਹਨ, ਉਨ੍ਹਾਂ ਨੂੰ ਡਰੋਨ ਦੀ ਸਹਾਇਤਾ ਨਾਲ ਦੂਰ-ਦੁਰਾਡੇ ਅਤੇ ਪਹੁੰਚ ਤੋਂ ਬਾਹਰ ਇਲਾਕਿਆਂ ਵਿਚ ਫੈਲਾਈਆਂ ਜਾਂਦੀਆਂ ਹਨ। ਇਹ ਬੀਜ ਹੌਲੀ-ਹੌਲੀ ਪੁੰਗਰਦੇ ਹਨ ਅਤੇ ਪੌਦੇ ਬਣ ਕੇ ਜੰਗਲਾਂ ਵਿਚ ਹਰਿਆਲੀ ਵਧਾਉਣ ਵਿਚ ਮਦਦ ਕਰਦੇ ਹਨ।

ਇਸ ਮੌਕੇ ਕੈਬਨਿਟ ਮੰਤਰੀ ਬ੍ਰਮ ਸ਼ੰਕਰ ਜਿੰਪਾ ਨੇ ਕਿਹਾ ਕਿ ਵਾਤਾਵਰਨ ਸੰਭਾਲ ਅੱਜ ਦੇ ਸਮੇਂ ਦੀ ਸਭ ਤੋਂ ਵੱਡੀ ਜ਼ਰੂਰਤ ਹੈ ਅਤੇ ਇਸ ਦਿਸ਼ਾ ਵਿਚ ਡਰੋਨ ਤਕਨੀਕ ਦਾ ਉਪਯੋਗ ਇਕ ਅਤਿ-



ਆਧੁਨਿਕ ਅਤੇ ਪ੍ਰਭਾਵਸ਼ਾਲੀ ਤਰੀਕਾ ਹੈ। ਇਸ ਨਾਲ ਨਾ ਕੇਵਲ ਪੌਦੇ ਲਗਾਉਣ ਦੀ ਗਤੀ ਵਧੇਗੀ, ਬਲਕਿ ਦੂਰ-ਦੁਰਾਡੇ ਅਤੇ ਪਹੁੰਚ ਤੋਂ ਬਾਹਰ ਇਲਾਕਿਆਂ ਵਿਚ ਵੀ ਹਰਿਆਲੀ ਲਿਆਂਦੀ ਜਾ ਸਕੇਗੀ।

ਉਨ੍ਹਾਂ ਅੱਗੇ ਕਿਹਾ ਕਿ ਪੰਜਾਬ ਸਰਕਾਰ ਵਾਤਾਵਰਨ ਦੀ ਸੰਭਾਲ ਨੂੰ ਲੈ ਕੇ ਪੂਰੀ ਤਰ੍ਹਾਂ ਵਚਨਬੱਧ ਹੈ ਅਤੇ ਇਸ ਪ੍ਰਕਾਰ ਦੇ ਅਭਿਆਨਾਂ ਨੂੰ ਉਤਸ਼ਾਹਿਤ ਕਰਨ ਲਈ ਨਿਰੰਤਰ ਯਤਨ ਕਰਦੀ ਹੈ।

ਉਨਤੀ ਵੈਲਫੇਅਰ ਸੋਸਾਇਟੀ ਦੇ ਪ੍ਰਧਾਨ ਨੇ ਦੱਸਿਆ ਕਿ ਇਸ ਪਹਿਲ ਨਾਲ ਨਾ ਕੇਵਲ ਵਣ ਹਲਕੇ ਵਿਚ ਹਰਿਆਲੀ ਵਧੇਗੀ, ਬਲਕਿ ਇਸ ਨਾਲ ਵਾਤਾਵਰਨ ਪ੍ਰਤੀ ਜਾਗਰੂਕਤਾ ਵੀ ਵਧੇਗੀ।

ਉਨ੍ਹਾਂ ਕਿਹਾ ਕਿ ਡਰੋਨ ਰਾਹੀਂ ਬੀਜਾਂ ਦੀ ਵੰਡ ਭਵਿੱਖ ਵਿਚ ਹੋਰ ਵੀ ਵੱਧ ਪ੍ਰਭਾਵੀ ਨਤੀਜੇ ਦੇਵੇਗੀ ਅਤੇ ਇਹ ਤਕਨੀਕ ਵਾਤਾਵਰਨ ਸੰਭਾਲ ਲਈ ਇਕ ਨਵੀਂ ਦਿਸ਼ਾ ਪ੍ਰਦਾਨ ਕਰੇਗੀ।

ਵਣ ਵਿਭਾਗ ਦੇ ਅਧਿਕਾਰੀਆਂ ਨੇ ਵੀ ਇਸ ਅਭਿਆਨ ਨੂੰ ਸਰਾਹਿਆ ਅਤੇ ਦੱਸਿਆ ਕਿ ਇਸ ਪ੍ਰੋਗਰਾਮ ਤਹਿਤ ਹਜ਼ਾਰਾਂ ਸੀਡ ਬਾਲਸ ਜੰਗਲਾਂ ਵਿਚ ਫੈਲਾਏ ਗਏ ਹਨ, ਜਿਸ ਤੋਂ ਨਿਕਲੇ ਪੌਦੇ ਆਉਣ ਵਾਲੇ ਸਮੇਂ ਵਿਚ ਪੂਰੇ ਹਲਕੇ ਨੂੰ ਹਰਿਆ-ਭਰਿਆ ਬਣਾ ਦੇਣਗੇ। ਉਨ੍ਹਾਂ ਇਸ ਤਰ੍ਹਾਂ ਦੇ ਹੋਰ ਵੀ ਅਭਿਆਨਾਂ ਨੂੰ ਆਯੋਜਿਤ ਕਰਨ ਦਾ ਵਿਸ਼ਵਾਸ ਦਿਆਇਆ, ਤਾਂ ਜੋ ਹਲਕੇ ਵਿਚ ਹਰਿਆਲੀ ਨੂੰ ਵੱਧ ਤੋਂ ਵੱਧ ਵਧਾਇਆ ਜਾ ਸਕੇ।

ਇਸ ਮੌਕੇ ਸਥਾਨਕ ਨਿਵਾਸੀਆਂ ਅਤੇ ਵੱਖ-ਵੱਖ ਸੰਗਠਨਾਂ ਦੇ ਪ੍ਰਤੀਨਿਧੀਆਂ ਨੇ ਵੀ ਹਿੱਸਾ ਲਿਆ ਅਤੇ ਇਸ ਅਨੋਖੀ ਪਹਿਲ ਦੀ ਪ੍ਰਸ਼ੰਸਾ ਕੀਤੀ। ਉਨ੍ਹਾਂ ਕਿਹਾ ਕਿ ਇਸ ਤਰ੍ਹਾਂ ਦੇ ਅਭਿਆਨਾਂ ਨਾਲ ਨਾ ਕੇਵਲ ਵਾਤਾਵਰਨ ਸੰਭਾਲ ਵਿਚ ਮਦਦ ਮਿਲੇਗੀ, ਬਲਕਿ ਸਮਾਜ ਵਿਚ ਇਕ ਸਕਾਰਾਤਮਕ ਸੰਦੇਸ਼ ਵੀ ਜਾਵੇਗਾ। ਕੈਬਨਿਟ ਮੰਤਰੀ ਬ੍ਰਮ ਸ਼ੰਕਰ ਜਿੰਪਾ ਨੇ ਇਸ ਮੌਕੇ ਹਾਜ਼ਰ ਲੋਕਾਂ ਨੂੰ ਪ੍ਰੇਰਿਤ ਕੀਤਾ ਕਿ ਉਹ ਵੀ ਵਾਤਾਵਰਨ ਸੰਭਾਲ ਦੇ ਇਸ ਅਭਿਆਨ ਵਿਚ ਵੱਧ-ਚੜ੍ਹ ਕੇ ਹਿੱਸਾ ਲੈਣ ਅਤੇ ਆਉਣ ਵਾਲੀਆਂ ਪੀੜ੍ਹੀਆਂ ਲਈ ਇਕ ਹਰਿਏ-ਭਰਿਆ ਭਵਿੱਖ ਯਕੀਨੀ ਬਣਾਉਣ।

ਇਸ ਮੌਕੇ ਜਤਿੰਦਰ ਰਾਣਾ, ਬਲਵੰਤ ਕੁਮਾਰ ਬਲਾਕ ਅਧਿਕਾਰੀ, ਜਤਿੰਦਰ ਸਿੰਘ, ਉਨਤੀ ਵੈਲਫੇਅਰ ਸੁਸਾਇਟੀ ਤੋਂ ਚਮਨ ਲਾਲ, ਸੁਖਦੇਵ ਸਿੰਘ, ਮੇਅਰ ਸੁਰਿੰਦਰ ਕੁਮਾਰ ਸ਼ਿੰਦਾ, ਅਵਤਾਰ ਤਾਰੀ, ਸੰਜੂ ਠਾਕੁਰ, ਸੁਮਨ ਬਹਿਲ, ਕਮਲਜੀਤ ਬਹਿਲ ਵੀ ਮੌਜੂਦ ਸਨ।

## ਨੇਚਰ ਲੱਵਰਜ਼ ਗਰੁੱਪ ਨੇ ਸੂਬੇ ਭਰ ਚੋ ਜਿੱਤਿਆ ਸ਼ਹੀਦ ਭਗਤ ਸਿੰਘ ਪੰਜਾਬ ਰਾਜ ਸਾਲਾਨਾ ਵਾਤਾਵਰਣ ਅਵਾਰਡ ਪੰਜਾਬ 2024



**ਬਰਨਾਲਾ, 21 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਸੂਬੇ ਵਿਚ ਵਾਤਾਵਰਣ ਸੁਧਾਰ ਅਤੇ ਸੁਰੱਖਿਆ ਦੇ ਖੇਤਰ ਵਿੱਚ ਪਾਏ ਗਏ ਮਹੱਤਵਪੂਰਨ ਅਤੇ ਵੱਡਮੁੱਲੇ ਯੋਗਦਾਨ ਲਈ ਪੰਜਾਬ ਸਰਕਾਰ ਵੱਲੋਂ ਨੇਚਰ ਲੱਵਰਜ ਗਰੁੱਪ, ਬਰਨਾਲਾ ਨੂੰ ਆਜ਼ਾਦੀ ਦਿਹਾੜੇ ਮੌਕੇ ਸ਼ਹੀਦ ਭਗਤ ਸਿੰਘ ਪੰਜਾਬ ਰਾਜ ਸਾਲਾਨਾ ਵਾਤਾਵਰਣ ਅਵਾਰਡ, ਪੰਜਾਬ 2024 (ਗੈਰ ਸਰਕਾਰੀ ਸੰਸਥਾਂ ਸ੍ਰੇਣੀ ਵਿਚ) ਨਾਲ ਇਸਤਰੀ ਅਤੇ ਬਾਲ ਵਿਕਾਸ ਅਤੇ ਭਲਾਈ ਮੰਤਰੀ ਡਾ. ਬਲਜੀਤ ਕੌਰ ਵੱਲੋਂ ਸਥਾਨਕ ਬਾਬਾ ਕਾਲਾ ਮਹਿਰ ਬਹੁ ਮੰਤਵੀਂ ਖੇਡ ਸਟੇਡੀਅਮ ਵਿਖੇ ਆਜ਼ਾਦੀ ਦਿਹਾੜੇ ਮੌਕੇ ਦਿੱਤਾ ਗਿਆ।

ਇਹ ਜਾਣਕਾਰੀ ਦਿੰਦਿਆਂ ਡਿਪਟੀ ਕਮਿਸ਼ਨਰ ਸ਼੍ਰੀਮਤੀ ਪੂਨਮਦੀਪ ਕੌਰ ਨੇ ਦੱਸਿਆ ਕਿ ਇਸ ਮੌਕੇ ਡਾ. ਬਲਜੀਤ ਕੌਰ ਵੱਲੋਂ ਇਨਾਮੀ ਰਾਸ਼ੀ ਇੱਕ ਲੱਖ ਰੁਪਏ ਦਾ ਚੈੱਕ, ਸਰਟੀਫਿਕੇਟ ਅਤੇ ਸ਼ੀਲਡ ਨਾਲ ਗਰੁੱਪ ਦੇ ਮੈਂਬਰਾਂ ਨੂੰ ਨਵਾਜਿਆ ਗਿਆ। ਇਹ ਅਵਾਰਡ ਸਾਇੰਸ ਟੈਕਨੋਲਜੀ ਅਤੇ ਵਾਤਾਵਰਣ ਵਿਭਾਗ ਪੰਜਾਬ ਸਰਕਾਰ ਵੱਲੋਂ ਪੂਰੇ ਪੰਜਾਬ ਭਰ ਵਿਚੋ ਪ੍ਰਾਪਤ ਬਿਨੈ ਪੱਤਰਾਂ ਵਿਚੋਂ ਗੈਰ ਸਰਕਾਰੀ ਸੰਸਥਾ ਕੈਟਾਗਰੀ ਵਿੱਚ ਦਿੱਤਾ ਗਿਆ ਹੈ।

ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ ਦੇ ਐਕਸ ਈ ਐਨ ਸ਼੍ਰੀ ਗੁਨੀਤ ਸੇਠੀ ਨੇ ਦੱਸਿਆ ਕਿ ਨੇਚਰ ਲਵਰੱਜ ਗਰੁੱਪ ਪਿਛਲੇ ਕਈ ਸਾਲਾਂ ਤੋਂ ਲਗਾਤਾਰ ਵਾਤਾਵਰਣ ਸੁਧਾਰ ਲਈ ਯਤਨਸ਼ੀਲ ਹੈ। ਪਿਛਲੇ ਸਾਲ ਭਰ ਦੌਰਾਨ ਨੇਚਰ ਲਵੱਰਜ ਗਰੁੱਪ ਵੱਲੋ 5000 ਲੱਕੜ ਦੇ ਆਲ੍ਹਣੇ ਪੰਛੀਆਂ ਲਈ ਵੱਖ-ਵੱਖ ਥਾਂਵਾ ਤੇ ਲਗਾਏ ਗਏ ਅਤੇ ਅੱਧੀ ਏਕੜ ਵਿਚ 4 ਮਿੰਨੀ ਜੰਗਲ ਬਣਾਏ ਗਏ ਤੇ ਕਰੀਬ 690 ਬੂਟੇ ਲਗਾਏ ਗਏ। ਇਸ ਤੋਂ ਇਲਾਵਾ ਵੱਖ-ਵੱਖ ਥਾਂਵਾ 'ਤੇ 1520 ਬੂਟੇ ਲਗਾਏ ਗਏ ਅਤੇ ਉਹਨਾਂ ਦੀ ਸਾਂਭ-ਸੰਭਾਲ ਕੀਤੀ ਗਈ। ਬੂਟਿਆ ਲਈ ਕਰੀਬ 180 ਟ੍ਰੀ ਗਾਰਡ ਵੀ ਲਗਾਏ ਗਏ। ਸੰਸਥਾਂ ਵੱਲੋਂ ਜਨਤੱਕ ਥਾਂਵਾ ਤੇ ਮੁਫ਼ਤ ਵਿਚ 8850 ਬੂਟੇ ਵੰਡੇ ਗਏ। ਇਸ ਦੇ ਨਾਲ ਹੀ 1000 ਦੇ ਜੂਟ ਬੈਗ ਵੀ ਲੋਕਾਂ ਨੂੰ ਵੰਡੇ ਗਏ।

## ਗੁਰੂ ਅਮਰਦਾਸ ਕਲੋਨੀ ਵਿੱਚ ਸੜਕਾਂ ਬਣਨੀਆਂ ਸ਼ੁਰੂ



ਸੜਕਾਂ ਬਣਵਾਉਣ ਦੀ ਸ਼ੁਰੂਆਤ ਕਰਦੀ ਹੋਈ 'ਆਪ' ਦੀ ਕੋਆਰਡੀਨੇਟਰ ਟੀਮ।

**ਰਾਜਪੁਰਾ, 21 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਹਲਕਾ ਰਾਜਪੁਰਾ ਦੇ ਵਾਰਡ ਨੰਬਰ 16 ਗੁਰੂ ਅਮਰਦਾਸ ਕਲੋਨੀ ਵਿੱਚ ਵਿਧਾਇਕਾ ਨੀਨਾ ਮਿੱਤਲ ਦੇ ਕੋਆਰਡੀਨੇਟ ਸ਼ਾਮ ਸੁੰਦਰ ਵਧਵਾ ਵੱਲੋਂ ਇੰਟਰਲਾਕਿੰਗ ਟਾਈਲਾਂ ਨਾਲ ਬਣਨ ਵਾਲ਼ੀਆਂ ਸੜਕਾਂ ਦੇ ਕੰਮਾਂ ਦੀ ਸ਼ੁਰੂਆਤ ਕਰਵਾਈ ਗਈ। ਕਲੋਨੀ ਵਾਸੀਆਂ ਨੇ ਦੱਸਿਆ ਕਿ ਉਨ੍ਹਾਂ ਦੀ ਕਲੋਨੀ ਦੀਆਂ ਪੱਕੀਆਂ ਸੜਕਾਂ ਬਣਨ ਦੀ ਵਾਰੀ 35 ਸਾਲਾਂ ਬਾਅਦ ਆਈ ਹੈ।

ਸ੍ਰੀ ਵਧਵਾ ਨੇ ਕਿਹਾ ਕਿ ਵਿਧਾਇਕਾ ਨੀਨਾ ਮਿੱਤਲ ਦੀ ਅਗਵਾਈ ਹੇਠ ਸ਼ਹਿਰ ਵਿੱਚ ਵਿਕਾਸ ਕਾਰਜ ਜੰਗੀ ਪੱਧਰ 'ਤੇ ਜਾਰੀ ਹਨ। ਇਸ ਮੌਕੇ ਵਾਰਡ ਨੰਬਰ 16 'ਆਪ' ਟੀਮ ਦੇ ਆਗੂ ਗੁਰਸ਼ਰਨ ਸਿੰਘ ਵਿਰਕ, ਤੇਜਿੰਦਰ ਸਿੰਘ ਸਰਵਾਰਾ, ਅਮੀਰ ਸਿੰਘ ਕਾਲਾ, ਗਿਆਨ ਸਿੰਘ, ਪੰਡਤ ਸੁਭਕਰਨ, ਨਸੀਬ ਸਿੰਘ ਫ਼ੌਜੀ, ਮਾਸਟਰ ਗੁਰਨਾਮ ਸਿੰਘ, ਲਖਵਿੰਦਰ ਸਿੰਘ ਬਿੱਲਾ, ਗਿਆਨੀ ਗੁਰਦੀਪ ਸਿੰਘ, ਪ੍ਰਗਟ ਸਿੰਘ ਸੋਹੀ, ਡਾ. ਲਖਵੀਰ ਸਿੰਘ, ਰੋਮਾਂ ਗਿੱਲ, ਯੂਥ ਆਗੂ ਰੁਪਿੰਦਰ ਸਿੰਘ, ਗੁਰਸੇਵਕ ਸਿੰਘ ਮੌਜੂਦ ਸਨ।

## ਦਿਵਿਆਂਗ ਕਰਮਚਾਰੀਆਂ ਵੱਲੋਂ ਭੁੱਖ ਹੜਤਾਲ




ਭੁੱਖ ਹੜਤਾਲ 'ਤੇ ਬੈਠੇ ਦਿਵਿਆਂਗ ਕਰਮਚਾਰੀ।-

**ਪਟਿਆਲਾ, 21 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬੀ ਯੂਨੀਵਰਸਿਟੀ ਦੀ ਦਿਵਿਆਂਗ ਕਰਮਚਾਰੀ ਐਸੋਸੀਏਸ਼ਨ ਨੇ ਅੱਜ ਪੰਜਾਬੀ ਯੂਨੀਵਰਸਿਟੀ ਦੇ ਰਜਿਸਟਰਾਰ ਦੇ ਦਫ਼ਤਰ ਦੇ ਬਾਹਰ ਧਰਨਾ ਦੇਣਾ ਸ਼ੁਰੂ ਕੀਤਾ। ਅੱਜ ਐਸੋਸੀਏਸ਼ਨ ਦੇ ਪ੍ਰਧਾਨ ਸ਼ਿੰਗਾਰਾ ਸਿੰਘ ਸਹਾਇਕ ਰਜਿਸਟਰਾਰ ਤੇ ਕਲਰਕ ਹਰਦਾਸ ਸਿੰਘ ਨੇ ਲਗਾਤਾਰ ਭੁੱਖ ਹੜਤਾਲ ਸ਼ੁਰੂ ਕੀਤੀ। ਪ੍ਰਧਾਨ ਸ਼ਿੰਗਾਰਾ ਸਿੰਘ ਨੇ ਦੱਸਿਆ ਕਿ ਕਮਿਸ਼ਨਰ ਫ਼ਾਰ ਡਿਸਏਬਲ ਚੰਡੀਗੜ੍ਹ ਦੇ ਫੈਸਲੇ ਉਲੰਘਣਾ ਕਰਦੇ ਹੋਏ ਪੰਜਾਬੀ ਯੂਨੀਵਰਸਿਟੀ ਪਟਿਆਲਾ ਵੱਲੋਂ ਗੈਰ ਡਿਸਏਬਲ ਕਰਮਚਾਰੀਆਂ ਨੂੰ ਤਰੱਕੀਆਂ ਦਿੱਤੀਆਂ ਗਈਆਂ ਹਨ। ਆਗੂਆਂ ਨੇ ਕਿਹਾ ਕਿ ਇਹ ਭੁੱਖ ਹੜਤਾਲ ਤੇ ਧਰਨਾ ਉਦੋਂ ਤੱਕ ਲਗਾਤਾਰ ਜਾਰੀ ਰਹੇਗਾ ਜਦੋਂ ਤੱਕ ਉਨ੍ਹਾਂ ਦੀਆਂ ਮੰਗਾਂ ਨਹੀਂ ਮੰਨੀਆਂ ਜਾਂਦੀਆਂ।

## ਕਾਲਝਰਾਣੀ ਵਿਖੇ ਪਲੇਸਮੈਂਟ ਕੈਂਪ ਦਾ ਆਯੋਜਨ ਅੱਜ

**ਬਠਿੰਡਾ, 21 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਸਰਕਾਰ ਵੱਲੋਂ ਨੌਜਵਾਨਾਂ ਨੂੰ ਰੋਜ਼ਗਾਰ ਦੇਣ ਅਤੇ ਸਵੈ-ਰੋਜ਼ਗਾਰ ਦੇ ਕਾਬਿਲ ਬਣਾਉਣ ਲਈ ਹਰ ਸੰਭਵ ਉਪਰਾਲੇ ਕੀਤੇ ਜਾ ਰਹੇ ਹਨ, ਇਸੇ ਲੜੀ ਤਹਿਤ 22 ਅਗਸਤ 2024 ਨੂੰ ਸੀ-ਪਾਈਟ ਸੈਂਟਰ, ਬਾਦਲ ਰੋਡ, ਕਾਲਝਰਾਣੀ ਵਿਖੇ ਪਲੇਸਮੈਂਟ ਕੈਂਪ ਦਾ ਆਯੋਜਨ ਕੀਤਾ ਜਾ ਰਿਹਾ ਹੈ। ਇਹ ਜਾਣਕਾਰੀ ਡਿਪਟੀ ਕਮਿਸ਼ਨਰ-ਕਮ-ਚੇਅਰਮੈਨ ਡੀ.ਬੀ.ਈ.ਈ. ਸ. ਜਸਪ੍ਰੀਤ ਸਿੰਘ ਨੇ ਸਾਂਝੀ ਕੀਤੀ।

ਇਸ ਸਬੰਧੀ ਹੋਰ ਜਾਣਕਾਰੀ ਦਿੰਦਿਆਂ ਰੋਜ਼ਗਾਰ ਅਫਸਰ ਸ਼੍ਰੀਮਤੀ ਅੰਕਿਤਾ ਅਗਰਵਾਲ ਨੇ ਦੱਸਿਆ ਕਿ ਚੈਕਮੇਟ ਸਕਿਉਰਿਟੀ ਲਿਮਟਿਡ ਦੇ ਸਹਿਯੋਗ ਨਾਲ ਸਕਿਉਰਿਟੀ ਗਾਰਡ (ਕੇਵਲ ਲੜਕੇ) ਦੀਆਂ ਅਸਾਮੀਆਂ ਲਈ 21 ਅਗਸਤ ਨੂੰ ਪਲੇਸਮੈਂਟ ਕੈਂਪ ਦੌਰਾਨ ਚੋਣ ਕੀਤੀ ਜਾਵੇਗੀ। ਇਸ ਪਲੇਸਮੈਂਟ ਕੈਂਪ ਵਿੱਚ ਦਸਵੀਂ ਅਤੇ ਬਾਰਵੀਂ ਪਾਸ ਬੇਰੁਜ਼ਗਾਰ ਪ੍ਰਾਰਥੀ ਭਾਗ ਲੈਣ ਲਈ ਯੋਗ ਹਨ। ਇਸ ਤੋਂ ਇਲਾਵਾ ਐਕਸ-ਸਰਵਿਸਮੈਨ ਪ੍ਰਾਰਥੀ ਵੀ ਭਾਗ ਲੈ ਸਕਦੇ ਹਨ। ਹੋਰ ਜਾਣਕਾਰੀ ਸਾਂਝੀ ਕਰਦੇ ਹੋਏ ਪ੍ਰਬੰਧਕੀ ਸ਼ਾਖਾ ਤੋਂ ਸ਼੍ਰੀ ਬਲਤੇਜ ਸਿੰਘ ਨੇ ਦੱਸਿਆ ਕਿ ਸਕਿਉਰਿਟੀ ਗਾਰਡ ਦੀਆਂ ਅਸਾਮੀਆਂ ਲਈ ਉਮਰ ਹੱਦ 19 ਤੋਂ 35 ਸਾਲ ਅਤੇ ਕੱਦ 5 ਫੁੱਟ 7 ਇੰਚ, ਭਾਰ 50 ਕਿਲੋ, ਹੋਣਾ ਚਾਹੀਦਾ ਹੈ। ਪਲੇਸਮੈਂਟ ਕੈਂਪ ਵਿੱਚ ਭਾਗ ਲੈਣ ਵਾਲੇ ਪ੍ਰਾਰਥੀ ਦੀ ਤਨਖਾਹ 16,000/- ਤੋਂ 20,000/- ਰੁਪਏ ਪ੍ਰਤੀ ਮਹੀਨਾ ਹੋਵੇਗੀ ਅਤੇ ਨਾਲ ਹੀ ਈ.ਐਸ.ਆਈ.+ਪੀ.ਐਫ. ਦੀ ਸੁਵਿਧਾ ਵੀ ਹੋਵੇਗੀ। ਇਨ੍ਹਾਂ ਅਸਾਮੀਆਂ ਲਈ ਨੌਕਰੀ ਦੀ ਲੋਕੇਸ਼ਨ ਪੰਜਾਬ ਜਾਂ ਗੁਜਰਾਤ ਵਿਖੇ ਰਹੇਗੀ।

ਕਰੀਅਰ ਕੌਂਸਲਰ ਸ਼੍ਰੀ ਵਿਸ਼ਾਲ ਚਾਵਲਾ ਨੇ ਹੋਰ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਇਸ ਕੈਂਪ ਵਿੱਚ ਸ਼ਾਮਿਲ ਹੋਣ ਦੇ ਚਾਹਵਾਨ ਪ੍ਰਾਰਥੀ ਮਿਤੀ 21 ਅਗਸਤ 2024 ਦਿਨ ਬੁੱਧਵਾਰ ਨੂੰ ਸਮੇਤ ਬਾਇਓਡਾਟਾ, ਯੋਗਤਾ ਦੇ ਸਰਟੀਫਿਕੇਟ, ਪਾਸਪੋਰਟ ਸਾਈਜ਼ ਫੋਟੋ, ਬੈਂਕ ਪਾਸ ਬੁੱਕ, ਅਧਾਰ ਕਾਰਡ ਆਦਿ ਨਾਲ ਲੈ ਕੇ ਸੀ-ਪਾਈਟ ਸੈਂਟਰ, ਬਾਦਲ ਰੋਡ, ਪਿੰਡ ਕਾਲਝਰਾਣੀ ਵਿਖੇ ਸਵੇਰੇ 09:30 ਵਜੇ ਪਹੁੰਚ ਸਕਦੇ ਹਨ। ਇਸ ਤੋਂ ਇਲਾਵਾ ਪ੍ਰਾਰਥੀ ਵਧੇਰੇ ਜਾਣਕਾਰੀ ਲਈ ਦਫਤਰ ਦੇ ਟੈਲੀਗ੍ਰਾਮ ਚੈਨਲ ਡੀ.ਬੀ.ਈ.ਈ. ਬਠਿੰਡਾ ਨੂੰ ਜੁਆਇੰਨ ਕਰ ਸਕਦੇ ਹਨ।

## ਜ਼ਿਲ੍ਹਾ ਰੱਖਿਆ ਸੇਵਾਵਾਂ ਭਲਾਈ ਦਫਤਰ ਵਿਖੇ ਪੰਜਾਬੀ ਸਟੈਨੋਗ੍ਰਾਫੀ ਦੇ ਕੋਰਸ ਦਾ ਨਵਾਂ ਸੈਸ਼ਨ ਸਤੰਬਰ 2024 ਤੋਂ ਸ਼ੁਰੂ

**ਰੂਪਨਗਰ, 21 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਜ਼ਿਲ੍ਹਾ ਰੱਖਿਆ ਸੇਵਾਵਾਂ ਭਲਾਈ ਦਫਤਰ ਰੂਪਨਗਰ ਦੇ ਵਿੰਗ ਕਮਾਂਡਰ ਗੁਰਪ੍ਰੀਤ ਸਿੰਘ (ਰਿਟਾ.) ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਸੈਨਿਕ ਇੰਸਟੀਚਿਊਟ ਆਫ ਮੈਨੇਜਮੈਂਟ ਐਂਡ ਟੈਕਨਾਲੋਜੀ ਰੂਪਨਗਰ ਵੱਲੋਂ ਇਲਾਕੇ ਦੇ ਬੱਚਿਆਂ ਲਈ ਚਲਾਏ ਜਾ ਰਹੇ ਇੱਕ ਸਾਲ ਦੇ ਪੰਜਾਬੀ ਸਟੈਨੋਗ੍ਰਾਫੀ ਦੇ ਕੋਰਸ ਦਾ ਨਵਾਂ ਸੈਸ਼ਨ ਸਤੰਬਰ 2024 ਤੋਂ ਸ਼ੁਰੂ ਕੀਤਾ ਜਾ ਰਿਹਾ ਹੈ।

ਵਿੰਗ ਕਮਾਂਡਰ ਗੁਰਪ੍ਰੀਤ ਸਿੰਘ (ਰਿਟਾ.) ਨੇ ਦੱਸਿਆ ਕਿ ਇਸ ਕੋਰਸ ਵਿੱਚ ਬੱਚਿਆਂ ਨੂੰ ਪੰਜਾਬੀ ਸਟੈਨੋਗ੍ਰਾਫੀ ਅਤੇ ਪੰਜਾਬੀ ਟਾਈਪਿੰਗ ਆਦਿ ਦੀ ਸਿਖਲਾਈ ਦਿੱਤੀ ਜਾਵੇਗੀ। ਇਸ ਕੋਰਸ ਲਈ ਘੱਟੋ-ਘੱਟ ਯੋਗਤਾ ਗ੍ਰੈਜੂਏਸ਼ਨ ਪਾਸ ਹੈ। ਇਸ ਕੋਰਸ ਵਿੱਚ ਦਾਖਲੇ ਲਈ ਸੇਵਾ ਕਰ ਰਹੇ ਸੈਨਿਕਾਂ/ਸਾਬਕਾ ਸੈਨਿਕਾਂ/ਵਿਧਵਾਵਾਂ ਦੇ ਬੱਚਿਆਂ ਨੂੰ ਪਹਿਲ ਦੇ ਆਧਾਰ ਤੇ ਵਿਚਾਰਿਆ ਜਾਵੇਗਾ। ਜੇਕਰ ਸੀਟਾਂ ਖਾਲੀ ਰਹਿ ਜਾਂਦੀਆਂ ਹਨ ਤਾਂ ਹਰ ਵਰਗ ਦੇ ਬੱਚਿਆਂ ਨੂੰ ਵਿਚਾਰਿਆ ਜਾਵੇਗਾ।

ਉਨ੍ਹਾਂ ਕਿਹਾ ਕਿ ਇਸ ਕੋਰਸ ਵਿੱਚ ਦਾਖਲਾ ਲੈਣ ਲਈ ਯੋਗ ਉਮੀਦਵਾਰ ਮਿਤੀ 27 ਅਗਸਤ 2024 ਤੱਕ ਆਪਣੇ ਬਿਨੈਫਾਰਮ ਜ਼ਿਲ੍ਹਾ ਰੱਖਿਆ ਸੇਵਾਵਾਂ ਭਲਾਈ ਦਫਤਰ ਰੂਪਨਗਰ ਵਿਖੇ ਜਮ੍ਹਾਂ ਕਰਵਾ ਸਕਦੇ ਹਨ। ਉਨ੍ਹਾਂ ਦੱਸਿਆ ਕਿ ਇਨ੍ਹਾਂ ਕੋਰਸਾਂ ਵਿੱਚ ਦਾਖਲੇ ਸਬੰਧੀ ਅਤੇ ਹੋਰ ਜਾਣਕਾਰੀ ਕਿਸੇ ਵੀ ਕੰਮ-ਕਾਜ ਵਾਲੇ ਦਿਨ ਦਫਤਰ ਵਿਖੇ ਨਿੱਜੀ ਹਾਜ਼ਰ ਹੋ ਕੇ ਜਾਂ ਟੈਲੀਫੋਨ ਨੰਬਰਾਂ 01881-295141 ਅਤੇ 6284733461 ਉੱਤੇ ਸੰਪਰਕ ਕਰਕੇ ਪ੍ਰਾਪਤ ਕੀਤੀ ਜਾ ਸਕਦੀ ਹੈ।

# ਕੋਲਕਾਤਾ ਡਾਕਟਰ ਬਲਾਤਕਾਰ ਤੇ ਹੱਤਿਆ ਮਾਮਲਾ: ਸੁਪਰੀਮ ਕੋਰਟ ਨੇ ਕੇਸ ਦਰਜ ਕਰਨ 'ਚ ਦੇਰ ਲਈ ਸਰਕਾਰ ਨੂੰ ਝਾੜਿਆ, ਡਾਕਟਰਾਂ ਨੂੰ ਕੰਮ 'ਤੇ ਪਰਤਣ ਦੀ ਅਪੀਲ

**ਨਵੀਂ ਦਿੱਲੀ, 21 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਕੋਲਕਾਤਾ ਦੇ ਆਰਜੀ ਕਰ ਮੈਡੀਕਲ ਕਾਲਜ ਅਤੇ ਹਸਪਤਾਲ ਵਿੱਚ ਡਾਕਟਰ ਨਾਲ ਬਲਾਤਕਾਰ ਅਤੇ ਹੱਤਿਆ ਦੀ ਘਟਨਾ ਨੂੰ ਭਿਆਨਕ ਕਰਾਰ ਦਿੰਦਿਆਂ ਸੁਪਰੀਮ ਕੋਰਟ ਨੇ ਅੱਜ ਪੱਛਮੀ ਬੰਗਾਲ ਸਰਕਾਰ ਨੂੰ ਮਾਮਲੇ ਵਿੱਚ ਐੱਫਆਈਆਰ ਦਰਜ ਕਰਨ ਵਿੱਚ ਦੇਰ ਲਈ ਝਾੜਿਆ। ਇਸ ਦੇ ਨਾਲ ਸੁਪਰੀਮ ਕੋਰਟ ਨੇ ਪ੍ਰਦਰਸ਼ਨ ਕਰ ਰਹੇ ਡਾਕਟਰਾਂ ਨੂੰ ਕੰਮ 'ਤੇ ਪਰਤਣ ਦੀ ਅਪੀਲ ਕਰਦਿਆਂ ਕਿਹਾ ਕਿ ਉਨ੍ਹਾਂ ਦੀਆਂ ਚਿੰਤਾਵਾਂ ਨੂੰ ਗੰਭੀਰਤਾ ਨਾਲ ਲਿਆ ਜਾ ਰਿਹਾ ਹੈ। ਡਾਕਟਰਾਂ ਅਤੇ ਸਿਹਤ ਪੇਸ਼ੇਵਰਾਂ ਦੀ ਸੁਰੱਖਿਆ ਅਤੇ ਸਹੂਲਤਾਂ ਨੂੰ ਯਕੀਨੀ ਬਣਾਉਣ ਲਈ ਕੌਮੀ ਪ੍ਰੋਟੋਕੋਲ ਤਿਆਰ ਕਰਨ ਲਈ 10 ਮੈਂਬਰੀ ਟਾਸਕ ਫੋਰਸ ਕਾਇਮ ਕੀਤੀ ਹੈ। ਇਹ ਟਾਸਕ ਫੋਰਸ ਆਪਣੀ ਅੰਤਰਿਮ ਰਿਪੋਰਟ ਤਿੰਨ ਹਫ਼ਤਿਆਂ ਵਿੱਚ ਅਤੇ ਅੰਤਿਮ ਰਿਪੋਰਟ ਦੋ ਮਹੀਨਿਆਂ ਵਿੱਚ ਸੌਂਪੇਗੀ।ਮਾਮਲੇ ਦਾ ਖ਼ੁਦ ਨੋਟਿਸ ਲੈਂਦਿਆਂ ਸੁਪਰੀਮ ਕੋਰਟ ਨੇ ਕਿਹਾ ਕਿ ਇਹ ਘਟਨਾ ਪੂਰੇ ਭਾਰਤ ਵਿੱਚ ਡਾਕਟਰਾਂ ਦੀ ਸੁਰੱਖਿਆ ਨਾਲ ਸਬੰਧਤ ਹੈ। ਅਦਾਲਤ ਨੇ ਸੀਆਈਐੱਸਐੱਫ ਨੂੰ ਆਰਜੀ ਕਰ



ਮੈਡੀਕਲ ਕਾਲਜ ਤੇ ਹਸਪਤਾਲ ਦੀ ਸੁਰੱਖਿਆ ਮੁਹੱਈਆ ਕਰਾਉਣ ਦਾ ਹੁਕਮ ਦਿੱਤਾ। ਡਾਕਟਰ ਬਲਾਤਕਾਰ ਤੇ ਹੱਤਿਆ ਨਾਲ ਸਬੰਧਤ ਪਟੀਸ਼ਨਾਂ 'ਤੇ ਸੁਣਵਾਈ 22 ਅਗਸਤ ਨੂੰ ਹੋਵੇਗੀ। ਚੀਫ ਜਸਟਿਸ (ਸੀਜੇਆਈ) ਡੀਵਾਈ ਚੰਦਰਚੂੜ ਦੀ ਅਗਵਾਈ ਵਾਲੇ ਬੈਂਚ ਨੇ ਇਸ ਘਟਨਾ ਦਾ ਖ਼ੁਦ ਨੋਟਿਸ ਲੈਂਦਿਆਂ ਕਿਹਾ ਕਿ ਜੇ ਔਰਤਾਂ ਕੰਮ 'ਤੇ ਨਹੀਂ ਜਾ ਸਕਦੀਆਂ ਅਤੇ ਕੰਮ ਕਰਨ ਦੀਆਂ ਸਥਿਤੀਆਂ ਸੁਰੱਖਿਅਤ ਨਹੀਂ ਹਨ, ਤਾਂ ਅਸੀਂ ਉਨ੍ਹਾਂ ਨੂੰ ਬਰਾਬਰੀ ਦੇਣ ਤੋਂ ਇਨਕਾਰ ਕਰ ਰਹੇ ਹਾਂ। ਬਲਾਤਕਾਰ-ਕਤਲ ਮਾਮਲੇ ਵਿੱਚ ਐੱਫਆਈਆਰ ਦਰਜ ਕਰਨ ਵਿੱਚ ਦੇਰੀ ਲਈ ਪੱਛਮੀ ਬੰਗਾਲ ਸਰਕਾਰ ਦੀ ਆਲੋਚਨਾ ਕਰਦੇ ਹੋਏ ਸੁਪਰੀਮ ਕੋਰਟ ਨੇ ਪੁੱਛਿਆ ਕਿ ਹਸਪਤਾਲ ਦੇ ਅਧਿਕਾਰੀ ਕੀ ਕਰ ਰਹੇ ਸਨ?

ਬੈਂਚ ਵਿੱਚ ਜਸਟਿਸ ਜੇਬੀ ਪਾਰਦੀਵਾਲਾ ਅਤੇ ਜਸਟਿਸ ਮਨੋਜ ਮਿਸ਼ਰਾ ਵੀ ਸ਼ਾਮਲ ਹਨ। ਬੈਂਚ ਨੇ ਕਿਹਾ,'ਅਜਿਹਾ ਲੱਗਦਾ ਹੈ ਕਿ ਇਸ ਅਪਰਾਧ ਦਾ ਤੜਕੇ ਪਤਾ ਲੱਗ ਗਿਆ ਸੀ ਅਤੇ ਮੈਡੀਕਲ ਕਾਲਜ ਦੇ ਪ੍ਰਿੰਸੀਪਲ ਨੇ ਇਸ ਨੂੰ ਖ਼ੁਦਕੁਸ਼ੀ ਕਹਿਣ ਦੀ ਕੋਸ਼ਿਸ਼ ਕੀਤੀ ਅਤੇ ਬੈਂਚ ਨੇ ਕੋਲਕਾਤਾ ਪੁਲੀਸ ਨੂੰ ਵੀ ਝਾੜਿਆ ਅਤੇ ਪੁੱਛਿਆ ਕਿ ਹਜ਼ਾਰਾਂ ਲੋਕਾਂ ਦੀ ਭੀੜ ਨੇ ਆਰਜੀ ਮੈਡੀਕਲ ਕਾਲਜ 'ਚ ਕਿਵੇਂ ਦਾਖ਼ਲ ਹੋ ਗਈ? ਉਸ ਨੇ ਸਵਾਲ ਕੀਤਾ ਕਿ ਜਦੋਂ ਆਰਜੀ ਕਰ ਹਸਪਤਾਲ ਦੇ ਪ੍ਰਿੰਸੀਪਲ ਦਾ ਚਾਲ-ਚਲਣ ਜਾਂਚ ਦੇ ਘੇਰੇ ਵਿੱਚ ਹੈ ਤਾਂ ਉਸ ਨੂੰ ਤੁਰੰਤ ਕਿਸੇ ਹੋਰ ਕਾਲਜ ਵਿੱਚ ਕਿਵੇਂ ਨਿਯੁਕਤ ਕੀਤਾ ਗਿਆ।

# ਸੁਪਰੀਮ ਕੋਰਟ ਦੇ ਫ਼ੈਸਲੇ ਦੇ ਵਿਰੋਧ 'ਚ 21 ਅਗਸਤ ਨੂੰ 'ਭਾਰਤ ਬੰਦ'

**ਨਵੀਂ ਦਿੱਲੀ, 21 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਆਰਕਸ਼ਣ ਬਚਾਓ ਸੰਘਰਸ਼ ਸਮਿਤੀ ਨੇ SC/ST ਰਿਜ਼ਰਵੇਸ਼ਨ 'ਚ ਕ੍ਰੀਮੀ ਲੇਅਰ ਲਾਗੂ ਕਰਨ ਦੇ ਸੁਪਰੀਮ ਕੋਰਟ ਦੇ ਫ਼ੈਸਲੇ ਦੇ ਵਿਰੋਧ 'ਚ 21 ਅਗਸਤ ਯਾਨੀ ਕੱਲ੍ਹ ਨੂੰ ਭਾਰਤ ਬੰਦ ਦਾ ਐਲਾਨ ਕੀਤਾ ਹੈ। ਅਦਾਲਤ ਦਾ ਕਹਿਣਾ ਹੈ ਕਿ ਜਿਹੜੇ ਲੋਕ ਅਸਲ ਵਿੱਚ ਰਾਖਵੇਂਕਰਨ ਦਾ ਲਾਭ ਲੈਣ ਦੇ ਹੱਕਦਾਰ ਹਨ, ਉਨ੍ਹਾਂ ਨੂੰ ਪਹਿਲ ਮਿਲਣੀ ਚਾਹੀਦੀ ਹੈ। ਇਸ ਬੰਦ ਦਾ ਸਮਰਥਨ ਕਈ ਦਲਿਤ ਸੰਗਠਨਾਂ ਅਤੇ ਬਹੁਜਨ ਸਮਾਜ ਪਾਰਟੀ (ਬਸਪਾ) ਵੱਲੋਂ ਕੀਤਾ ਗਿਆ ਹੈ। ਇਸ ਫ਼ੈਸਲੇ ਦਾ ਵਿਰੋਧ ਕਰਦੇ ਹੋਏ ਜਥੇਬੰਦੀਆਂ ਅਤੇ ਪਾਰਟੀਆਂ ਇਸ ਨੂੰ ਸਮਾਜਿਕ ਨਿਆਂ ਪ੍ਰਤੀ ਗਲਤ ਕਦਮ ਮੰਨ ਰਹੀਆਂ ਹਨ ਅਤੇ ਸੁਪਰੀਮ ਕੋਰਟ ਦੇ ਫ਼ੈਸਲੇ ਨੂੰ ਵਾਪਸ ਲੈਣ ਦੀ ਮੰਗ ਕਰ ਰਹੀਆਂ ਹਨ।

ਸਥਿਤੀ ਨੂੰ ਕਾਬੂ ਵਿੱਚ ਰੱਖਣ ਲਈ ਪੁਲਸ ਨੂੰ ਸਾਰੇ ਜ਼ਿਲ੍ਹਿਆਂ ਵਿੱਚ ਤਾਇਨਾਤੀ ਵਧਾਉਣ ਦੇ ਨਿਰਦੇਸ਼ ਦਿੱਤੇ



ਗਏ ਹਨ। ਭਾਰਤ ਬੰਦ ਦੌਰਾਨ ਕਿਸੇ ਵੀ ਤਰ੍ਹਾਂ ਦੀ ਹਿੰਸਾ ਤੋਂ ਬਚਣ ਲਈ ਪੁਲਸ ਪ੍ਰਸ਼ਾਸਨ ਨੇ ਸਾਰੇ ਡਵੀਜ਼ਨਲ ਕਮਿਸ਼ਨਰਾਂ, ਜ਼ਿਲ੍ਹਾ ਮੈਜਿਸਟ੍ਰੇਟ ਅਤੇ ਸੀਨੀਅਰ ਪੁਲਸ ਅਧਿਕਾਰੀਆਂ ਨੂੰ ਜ਼ਰੂਰੀ ਦਿਸ਼ਾ-ਨਿਰਦੇਸ਼ ਜਾਰੀ ਕੀਤੇ ਹਨ। ਇਸ ਤੋਂ ਇਲਾਵਾ ਸਾਰੇ ਜ਼ਿਲ੍ਹਿਆਂ ਵਿੱਚ ਵਾਧੂ ਤਾਇਨਾਤੀ ਦੇ ਨਿਰਦੇਸ਼ ਦਿੱਤੇ ਗਏ ਹਨ। ਖ਼ਾਸ ਤੌਰ 'ਤੇ ਪੱਛਮੀ ਉੱਤਰ ਪ੍ਰਦੇਸ਼ ਨੂੰ ਸੰਵੇਦਨਸ਼ੀਲ ਇਲਾਕਾ ਮੰਨਿਆ ਗਿਆ ਹੈ ਅਤੇ ਉੱਥੇ ਦੀ ਪੁਲਸ ਨੂੰ ਹਾਈ ਅਲਰਟ 'ਤੇ ਰੱਖਿਆ ਗਿਆ ਹੈ। ਅਧਿਕਾਰੀਆਂ ਨੇ ਸੁਰੱਖਿਆ ਪ੍ਰਬੰਧਾਂ ਨੂੰ ਹੋਰ ਪ੍ਰਭਾਵਸ਼ਾਲੀ ਬਣਾਉਣ ਲਈ ਵਿਆਪਕ ਉਪਾਅ ਕੀਤੇ ਹਨ।

ਭਾਰਤ ਬੰਦ ਦੌਰਾਨ ਕਿਹੜੀਆਂ ਸੇਵਾਵਾਂ ਬੰਦ ਰਹਿਣਗੀਆਂ ਅਤੇ ਕਿਹੜੀਆਂ ਚਾਲੂ ਰਹਿਣਗੀਆਂ, ਇਸ ਬਾਰੇ ਅਜੇ ਕੋਈ ਅਧਿਕਾਰਤ ਜਾਣਕਾਰੀ ਉਪਲਬਧ ਨਹੀਂ ਹੈ। ਹਾਲਾਂਕਿ ਇਸ ਬੰਦ ਕਾਰਨ ਜਨਤਕ ਟਰਾਂਸਪੋਰਟ ਸੇਵਾਵਾਂ ਪ੍ਰਭਾਵਿਤ ਹੋ ਸਕਦੀਆਂ ਹਨ ਅਤੇ ਕਈ ਨਿੱਜੀ ਦਫ਼ਤਰ ਬੰਦ ਰਹਿਣ ਦੀ ਸੰਭਾਵਨਾ ਹੈ। ਨਾਲ ਹੀ, ਹਸਪਤਾਲ ਅਤੇ ਐਂਬੂਲੈਂਸਾਂ ਵਰਗੀਆਂ ਐਮਰਜੈਂਸੀ ਸੇਵਾਵਾਂ ਪੂਰੀ ਤਰ੍ਹਾਂ ਚਾਲੂ ਰਹਿਣਗੀਆਂ। ਇਸ ਦੌਰਾਨ ਬੈਂਕਾਂ ਅਤੇ ਸਰਕਾਰੀ ਦਫ਼ਤਰਾਂ ਨੂੰ ਬੰਦ ਰੱਖਣ ਸਬੰਧੀ ਅਜੇ ਤੱਕ ਕੋਈ ਅਧਿਕਾਰਤ ਹੁਕਮ ਜਾਰੀ ਨਹੀਂ ਕੀਤਾ ਗਿਆ ਹੈ। ਇਸ ਲਈ ਉਮੀਦ ਕੀਤੀ ਜਾਂਦੀ ਹੈ ਕਿ ਬੈਂਕਾਂ ਅਤੇ ਸਰਕਾਰੀ ਦਫ਼ਤਰਾਂ ਦੀਆਂ ਸੇਵਾਵਾਂ ਆਮ ਵਾਂਗ ਉਪਲਬਧ ਰਹਿਣਗੀਆਂ।

# ਕੇਜਰੀਵਾਲ ਨੂੰ ਨਹੀਂ ਮਿਲੀ ਰਾਹਤ, ਕੋਰਟ ਨੇ 27 ਅਗਸਤ ਤੱਕ ਵਧਾਈ ਨਿਆਇਕ ਹਿਰਾਸਤ



**ਨਵੀਂ ਦਿੱਲੀ, 21 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਦਿੱਲੀ ਦੀ ਇਕ ਅਦਾਲਤ ਨੇ ਆਬਕਾਰੀ ਨੀਤੀ ਘਪਲੇ ਦੇ ਸਿਲਸਿਲੇ 'ਚ ਸੀ.ਬੀ.ਆਈ. ਵਲੋਂ ਦਰਜ ਭ੍ਰਿਸ਼ਟਾਚਾਰ ਦੇ ਇਕ ਮਾਮਲੇ 'ਚ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਦੀ ਨਿਆਇਕ ਹਿਰਾਸਤ ਦੀ ਮਿਆਦ ਮੰਗਲਵਾਰ ਨੂੰ 27 ਅਗਸਤ ਤੱਕ ਵਧਾ ਦਿੱਤੀ। ਵਿਸ਼ੇਸ਼ ਜੱਜ ਕਾਵੇਰੀ ਬਾਵੇਜਾ ਨੇ ਆਮ ਆਦਮੀ ਪਾਰਟੀ (ਆਪ) ਆਗੂ ਕੇਜਰੀਵਾਲ ਦੀ ਨਿਆਇਕ ਹਿਰਾਸਤ ਦੀ ਮਿਆਦ ਖ਼ਤਮ ਹੋਣ 'ਤੇ, ਉਨ੍ਹਾਂ ਨੂੰ ਵੀਡੀਓ ਕਾਨਫਰੰਸ ਰਾਹੀਂ ਅਦਾਲਤ ਦੇ ਸਾਹਮਣੇ ਪੇਸ਼ ਕੀਤੇ ਜਾਣ ਤੋਂ ਬਾਅਦ ਉਨ੍ਹਾਂ ਦੀ ਹਿਰਾਸਤ ਮਿਆਦ 27 ਅਗਸਤ ਤੱਕ ਵਧਾ ਦਿੱਤੀ। ਅਦਾਲਤ ਕੇਜਰੀਵਾਲ ਖ਼ਿਲਾਫ਼ ਕੇਂਦਰੀ ਜਾਂਚ ਬਿਊਰੋ (ਸੀ.ਬੀ.ਆਈ.) ਵਲੋਂ ਦਾਖ਼ਲ ਪੂਰਕ ਦੋਸ਼ ਪੱਤਰ 'ਤੇ 27 ਅਗਸਤ ਨੂੰ ਵਿਚਾਰ ਕਰ ਸਕਦੀ ਹੈ।

ਦੱਸਣਯੋਗ ਹੈ ਕਿ ਈਡੀ ਨੇ 21 ਮਾਰਚ ਨੂੰ ਦੇਰ ਸ਼ਾਮ ਨੂੰ ਅਰਵਿੰਦ ਕੇਜਰੀਵਾਲ ਨੂੰ ਪੁੱਛ-ਗਿੱਛ ਮਗਰੋਂ ਗ੍ਰਿਫ਼ਤਾਰ ਕਰ ਲਿਆ ਸੀ। 10 ਮਈ ਨੂੰ ਸੁਪਰੀਮ ਕੋਰਟ ਨੇ ਕੇਜਰੀਵਾਲ ਨੂੰ 1 ਜੂਨ ਤੱਕ ਅੰਤਰਿਮ ਜ਼ਮਾਨਤ ਦਿੱਤੀ ਸੀ, ਜਿਸ ਤੋਂ ਬਾਅਦ ਕੇਜਰੀਵਾਲ ਨੇ 2 ਜੂਨ ਨੂੰ ਆਤਮ-ਸਮਪਰਣ ਕੀਤਾ ਸੀ। ਕੇਜਰੀਵਾਲ ਨੂੰ 26 ਜੂਨ ਨੂੰ ਸੀ. ਬੀ. ਆਈ. ਨੇ ਗ੍ਰਿਫ਼ਤਾਰ ਕੀਤਾ ਸੀ। ਈਡੀ ਨੇ ਸੰਜੇ ਸਿੰਘ ਨੂੰ 4 ਅਕਤੂਬਰ ਨੂੰ ਉਨ੍ਹਾਂ ਦੇ ਸਰਕਾਰੀ ਘਰ ਤੋਂ ਗ੍ਰਿਫ਼ਤਾਰ ਕੀਤਾ ਸੀ। ਈਡੀ ਨੇ ਇਸ ਮਾਮਲੇ ਵਿਚ ਮਨੀਸ਼ ਸਿਸੋਦੀਆ ਨੂੰ 9 ਮਾਰਚ 2023 ਨੂੰ ਪੁੱਛ-ਗਿੱਛ ਮਗਰੋਂ ਤਿਹਾੜ ਜੇਲ੍ਹ ਤੋਂ ਗ੍ਰਿਫ਼ਤਾਰ ਕੀਤਾ ਸੀ। ਸਿਸੋਦੀਆ ਨੂੰ ਪਹਿਲਾਂ ਸੀ.ਬੀ.ਆਈ. ਨੇ 26 ਫਰਵਰੀ 2023 ਨੂੰ ਗ੍ਰਿਫ਼ਤਾਰ ਕੀਤਾ ਸੀ।

# ਸਿੱਧੀ ਭਰਤੀਆਂ 'ਤੇ ਮੋਦੀ ਸਰਕਾਰ ਨੇ ਲਗਾਈ ਰੋਕ

**ਨਵੀਂ ਦਿੱਲੀ, 21 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਕੇਂਦਰ ਸਰਕਾਰ ਨੇ ਵਿਵਾਦ ਦਰਮਿਆਨ ਮੰਗਲਵਾਰ ਨੂੰ ਯੂ.ਪੀ.ਐੱਸ.ਸੀ. ਨੂੰ ਨੌਕਰਸ਼ਾਹੀ ਵਿਚ 'ਲੈਟਰਲ ਐਂਟਰੀ' ਨਾਲ ਸਬੰਧਤ ਤਾਜ਼ਾ ਇਸ਼ਤਿਹਾਰ ਵਾਪਸ ਲੈਣ ਦੇ ਨਿਰਦੇਸ਼ ਦਿੱਤੇ ਹਨ। ਕੇਂਦਰੀ ਅਮਲਾ ਰਾਜ ਮੰਤਰੀ ਜਤਿੰਦਰ ਸਿੰਘ ਨੇ ਯੂਨੀਅਨ ਪਬਲਿਕ ਸਰਵਿਸ ਕਮਿਸ਼ਨ (ਯੂਪੀਐੱਸਸੀ) ਦੀ ਚੇਅਰਪਰਸਨ ਪ੍ਰੀਤੀ ਸੂਦਨ ਨੂੰ ਪੱਤਰ ਲਿਖ ਕੇ ਇਸ਼ਤਿਹਾਰ ਰੱਦ ਕਰਨ ਲਈ ਕਿਹਾ ਹੈ ਤਾਂ ਜੋ ਕਮਜ਼ੋਰ ਵਰਗਾਂ ਨੂੰ ਸਰਕਾਰੀ ਸੇਵਾਵਾਂ 'ਚ ਉਨ੍ਹਾਂ ਦੀ ਬਣਦੀ ਨੁਮਾਇੰਦਗੀ ਮਿਲ ਸਕੇ। UPSC ਨੇ 17 ਅਗਸਤ ਨੂੰ 'ਲੈਟਰਲ ਐਂਟਰੀ' ਦੇ ਮਾਧਿਅਮ ਨਾਲ 45 ਸੰਯੁਕਤ ਸਕੱਤਰਾਂ, ਡਾਇਰੈਕਟਰਾਂ ਅਤੇ ਉਪ ਸਕੱਤਰਾਂ ਦੀ ਭਰਤੀ ਲਈ ਨੋਟੀਫਿਕੇਸ਼ਨ ਜਾਰੀ ਕੀਤਾ ਸੀ। ਲੈਟਰਲ ਐਂਟਰੀ ਨੂੰ ਸਰਕਾਰੀ ਵਿਭਾਗਾਂ 'ਚ (ਨਿੱਜੀ ਖੇਤਰਾਂ ਦੇ ਮਾਹਿਰਾਂ ਸਮੇਤ) ਵੱਖ-ਵੱਖ ਮਾਹਿਰਾਂ ਦੀ ਨਿਯੁਕਤੀ ਕਿਹਾ ਜਾਂਦਾ ਹੈ। ਇਸ ਫ਼ੈਸਲੇ ਦੀ ਵਿਰੋਧੀ ਪਾਰਟੀਆਂ ਨੇ ਸਖ਼ਤ ਆਲੋਚਨਾ ਕੀਤੀ ਸੀ। ਉਨ੍ਹਾਂ ਦਾ ਦਾਅਵਾ ਹੈ ਕਿ ਇਸ ਨਾਲ ਹੋਰ ਪੱਛੜੀਆਂ ਸ਼੍ਰੇਣੀਆਂ (ਓਬੀਸੀ), ਅਨੁਸੂਚਿਤ ਜਾਤੀਆਂ (ਐੱਸਸੀ) ਅਤੇ ਅਨੁਸੂਚਿਤ ਜਨਜਾਤੀਆਂ (ਐੱਸਟੀ) ਦੇ ਰਾਖਵੇਂਕਰਨ ਦੇ ਅਧਿਕਾਰਾਂ ਦੀ ਹਨਨ ਹੋਇਆ ਹੈ।

ਕੇਂਦਰੀ ਅਮਲਾ ਰਾਜ ਮੰਤਰੀ ਸਿੰਘ



ਨੇ ਆਪਣੇ ਪੱਤਰ 'ਚ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਲਈ ਜਨਤਕ ਰੁਜ਼ਗਾਰ 'ਚ ਰਾਖਵਾਂਕਰਨ ਸਾਡੇ ਸਮਾਜਿਕ ਨਿਆਂ ਢਾਂਚੇ ਦਾ ਆਧਾਰ ਹੈ, ਜਿਸ ਦਾ ਮਕਸਦ ਇਤਿਹਾਸਕ ਅਨਿਆਂ ਨੂੰ ਦੂਰ ਕਰਨਾ ਅਤੇ ਸ਼ਮੂਲੀਅਤ ਨੂੰ ਉਤਸ਼ਾਹ ਦੇਣਾ ਹੈ।'' ਸਿੰਘ ਨੇ ਕਿਹਾ,''ਕਿਉਂਕਿ ਇਨ੍ਹਾਂ ਅਹੁਦਿਆਂ ਨੂੰ ਵਿਸ਼ੇਸ਼ ਮੰਨਦੇ ਹੋਏ ਏਕਲ-ਕੈਡਰ ਅਹੁਦੇ ਵਜੋਂ ਨਾਮਜ਼ਦ ਕੀਤਾ ਗਿਆ ਹੈ, ਇਸ ਲਈ ਇਨ੍ਹਾਂ ਨਿਯੁਕਤੀਆਂ 'ਚ ਰਾਖਵਾਂਕਰਨ ਦੀ ਕੋਈ ਵਿਵਸਥਾ ਨਹੀਂ ਹੈ। ਮਾਨਯੋਗ ਪ੍ਰਧਾਨ ਮੰਤਰੀ ਦੇ ਸਮਾਜਿਕ ਨਿਆਂ ਯਕੀਨੀ ਕਰਨ ਦੇ ਦ੍ਰਿਸ਼ਟੀਕੋਣ ਨੂੰ ਧਿਆਨ 'ਚ ਰੱਖਦੇ ਹੋਏ, ਇਸ ਕਦਮ ਦੀ ਸਮੀਖਿਆ ਅਤੇ ਸੁਧਾਰ ਦੀ ਲੋੜ ਹੈ।'' ਉਨ੍ਹਾਂ ਕਿਹਾ,''ਮੈਂ ਯੂ.ਪੀ.ਐੱਸ.ਸੀ. ਤੋਂ 17 ਅਗਸਤ 2024 ਨੂੰ ਜਾਰੀ ਲੈਟਰਲ ਐਂਟਰੀ ਭਰਤੀ ਇਸ਼ਤਿਹਾਰ ਨੂੰ ਰੱਦ ਕਰਨ ਦੀ ਅਪੀਲ ਕਰਦਾ ਹਾਂ।'' ਸਿੰਘ ਨੇ ਕਿਹਾ ਕਿ ਇਹ ਕਦਮ ਸਮਾਜਿਕ ਨਿਆਂ ਅਤੇ ਸਸ਼ਕਤੀਕਰਣ ਦੀ ਦਿਸ਼ਾ 'ਚ ਇਕ ਮਹੱਤਵਪੂਰਨ ਤਰੱਕੀ ਹੋਵੇਗਾ।

**ਲੈਟਰਲ ਐਂਟਰੀ ਕੀ ਹੈ ?**

ਲੈਟਰਲ ਐਂਟਰੀ ਦਾ ਮਤਲਬ ਹੈ ਬਿਨਾਂ ਪ੍ਰੀਖਿਆ ਦੇ ਸਿੱਧੀ ਭਰਤੀ। ਕਈ ਵਾਰ UPSC ਲੈਟਰਲ ਐਂਟਰੀ ਰਾਹੀਂ ਕੇਂਦਰ ਸਰਕਾਰ ਲਈ ਵੱਡੇ ਅਹੁਦਿਆਂ 'ਤੇ ਮਾਹਿਰਾਂ ਦੀ ਸਿੱਧੀ ਭਰਤੀ ਕਰਦਾ ਹੈ। ਇਸ 'ਚ ਮਾਲੀਆ, ਵਿੱਤ, ਆਰਥਿਕ, ਖੇਤੀਬਾੜੀ, ਸਿੱਖਿਆ ਵਰਗੇ ਖੇਤਰਾਂ 'ਚ ਲੰਬੇ ਸਮੇਂ ਤੋਂ ਕੰਮ ਕਰਨ ਵਾਲੇ ਲੋਕ ਸ਼ਾਮਲ ਹਨ। ਸਰਕਾਰੀ ਮੰਤਰਾਲਿਆਂ 'ਚ ਸੰਯੁਕਤ ਸਕੱਤਰ, ਡਾਇਰੈਕਟਰ ਅਤੇ ਡਿਪਟੀ ਸਕੱਤਰ ਦੇ ਅਹੁਦਿਆਂ 'ਤੇ ਭਰਤੀ ਲੈਟਰਲ ਐਂਟਰੀ ਰਾਹੀਂ ਕੀਤੀ ਜਾਂਦੀ ਹੈ।

# ਰਾਹੁਲ ਨੇ ਰਾਜੀਵ ਗਾਂਧੀ ਦੀ ਜਯੰਤੀ 'ਤੇ ਸ਼ਰਧਾਂਜਲੀ ਭੇਂਟ ਕੀਤੀ



**ਨਵੀਂ ਦਿੱਲੀ, 21 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਕਾਂਗਰਸ ਪ੍ਰਧਾਨ ਮਲਿਕਾਰਜੁਨ ਖੜਗੇ, ਲੋਕ ਸਭਾ ਵਿਚ ਵਿਰੋਧੀ ਧਿਰ ਦੇ ਨੇਤਾ ਰਾਹੁਲ ਗਾਂਧੀ ਅਤੇ ਕਈ ਹੋਰ ਸੀਨੀਅਰ ਨੇਤਾਵਾਂ ਨੇ ਅੱਜ ਸਾਬਕਾ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਨੂੰ ਉਨ੍ਹਾਂ ਦੀ ਜਯੰਤੀ 'ਤੇ ਸ਼ਰਧਾਂਜਲੀ ਭੇਂਟ ਕੀਤੀ ਅਤੇ ਉਨ੍ਹਾਂ ਦੇ ਯੋਗਦਾਨ ਨੂੰ ਯਾਦ ਕੀਤਾ। ਰਾਹੁਲ ਅਤੇ ਕਈ ਹੋਰ ਕਾਂਗਰਸੀ ਨੇਤਾਵਾਂ ਨੇ ਵੀਰ ਭੂਮੀ 'ਚ ਜਾ ਕੇ ਸਾਬਕਾ ਪ੍ਰਧਾਨ ਮੰਤਰੀ ਦੀ ਸਮਾਧੀ 'ਤੇ ਸ਼ਰਧਾਂਜਲੀ ਦਿੱਤੀ।

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਸਾਬਕਾ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਨੂੰ ਉਨ੍ਹਾਂ ਦੀ ਜਯੰਤੀ 'ਤੇ ਸ਼ਰਧਾਂਜਲੀ ਦਿੱਤੀ। ਸ੍ਰੀ ਮੋਦੀ ਨੇ 'ਐਕਸ' 'ਤੇ ਪੋਸਟ ਵਿਚ ਕਿਹਾ, 'ਸਾਡੇ ਸਾਬਕਾ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਜੀ ਨੂੰ ਉਨ੍ਹਾਂ ਦੀ ਜਯੰਤੀ 'ਤੇ ਸ਼ਰਧਾਂਜਲੀ।' ਰਾਜੀਵ ਗਾਂਧੀ ਦਾ ਜਨਮ 21 ਅਗਸਤ 1944 ਨੂੰ ਹੋਇਆ ਸੀ। ਉਨ੍ਹਾਂ ਦੇ ਜਨਮ ਦਿਨ ਨੂੰ ਸਦਭਾਵਨਾ ਦਿਵਸ ਵਜੋਂ ਮਨਾਇਆ ਜਾਂਦਾ ਹੈ। ਰਾਜੀਵ ਗਾਂਧੀ 1984 ਤੋਂ 1989 ਤੱਕ ਪ੍ਰਧਾਨ ਮੰਤਰੀ ਦੇ ਅਹੁਦੇ 'ਤੇ ਰਹੇ।

# ਸਪਾਂਸਰਸ਼ਿਪ ਅਤੇ ਫੌਸਟਰ ਕੇਅਰ ਸਕੀਮ ਲਾਗੂ ਕਰਨ ਵਿਚ ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ ਮੋਹਰੀ: ਡਾ. ਬਲਜੀਤ ਕੌਰ

**ਚੰਡੀਗੜ੍ਹ, 21 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਆਰਥਿਕ ਤੌਰ 'ਤੇ ਕਮਜ਼ੋਰ ਵਰਗਾਂ ਦੇ ਉਥਾਨ ਕਰਨ ਨੂੰ ਤਰਜੀਹ ਦਿੱਤੀ ਜਾ ਰਹੀ ਹੈ ਕਿਉਂਕਿ ਰੰਗਲੇ ਪੰਜਾਬ ਦੇ ਸੰਕਲਪ ਦੀ ਸਿੱਧੀ ਲਈ ਲਾਜਮੀ ਹੈ ਕਿ ਸਮਾਜ ਦੇ ਹਰ ਵਰਗ ਨੂੰ ਤਰੱਕੀ ਦੇ ਬਰਾਬਰ ਮੌਕੇ ਮਿਲਣ।

ਇਹ ਸ਼ਬਦ ਪੰਜਾਬ ਦੇ ਸਮਾਜਿਕ ਸੁਰੱਖਿਆ, ਇਸਤਰੀ ਤੇ ਬਾਲ ਵਿਕਾਸ ਮੰਤਰੀ ਡਾ. ਬਲਜੀਤ ਕੌਰ ਨੇ ਮਲੋਟ ਵਿਖੇ ਬੇਸਹਾਰਾ ਬੱਚਿਆਂ ਦੀ ਭਲਾਈ ਲਈ ਸਰਕਾਰ ਵੱਲੋਂ ਚਲਾਈ ਜਾ ਰਹੀ ਸਪਾਂਸਰਸ਼ਿਪ ਅਤੇ ਫੌਸਟਰ ਕੇਅਰ ਸਕੀਮ ਅਧੀਨ ਲਾਭਪਾਤਰੀਆਂ ਨੂੰ ਵਿੱਤੀ ਲਾਭ ਦੇਣ ਲਈ ਚੈਕ ਵੰਡਣ ਲਈ ਕਰਵਾਏ ਸਮਾਗਮ ਦੌਰਾਨ ਸੰਬੋਧਨ ਕਰਦਿਆਂ ਆਖੇ। ਇਸ ਮੌਕੇ ਉਨ੍ਹਾਂ ਨੇ ਆਖਿਆ ਕਿ ਹੁਣ ਤੱਕ ਕਰੀਬ 3 ਹਜ਼ਾਰ ਅਰਜ਼ੀਆਂ



ਪ੍ਰਾਪਤ ਹੋਈਆਂ ਤੇ ਸੂਬੇ ਦੇ 1704 ਬੱਚਿਆਂ ਦੀ ਵਿੱਤੀ ਸਹਾਇਤਾ ਲਈ ਚਾਲੂ ਵਿੱਤੀ ਸਾਲ ਦੌਰਾਨ 7.91 ਕਰੋੜ ਰੁਪਏ ਜਾਰੀ ਕੀਤੇ ਗਏ ਹਨ।

ਕੈਬਨਿਟ ਮੰਤਰੀ ਨੇ ਕਿਹਾ ਕਿ ਇਹ ਜ਼ਰੂਰੀ ਹੈ ਕਿ ਜੋ ਸਮਾਜ ਵਿਚ ਪਿੱਛੇ ਛੁੱਟ ਗਏ ਹਨ ਉਨ੍ਹਾਂ ਦੀ ਸਰਕਾਰ ਮਦਦ ਕਰੇ ਅਤੇ ਉਨ੍ਹਾਂ ਨੂੰ ਵੀ ਸਮਾਜ ਦੀ ਮੁੱਖ ਧਾਰਾ ਦਾ ਹਿੱਸੇਦਾਰ ਬਣਾਇਆ ਜਾਵੇ। ਉਨ੍ਹਾਂ ਨੇ ਕਿਹਾ ਕਿ ਰੰਗਲੇ ਪੰਜਾਬ ਦੇ ਸੁਪਨੇ ਨੂੰ ਸਕਾਰ ਕਰਨ ਲਈ ਜਰੂਰੀ ਹੈ ਕਿ ਹਰ ਇਕ ਨਾਗਰਿਕ ਨੂੰ ਅੱਗੇ ਵੱਧਣ ਲਈ ਬਰਾਬਰ ਦੇ ਮੌਕੇ ਮਿਲਣ। ਇਸੇ ਲਈ ਜਿੰਨ੍ਹਾਂ ਬੱਚਿਆਂ ਦੇ ਮਾਪਿਆਂ ਦੀ ਮੌਤ ਹੋ ਗਈ, ਤਲਾਕ ਹੋ ਗਿਆ ਜਾਂ ਮਾਪੇ ਕਿਸੇ ਗੰਭੀਰ ਬਿਮਾਰੀ ਤੋਂ ਪੀੜਤ ਹਨ ਜਾਂ ਕਿਸੇ ਕਾਰਨ ਜੇਲ੍ਹ ਵਿਚ ਬੰਦ ਹਨ ਅਜਿਹੇ ਬੱਚਿਆ ਨੂੰ ਇਸ ਸਕੀਮ ਤਹਿਤ 4000 ਰੁਪਏ ਪ੍ਰਤੀ ਮਹੀਨਾ ਦੀ ਮਦਦ ਦਿੱਤੀ ਜਾਂਦੀ ਹੈ ਤਾਂ ਜੋ ਇਹ ਬੱਚੇ ਕਿਸੇ ਤੇ ਬੋਝ ਨਾ ਬਣਨ ਸਗੋਂ ਚੰਗੀ ਵਿਦਿਆ ਹਾਸਲ ਕਰਕੇ ਸਮਾਜ ਦੇ ਜਿੰਮੇਵਾਰ ਨਾਗਰਿਕ ਬਣਨ। ਉਨ੍ਹਾਂ ਨੇ ਕਿਹਾ ਕਿ ਗਰੀਬੀ ਦੇ ਖੂਹ ਤੋਂ ਬਾਹਰ ਨਿਕਲਣ ਲਈ ਪੜਾਈ ਹੀ ਇਕੋ ਇਕ ਪੌੜੀ ਹੈ। ਕੈਬਨਿਟ ਮੰਤਰੀ ਨੇ ਕਿਹਾ ਕਿ ਸਪਾਂਸਰਸ਼ਿਪ ਸਕੀਮ ਤਹਿਤ ਚਾਲੂ ਵਿੱਤੀ ਸਾਲ 2024-25 ਦੌਰਾਨ ਪੰਜਾਬ ਸਰਕਾਰ ਵੱਲੋਂ 7.91 ਕਰੋੜ ਰੁਪਏ ਸਪਾਂਸਰਸ਼ਿਪ ਸਕੀਮ ਅਧੀਨ ਜਾਰੀ ਕੀਤੇ ਗਏ ਹਨ। 31 ਮਾਰਚ 2025 ਤਕ 07 ਹਜ਼ਾਰ ਬੱਚੇ ਇਸ ਸਕੀਮ ਅਧੀਨ ਕਵਰ ਕੀਤੇ ਜਾਣੇ ਹਨ।

ਉਨ੍ਹਾਂ ਨੇ ਕਿਹਾ ਕਿ ਸਰਕਾਰ ਵੱਲੋਂ ਹੈਲਪ ਲਾਈਨ ਨੰਬਰ 1098 ਕਾਰਜਸ਼ੀਲ ਹੈ। ਜਿਸ ਕਿਸੇ ਨੂੰ ਵੀ ਕੋਈ ਵੀ ਬੇਸਹਾਰਾ, ਬਾਲ ਮਜ਼ਦੂਰੀ ਕਰਦਾ ਜਾਂ ਭੀਖ ਮੰਗਦਾ ਬੱਚਾ ਮਿਲਦਾ ਹੈ ਤਾਂ ਇਸ ਨੰਬਰ ਉੱਤੇ ਜਾ ਸੂਚਨਾ ਦਿੱਤੀ ਜਾਵੇ। ਸੂਚਨਾ ਮਿਲਣ 'ਤੇ ਫੌਰੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ। ਇਸ ਹੈਲਪਲਾਈਨ ਦੀ ਸੁਚੱਜੀ ਕਾਰਜਪ੍ਰਣਾਲੀ ਲਈ ਡਾ. ਬਲਜੀਤ ਕੌਰ ਨੇ ਦੱਸਿਆ ਕਿ ਇਸ ਸਕੀਮ ਅਧੀਨ ਜਿਨ੍ਹਾਂ ਪਰਿਵਾਰਾਂ ਦੀ ਸਲਾਨਾ ਆਮਦਨ ਸ਼ਹਿਰੀ ਖੇਤਰ ਵਿੱਚ 96000 ਰੁਪਏ ਅਤੇ ਪੇਂਡੂ ਖੇਤਰਾਂ ਵਿੱਚ 72000 ਰੁਪਏ ਤੱਕ ਹੈ, ਲਾਭ ਲੈਣ ਦੇ ਯੋਗ ਹਨ। ਆਰਥਿਕ ਤੌਰ 'ਤੇ ਕਮਜ਼ੋਰ ਪਰਿਵਾਰ ਦੇ ਬੱਚੇ ਜੋ ਇਸ ਸਕੀਮ ਦਾ ਲਾਭ ਲੈਣਾ ਚਾਹੁੰਦੇ ਹਨ ਉਹ ਇਸ ਸਕੀਮ ਸਬੰਧੀ, ਯੋਗਤਾਵਾਂ, ਆਦਿ ਸਬੰਧੀ ਸੂਚਨਾ ਆਪਣੇ ਜ਼ਿਲ੍ਹੇ ਦੇ ਜ਼ਿਲ੍ਹਾ ਬਾਲ ਸੁਰੱਖਿਆ ਯੂਨਿਟ ਜਾਂ ਬਾਲ ਭਲਾਈ ਕਮੇਟੀ ਤੋਂ ਪ੍ਰਾਪਤ ਕਰ ਕੇ ਯੋਗਤਾ ਅਨੁਸਾਰ ਆਪਣੀ ਅਰਜ਼ੀ ਦੇ ਸਕਦਾ ਹੈ।

ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੈਬਨਿਟ ਮੰਤਰੀ ਨੇ ਕਿਹਾ ਕਿ ਕਲੱਕਤਾ ਵਿਚ ਇਕ ਮਹਿਲਾ ਡਾਕਟਰ ਨਾਲ ਹੋਈ ਅਨਹੋਣੀ ਦੇ ਮੱਦੇਨਜਰ ਪੰਜਾਬ ਸਰਕਾਰ ਵੱਲੋਂ ਚਲਾਈ ਜਾ ਰਹੀ 181 ਹੈਲਪਲਾਈਨ ਨੂੰ ਹੋਰ ਵਧੇਰੇ ਲਾਭਦਾਇਕ ਬਣਾਉਣ ਲਈ ਹੋਰ ਭਰਤੀ ਕੀਤੀ ਜਾਵੇਗੀ।

# ਕੰਗਨਾ ਦੀ ਫ਼ਿਲਮ ਖਿਲਾਫ ਪੰਜਾਬ ਭਾਜਪਾ, 'ਪਹਿਲਾਂ ਪੁੱਛ ਤਾਂ ਲੈਂਦੀ'

**ਚੰਡੀਗੜ੍ਹ, 21 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਹਿਮਾਚਲ ਪ੍ਰਦੇਸ਼ ਦੀ ਮੰਡੀ ਸੀਟ ਤੋਂ ਭਾਜਪਾ ਦੀ ਸੰਸਦ ਮੈਂਬਰ ਅਦਾਕਾਰਾ ਕੰਗਨਾ ਰਣੌਤ ਦੀ ਆਉਣ ਵਾਲੀ ਫਿਲਮ 'ਐਮਰਜੈਂਸੀ' ਵਿਵਾਦਾਂ 'ਚ ਘਿਰ ਗਈ ਹੈ। ਹੁਣ ਇਸ ਫਿਲਮ ਨੂੰ ਲੈ ਕੇ ਪੰਜਾਬ ਭਾਜਪਾ ਨੇ ਪ੍ਰਤੀਕਿਰਿਆ ਦਿੱਤੀ ਹੈ। ਭਾਰਤੀ ਜਨਤਾ ਪਾਰਟੀ ਦੀ ਪੰਜਾਬ ਇਕਾਈ ਦੇ ਸੀਨੀਅਰ ਲੀਡਰ ਹਰਜੀਤ ਸਿੰਘ ਗਰੇਵਾਲ ਨੇ ਕਿਹਾ ਕਿ ਇਹ ਲੋਕਤੰਤਰ ਵਾਲਾ ਦੇਸ਼ ਹੈ, ਜੇ ਇੱਥੇ ਕਿਸੇ ਧਰਮ ਬਾਰੇ ਕੋਈ ਗੱਲ ਕਰਨੀ ਹੋਵੇ ਤਾਂ ਪਹਿਲਾਂ ਉਸ ਦੀ ਮਨਜ਼ੂਰੀ ਲੈਣੀ ਚਾਹੀਦੀ ਹੈ। ਫਿਲਮ ਬਣਾਉਣ ਵਾਲਿਆਂ ਨੂੰ ਇਸ ਵੱਲ ਧਿਆਨ ਦੇਣਾ ਚਾਹੀਦਾ ਸੀ।

ਹਰਜੀਤ ਗਰੇਵਾਲ ਨੇ ਕਿਹਾ ਕਿ ਉਹ ਜਰਨੈਲ ਸਿੰਘ ਭਿੰਡਰਾਂਵਾਲਿਆਂ ਦੀ ਸੋਚ ਨਾਲ ਸਹਿਮਤ ਨਹੀਂ ਹੈ ਪਰ ਕਿਸੇ ਦਾ ਵੀ ਨਿਰਾਦਰ ਨਹੀਂ ਹੋਣਾ ਚਾਹੀਦਾ।



ਉਨ੍ਹਾਂ ਕਿਹਾ ਕਿ ਅਜਿਹਾ ਕਰਨ ਤੋਂ ਪਹਿਲਾਂ ਫਿਲਮ ਬਣਾਉਣ ਵਾਲਿਆਂ ਨੂੰ ਸਿੱਖ ਸੰਸਥਾਂ ਨਾਲ ਗੱਲ ਕਰਨੀ ਚਾਹੀਦੀ ਸੀ ਤਾਂ ਕਿ ਕੋਈ ਅਜਿਹੇ ਮਸਲੇ ਪੈਦਾ ਨਾ ਹੋਣ।

ਭਾਜਪਾ ਲੀਡਰ ਨੇ ਕਿਹਾ ਕਿ ਫਿਲਮ ਬਣਾਉਣ ਵਾਲਿਆਂ ਨੂੰ ਇਸ ਵੱਲ ਧਿਆਨ ਦੇਣਾ ਚਾਹੀਦਾ ਹੈ ਕਿ ਸੰਵੇਦਨਸ਼ੀਲ ਮੁੱਦੇ ਬਾਰੇ ਪਹਿਲਾਂ ਗੱਲ ਕਰ ਲੈਣੀ ਚਾਹੀਦੀ ਸੀ। ਲੋਕਤੰਤਰ 'ਚ ਪਿਆਰ ਨਾਲ ਹੀ ਕੰਮ ਚੱਲਦਾ, ਜਿਹੜਾ ਕੜਵਾਹਟ ਵਧਾਉਂਦਾ ਉਹ ਲੋਕਤੰਤਰ ਨੂੰ ਕਮਜ਼ੋਰ ਕਰਦਾ।

# 2 ਸਤੰਬਰ ਨੂੰ ਹੋਵੇਗਾ ਪੰਜਾਬ ਵਿਧਾਨ ਸਭਾ ਇਜਲਾਸ

**ਚੰਡੀਗੜ੍ਹ, 21 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਵਿਧਾਨ ਸਭਾ ਦਾ ਮਾਨਸੂਨ ਇਜਲਾਸ ਦੋ ਸਤੰਬਰ ਨੂੰ ਹੋਵੇਗਾ। ਇਸ ਲਈ ਪੰਜਾਬ ਦੇ ਨਵੇਂ ਗਵਰਨਰ ਗੁਲਾਬ ਚੰਦ ਕਟਾਰੀਆ ਨੇ ਮਨਜ਼ੂਰੀ ਦੇ ਦਿੱਤੀ ਹੈ।

ਇਸ ਦੇ ਨਾਲ ਹੀ ਉਨ੍ਹਾਂ ਨੇ ਆਪਣਾ ਪਹਿਲਾ ਇਜਲਾਸ ਸੱਦ ਲਿਆ ਹੈ। ਇਥੇ ਇਹ ਵੀ ਦੱਸਣਯੋਗ ਹੈ ਕਿ ਬੀਤੇ ਦਿਨੀਂ 14 ਅਗਸਤ ਨੂੰ ਹੋਈ ਪੰਜਾਬ ਕੈਬਨਿਟ ਦੀ ਮੀਟਿੰਗ ਵਿਚ ਵਿਧਾਨ ਸਭਾ ਦੇ ਮਾਨਸੂਨ ਇਜਲਾਸ ਨੂੰ ਲੈ ਕੇ ਦੋ ਸਤੰਬਰ ਦੀ ਤਾਰੀਖ਼ ਮੁਕੱਰਰ ਕੀਤੀ ਗਈ ਸੀ। ਜਿਸ ਤੋਂ ਬਾਅਦ ਵਿਧਾਨ ਸਭਾ ਸੱਦਣ ਦਾ ਪ੍ਰਸਤਾਅ ਪੰਜਾਬ ਦੇ ਗਵਰਨਰ ਨੂੰ ਭੇਜਿਆ ਗਿਆ ਸੀ, ਜਿਸ ਨੂੰ ਉਨ੍ਹਾਂ ਵਲੋਂ ਪ੍ਰਵਾਨਗੀ ਦੇ ਦਿੱਤੀ ਗਈ ਹੈ। ਇਹ ਇਜਲਾਸ 2 ਤੋਂ 4 ਤਾਰੀਖ਼ ਤੱਕ ਚੱਲੇਗਾ।

# ਆਟੋ-ਰਿਕਸ਼ਾ ਸੜਕ ਕੰਢੇ ਖੜ੍ਹੇ ਟਰੱਕ 'ਚ ਵੱਜਣ ਕਾਰਨ 7 ਮੌਤਾਂ ਤੇ 6 ਜ਼ਖ਼ਮੀ

**ਛਤਰਪੁਰ, 21 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਮੱਧ ਪ੍ਰਦੇਸ਼ ਦੇ ਛਤਰਪੁਰ ਜ਼ਿਲ੍ਹੇ ਵਿਚ ਅੱਜ ਸਵੇਰੇ ਆਟੋ-ਰਿਕਸ਼ਾ ਸੜਕ ਕੰਢੇ ਖੜ੍ਹੇ ਟਰੱਕ ਨਾਲ ਟਕਰਾਅ ਗਿਆ।

ਇਸ ਹਾਦਸੇ ਵਿੱਚ ਇੱਕ ਸਾਲ ਦੇ ਬੱਚੇ ਸਮੇਤ ਸੱਤ ਵਿਅਕਤੀਆਂ ਦੀ ਮੌਤ ਹੋ ਗਈ ਅਤੇ ਛੇ ਜ਼ਖ਼ਮੀ ਹੋ ਗਏ। ਸੀਨੀਅਰ ਪੁਲੀਸ ਅਧਿਕਾਰੀ ਨੇ ਦੱਸਿਆ ਕਿ ਹਾਦਸਾ ਸਿਵਲ ਲਾਈਨ ਥਾਣਾ ਖੇਤਰ 'ਚ ਉਸ ਸਮੇਂ ਹੋਇਆ, ਜਦੋਂ ਸਵੇਰੇ ਕਰੀਬ 5 ਵਜੇ ਆਟੋ-ਰਿਕਸ਼ਾ ਖਜੂਰਾਹੋ-ਝਾਂਸੀ ਹਾਈਵੇਅ 'ਤੇ ਬਾਗੇਸ਼ਵਰ ਵੱਲ ਜਾ ਰਿਹਾ ਸੀ। ਆਟੋ-ਰਿਕਸ਼ਾ ਵਿੱਚ 13 ਜਣੇ ਸਫ਼ਰ ਕਰ ਰਹੇ ਸਨ।

# ਜੰਮੂ-ਕਸ਼ਮੀਰ ਦੇ ਬਾਰਾਮੂਲਾ 'ਚ ਭੂਚਾਲ ਦੇ ਲਗਾਤਾਰ ਦੋ ਝਟਕਿਆਂ ਕਾਰਨ ਦਹਿਸ਼ਤ

**ਸ੍ਰੀਨਗਰ, 21 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਜੰਮੂ-ਕਸ਼ਮੀਰ 'ਚ ਅੱਜ ਸਵੇਰੇ ਇਕ ਤੋਂ ਬਾਅਦ ਇਕ ਭੂਚਾਲ ਦੇ ਦੋ ਝਟਕੇ ਮਹਿਸੂਸ ਕੀਤੇ ਗਏ, ਜਿਸ ਕਾਰਨ ਲੋਕਾਂ 'ਚ ਦਹਿਸ਼ਤ ਫ਼ੈਲ ਗਈ। ਭੂਚਾਲ ਕਾਰਨ ਜਾਨ-ਮਾਲ ਦੇ ਨੁਕਸਾਨ ਦੀ ਫਿਲਹਾਲ ਕੋਈ ਖ਼ਬਰ ਨਹੀਂ ਹੈ। ਭੂਚਾਲ ਦਾ ਪਹਿਲਾ ਝਟਕਾ ਸਵੇਰੇ 6.45 ਵਜੇ ਮਹਿਸੂਸ ਕੀਤਾ ਗਿਆ। ਇਸ ਦੀ ਸ਼ਿੱਦਤ ਰਿਕਟਰ ਪੈਮਾਨੇ 'ਤੇ 4.9 ਦਰਜ ਕੀਤੀ ਗਈ। ਪਹਿਲੇ ਭੂਚਾਲ ਦਾ ਕੇਂਦਰ ਉੱਤਰੀ ਕਸ਼ਮੀਰ ਦੇ ਬਾਰਾਮੂਲਾ ਜ਼ਿਲ੍ਹੇ ਵਿੱਚ ਜ਼ਮੀਨ ਤੋਂ ਪੰਜ ਕਿਲੋਮੀਟਰ ਦੀ ਡੂੰਘਾਈ ਵਿੱਚ ਸੀ। ਭੂਚਾਲ ਦਾ ਦੂਜਾ ਝਟਕਾ ਸਵੇਰੇ 6.52 ਵਜੇ ਮਹਿਸੂਸ ਕੀਤਾ ਗਿਆ, ਜਿਸ ਦੀ ਸ਼ਿੱਦਤ ਰਿਕਟਰ ਪੈਮਾਨੇ 'ਤੇ 4.8 ਦਰਜ ਕੀਤੀ ਗਈ।

# ਸਿੱਖ ਲੜਨਗੇ ਜੰਮੂ 'ਚ ਵਿਧਾਨ ਸਭਾ ਚੋਣਾਂ

**ਸ਼੍ਰੀਨਗਰ, 21 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਜੰਮੂ ਅਤੇ ਕਸ਼ਮੀਰ ਵਿੱਚ ਚੋਣਾਂ ਦਾ ਬਿਗਲ ਵੱਜਣ ਤੋਂ ਬਾਅਦ ਕਸ਼ਮੀਰ ਵਿੱਚ ਵਸਦੇ ਸਿੱਖਾਂ ਵੱਲੋਂ ਚੋਣਾਂ ਲੜਨ ਦੀ ਯੋਜਨਾ ਬਣਾਈ ਜਾ ਰਹੀ ਹੈ। ਆਲ ਪਾਰਟੀ ਸਿੱਖ ਕੋਆਰਡੀਨੇਸ਼ਨ ਕਮੇਟੀ (ਏ.ਪੀ.ਐੱਸ.ਸੀ.ਸੀ.) ਨੇ ਕਿਹਾ ਕਿ ਜੰਮੂ-ਕਸ਼ਮੀਰ 'ਚ ਹੋਣ ਵਾਲੀਆਂ ਵਿਧਾਨ ਸਭਾ ਚੋਣਾਂ 'ਚ ਕੁਝ ਸੀਟਾਂ 'ਤੇ ਸਿੱਖ ਉਮੀਦਵਾਰਾਂ ਨੂੰ ਉਤਾਰਿਆ ਜਾਵੇਗਾ। ਏ.ਪੀ.ਐੱਸ.ਸੀ.ਸੀ. ਦੇ ਪ੍ਰਧਾਨ ਜਗਮੋਹਨ ਸਿੰਘ ਰੈਨਾ ਨੇ ਮੰਗਲਵਾਰ ਨੂੰ ਇੱਥੇ ਇੱਕ ਪ੍ਰੈੱਸ ਕਾਨਫਰੰਸ 'ਚ ਕਿਹਾ, ਅਸੀਂ ਕਸ਼ਮੀਰ ਦੀਆਂ ਕੁਝ ਵਿਧਾਨ ਸਭਾ ਸੀਟਾਂ 'ਤੇ ਸਿੱਖ ਉਮੀਦਵਾਰ ਉਤਾਰਨ ਦਾ ਫ਼ੈਸਲਾ ਕੀਤਾ ਹੈ, ਜਿੱਥੇ ਸਾਡੇ ਭਾਈਚਾਰੇ ਦੀ ਮਜ਼ਬੂਤ ? ?ਮੌਜੂਦਗੀ ਹੈ। ਅਸੀਂ ਬਹੁਗਿਣਤੀ ਭਾਈਚਾਰੇ ਨੂੰ ਸਿੱਖ ਉਮੀਦਵਾਰਾਂ ਦਾ ਸਮਰਥਨ ਕਰਨ ਦੀ ਬੇਨਤੀ ਕਰਦੇ ਹਾਂ।"

ਜਗਮੋਹਨ ਸਿੰਘ ਰੈਨਾ ਨੇ ਕਿਹਾ ਕਿ ਹੁਣ ਤੱਕ ਜੰਮੂ ਅਤੇ ਕਸ਼ਮੀਰ ਵਿੱਚ ਕਈ ਸਿਆਸੀ ਪਾਰਟੀਆਂ ਆਈਆਂ ਹਨ ਪਰ ਕਿਸੇ ਨੇ ਵੀ ਸਿੱਖਾਂ ਦੀ ਬਾਂਹ ਨਹੀਂ ਫੜੀ। ਸਿੱਖਾਂ ਨੂੰ ਸਿਰਫ਼ ਆਪਣੇ ਵੋਟ ਬੈਂਕ ਲਈ ਵਰਤਿਆ ਹੈ, ਜਿਸ ਦਾ ਸਿੱਟਾ ਹੈ ਕਿ ਸਿੱਖਾਂ ਦੀਆਂ ਸਮੱਸਿਆਵਾਂ ਜਿਵੇਂ ਦੀਆਂ ਤਿਵੇਂ ਹਨ ਅਤੇ ਸਿੱਖਾਂ ਨੂੰ ਘੱਟ ਗਿਣਤੀ ਹੋਣ ਦੇ ਬਾਵਜੂਦ ਘੱਟ ਗਿਣਤੀ ਦਾ ਦਰਜਾ ਨਹੀਂ ਮਿਲਿਆ। ਉਨ੍ਹਾਂ ਜੰਮੂ ਕਸ਼ਮੀਰ ਵਿੱਚ ਵਸਦੇ ਬਹੁ ਗਿਣਤੀ ਭਾਈਚਾਰੇ ਨੂੰ ਅਪੀਲ ਕੀਤੀ ਹੈ ਕਿ ਇਸ ਵਾਰ ਕਸ਼ਮੀਰੀਅਤ ਦੇ ਭਲੇ ਲਈ ਸਿੱਖ ਭਾਈਚਾਰੇ ਨੂੰ ਸਮਰਥਨ ਦਿੱਤਾ ਜਾਵੇ।

ਉਨ੍ਹਾਂ ਕਿਹਾ ਕਿ ਪਿਛਲੇ 77 ਸਾਲਾਂ 'ਚ ਭਾਈਚਾਰੇ ਦੀਆਂ ਸ਼ਿਕਾਇਤਾਂ ਦੇ ਹੱਲ ਲਈ ਇੱਥੋਂ ਦੀ ਸਰਕਾਰ ਤੋਂ ਮਦਦ ਮੰਗੀ ਗਈ ਸੀ ਪਰ ਕਿਸੇ ਨੇ ਮਦਦ ਨਹੀਂ ਕੀਤੀ। ਉਨ੍ਹਾਂ ਕਿਹਾ ਕਿ ਅਸੀਂ ਪਹਿਲਾਂ ਕਦੇ ਵੀ ਬਹੁਗਿਣਤੀ ਭਾਈਚਾਰੇ ਤੋਂ ਕੁਝ ਨਹੀਂ ਮੰਗਿਆ ਪਰ ਹੁਣ ਅਸੀਂ ਸਿੱਖ ਉਮੀਦਵਾਰਾਂ ਨੂੰ ਵਿਧਾਨ ਸਭਾ 'ਚ ਭੇਜਣ ਲਈ ਉਨ੍ਹਾਂ ਦੀ ਮਦਦ ਚਾਹੁੰਦੇ ਹਾਂ, ਜਿੱਥੇ ਉਹ ਸਾਡੇ ਸਾਰਿਆਂ ਲਈ ਗੱਲ ਕਰਨਗੇ।" ਉਨ੍ਹਾਂ ਕਿਹਾ ਕਿ ਕਸ਼ਮੀਰ 'ਚ ਉਮੀਦਵਾਰਾਂ ਦੇ ਨਾਵਾਂ ਨੂੰ ਜਲਦ ਹੀ ਅੰਤਿਮ ਰੂਪ ਦਿੱਤਾ ਜਾਵੇਗਾ।

# ਬਰਨਾਲਾ ਦੀ ਧੀ ਨੇ ਕੈਨੇਡਾ 'ਚ ਚਮਕਾਇਆ ਨਾਂ, ਬਣੀ ਸਹਾਇਕ ਜੇਲ੍ਹ ਸੁਪਰਡੈਂਟ

**ਧਨੌਲਾ, 21 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਜ਼ਿਲ੍ਹਾ ਬਰਨਾਲਾ ਦੇ ਪਿੰਡ ਅਤਰਗੜ੍ਹ ਦੀ ਇਕ (24) ਸਾਲਾ ਮੁਟਿਆਰ ਸਤਵੀਰ ਕੌਰ ਨੇ ਆਪਣੇ ਸੁਪਨਿਆਂ ਨੂੰ ਸਾਕਾਰ ਕਰਦਿਆਂ ਹੋਇਆਂ ਮਿਹਨਤ ਦੇ ਦਮ 'ਤੇ ਕੈਨੇਡਾ 'ਚ ਸਹਾਇਕ ਜੇਲ੍ਹ ਸੁਪਰਡੈਂਟ ਬਣਕੇ ਜ਼ਿਲ੍ਹਾ ਬਰਨਾਲਾ ਦਾ ਮਾਣ ਵਧਾਇਆ ਹੈ। ਉਸ ਦੀ ਇਸ ਪ੍ਰਾਪਤੀ 'ਤੇ ਪਿੰਡ ਅਤਰਗੜ੍ਹ 'ਚ ਖੁਸ਼ੀ ਦਾ ਮਾਹੌਲ ਹੈ।

ਗੱਲਬਾਤ ਕਰਦਿਆਂ ਹੋਇਆਂ ਸਤਵੀਰ ਕੌਰ ਦੇ ਪਿਤਾ ਹਰਬੰਸ ਸਿੰਘ ਨੇ ਦੱਸਿਆ ਕਿ ਸਤਵੀਰ ਕੌਰ ਚਾਰ ਭੈਣ-ਭਰਾਵਾਂ ਵਿਚੋਂ ਸਭ ਤੋਂ ਵੱਡੀ ਹੈ, ਜਿਸ ਨੇ ਆਪਣੀ ਮੁੱਢਲੀ ਪੜ੍ਹਾਈ ਪਿੰਡ ਦੇ ਹੀ ਪ੍ਰਾਈਵੇਟ ਮਸਕਟ ਸਕੂਲ ਵਿਚ ਕੀਤੀ ਤੇ 12 ਕਲਾਸ



ਮੈਡੀਕਲ ਨਾਲ ਕਿੰਗਜ਼ ਬਰਨਾਲਾ ਤੋਂ ਕਰਦਿਆਂ ਹੋਇਆਂ 2018 ਵਿਚ ਕੈਨੇਡਾ ਦੇ ਸ਼ਹਿਰ ਵਿੰਨੀਪੈਗ ਵਿਚ ਪੜ੍ਹਨ ਲਈ ਗਈ।

ਕੈਨੇਡਾ ਵਿਚ ਉਸ ਨੇ ਪੜ੍ਹਾਈ ਪੂਰੀ ਕਰਨ ਉਪਰੰਤ ਸਰਕਰੀ ਬੱਸ ਦੇ ਡਰਾਈਵਰ ਵੱਜੋਂ ਨੌਕਰੀ ਹਾਸਲ ਕੀਤੀ। ਪਰ ਸਤਵੀਰ ਕੌਰ ਇਸ ਤੋਂ ਵੱਡਾ ਮੁਕਾਮ ਹਾਸਲ ਕਰਨਾ ਚਾਹੁੰਦੀ ਸੀ। ਉਸ ਨੇ ਡਰਾਇਵਰੀ ਦੇ ਨਾਲ-ਨਾਲ ਸਹਾਇਕ ਜੇਲ੍ਹ ਸੁਪਰਡੈਂਟ ਵੱਜੋਂ 16 ਅਗਸਤ 2024 ਨੂੰ ਆਪਣੀ ਟ੍ਰੇਨਿੰਗ ਪੂਰੀ ਕਰਦਿਆਂ ਉਸ ਦੀ ਚੋਣ ਹੋ ਗਈ ਤੇ ਉਹ ਹੁਣ ਕੇਨੈਡਾ ਦੇ ਅਲਬਰਟਾ ਸ਼ਹਿਰ ਤੋਂ ਕਰੀਬ 300 ਕਿਲੋਮੀਟਰ ਟਾਪੂ 'ਤੇ ਬਣੀ ਜੇਲ੍ਹ ਵਿਚ ਉਸ ਨੂੰ ਸਹਾਇਕ ਜੇਲ੍ਹ ਸੁਪਰਡੈਂਟ ਵੱਜੋਂ ਤਾਇਨਾਤ ਕੀਤਾ ਗਿਆ। ਇੱਥੇ ਉਹ 9 ਸਤੰਬਰ 2024 ਨੂੰ ਆਪਣੀ ਡਿਊਟੀ ਸ਼ੁਰੂ ਕਰ ਦੇਵੇਗੀ। ਉਸ ਦੇ ਪਿਤਾ ਨੇ ਦੱਸਿਆ ਕਿ ਸਾਡੀ ਧੀ ਦੀ ਮਿਹਨਤ ਰੰਗ ਲਿਆਈ ਹੈ। ਉਨ੍ਹਾਂ ਨੂੰ ਇਸ ਨਿਯੁਕਤੀ 'ਤੇ ਬਹੁਤ ਖੁਸ਼ੀ ਮਹਿਸੂਸ ਹੋ ਰਹੀ ਹੈ।

# 70311 ਡੀਲਰਾਂ ਨੇ ਓ.ਟੀ.ਐਸ-3 ਦਾ ਲਾਭ ਉਠਾਇਆ, ਸਰਕਾਰੀ ਖਜ਼ਾਨੇ 'ਚ ਆਏ 164.35 ਕਰੋੜ ਰੁਪਏ: ਹਰਪਾਲ ਸਿੰਘ ਚੀਮਾ

- ➢ 1 ਲੱਖ ਰੁਪਏ ਰੁਪਏ ਤੱਕ ਦੇ ਬਕਾਏ ਵਾਲੇ 50,903 ਡੀਲਰਾਂ ਨੂੰ ਮਿਲੀ ਕੁੱਲ 221.75 ਕਰੋੜ ਰੁਪਏ ਦੀ ਛੋਟ
- ➢ 1 ਲੱਖ ਤੋਂ 1 ਕਰੋੜ ਰੁਪਏ ਤੱਕ ਦੇ ਬਕਾਏ ਵਾਲੇ 19,408 ਡੀਲਰਾਂ ਨੂੰ ਮਿਲੀ 644.46 ਕਰੋੜ ਰੁਪਏ ਦੀ ਛੋਟ

**ਚੰਡੀਗੜ੍ਹ, 21 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਵਿੱਤ, ਯੋਜਨਾ, ਆਬਕਾਰੀ ਅਤੇ ਕਰ ਮੰਤਰੀ ਐਡਵੋਕੇਟ ਹਰਪਾਲ ਸਿੰਘ ਚੀਮਾ ਨੇ ਅੱਜ ਇਥੇ ਦੱਸਿਆ ਕਿ ਵਿਰਾਸਤੀ ਟੈਕਸ ਮਾਮਲਿਆਂ ਨੂੰ ਘਟਾਉਣ ਅਤੇ ਸੁਚਾਰੂ ਬਣਾਉਣ ਲਈ ਪੰਜਾਬ ਸਰਕਾਰ ਵੱਲੋਂ ਨਵੰਬਰ 2023 ਵਿੱਚ ਸ਼ੁਰੂ ਕੀਤੀ ਯਕਮੁਸ਼ਤ ਨਿਪਟਾਰਾ ਸਕੀਮ-3 (ਓ.ਟੀ.ਐਸ-3) ਦਾ ਕੁੱਲ 70,311 ਡੀਲਰਾਂ ਨੇ ਲਾਭ ਉਠਾਇਆ ਹੈ।

ਇੱਥੇ ਜਾਰੀ ਪ੍ਰੈਸ ਬਿਆਨ ਵਿੱਚ ਇਹ ਪ੍ਰਗਟਾਵਾ ਕਰਦਿਆਂ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਦੱਸਿਆ ਕਿ ਓ.ਟੀ.ਐਸ.-3 ਦੇ ਨਤੀਜੇ ਵਜੋਂ ਸਰਕਾਰੀ ਖਜ਼ਾਨੇ ਵਿੱਚ 164.35 ਕਰੋੜ ਰੁਪਏ ਪ੍ਰਾਪਤ ਹੋਏ ਹਨ। ਉਨ੍ਹਾਂ ਕਿਹਾ ਕਿ ਪਿਛਲੀਆਂ ਸਰਕਾਰਾਂ ਦੁਆਰਾ ਸ਼ੁਰੂ ਕੀਤੀਆਂ ਗਈਆਂ ਓ.ਟੀ.ਐਸ-1 ਅਤੇ ਓ.ਟੀ.ਐਸ-2 ਸਕੀਮਾਂ ਇਸ ਦੇ ਉਲਟ 31,768 ਮਾਮਲਿਆਂ ਵਿੱਚੋਂ ਸਿਰਫ 13.15 ਕਰੋੜ ਰੁਪਏ ਦਾ ਕੁੱਲ ਟੈਕਸ ਮਾਲੀਆ ਹੀ ਜੁਟਾ ਪਾਈਆਂ ਸਨ।

ਇਸ ਸਬੰਧੀ ਹੋਰ ਜਾਣਕਾਰੀ ਦਿੰਦਿਆਂ ਵਿੱਤ ਮੰਤਰੀ ਨੇ ਦੱਸਿਆ ਕਿ ਓ.ਟੀ.ਐਸ-3 ਤਹਿਤ ਇੱਕ ਲੱਖ ਰੁਪਏ ਤੋਂ ਘੱਟ ਦੇ ਬਕਾਏ ਵਾਲੇ 50,903



ਡੀਲਰਾਂ ਨੇ ਟੈਕਸ, ਵਿਆਜ ਅਤੇ ਜੁਰਮਾਨੇ ਤੋਂ 100% ਛੋਟ ਦਾ ਲਾਭ ਉਠਾਇਆ, ਜਿਸ ਦੇ ਨਤੀਜੇ ਵਜੋਂ ਕੁੱਲ 221.75 ਕਰੋੜ ਰੁਪਏ ਦੇ ਬਕਾਏ ਮੁਆਫ਼ ਕੀਤੇ ਗਏ। ਉਨ੍ਹਾਂ ਕਿਹਾ ਕਿ ਇਸ ਤੋਂ ਇਲਾਵਾ 19,408 ਡੀਲਰ ਜਿਨ੍ਹਾਂ ਦੇ ਬਕਾਏ 1 ਲੱਖ ਤੋਂ 1 ਕਰੋੜ ਰੁਪਏ ਤੱਕ ਸਨ, ਨੇ ਵਿਆਜ ਅਤੇ ਜੁਰਮਾਨੇ ਤੋਂ 100% ਛੋਟ, ਅਤੇ ਟੈਕਸ ਵਿੱਚ 50% ਛੋਟ ਦਾ ਲਾਭ ਲਿਆ, ਜਿਸ ਤਹਿਤ ਕੁੱਲ 644.46 ਕਰੋੜ ਰੁਪਏ ਦੀ ਛੋਟ ਦਿੱਤੀ ਗਈ।

ਵਿੱਤ ਮੰਤਰੀ ਨੇ ਕਿਹਾ ਕਿ ਇਸ ਸਕੀਮ ਮੁਲਾਂਕਣ ਸਾਲ 2016-17 ਤੱਕ 1 ਕਰੋੜ ਰੁਪਏ ਤੱਕ ਬਕਾਇਆ ਦੇ ਕੇਸਾਂ ਨੂੰ ਵਿਚਾਰਿਆ ਗਿਆ। ਉਨ੍ਹਾਂ ਕਿਹਾ ਕਿ ਜਿਨ੍ਹਾਂ ਡੀਲਰਾਂ ਨੇ ਓਟੀਐਸ-3 ਅਧੀਨ ਅਪਲਾਈ ਕੀਤਾ, ਉਨ੍ਹਾਂ ਸੀ.ਐਸ.ਟੀ ਐਕਟ, 1956 ਦੇ ਤਹਿਤ ਅਸਲ ਕਾਨੂੰਨੀ ਫਾਰਮ ਜਮ੍ਹਾਂ ਕਰਵਾਏ ਸਨ ਅਤੇ ਮੁਆਫੀ ਦੀ ਗਣਨਾ ਉਸੇ ਅਨੁਸਾਰ ਕੀਤੀ ਗਈ। ਇਸ ਤੋਂ ਇਲਾਵਾ, ਬਿਨੈਕਾਰਾਂ ਨੂੰ ਵਾਧੂ ਕਾਨੂੰਨੀ ਘੋਸ਼ਣਾ ਫਾਰਮ ਜਮ੍ਹਾ ਕਰਨ ਦੀ ਸਹੂਲਤ ਪ੍ਰਦਾਨ ਕੀਤੀ ਗਈ ਸੀ, ਜਿਸ ਨਾਲ ਉਨ੍ਹਾਂ ਨੂੰ ਇਸ ਯੋਜਨਾ ਦਾ ਲਾਭ ਲੈਣ ਵਿੱਚ ਆਸਾਨੀ ਹੋਈ।

# ਗਲੋਬਲ ਪੱਧਰ 'ਤੇ ਇਮੀਗ੍ਰੇਸ਼ਨ 'ਤੇ ਰੋ ਕੰਗਨਾ ਰਣੌਤ ਮੁੜ ਪੰਜਾਬ ਦਾ ਮਾਹੌਲ ਵਿਗਾੜਨ ਦੀ ਫ਼ਿਰਾਕ 'ਚ

**ਨਵੀਂ ਦਿੱਲੀ, 21 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਬੇਸ਼ੱਕ ਬੌਲੀਵੁਡ ਲਈ ਕੰਗਨਾ ਰਣੌਤ ਇੱਕ ਕੁਈਨ ਹੈ, ਪਰ ਉਹ ਪੰਜਾਬ ਖ਼ਿਲਾਫ਼ ਨਫ਼ਰਤੀ ਬੋਲ ਬੋਲਣ ਤੋਂ ਕਦੇ ਵੀ ਗ਼ੁਰੇਜ਼ ਨਹੀਂ ਕਰਦੀ। ਅਕਸਰ ਹੀ ਉਹ ਪੰਜਾਬੀਆਂ ਨੂੰ ਖ਼ਾਸ ਕਰਕੇ ਸਿੱਖਾਂ ਨੂੰ ਖ਼ਾਲਿਸਤਾਨੀ ਕਹਿੰਦੀ ਹੈ। ਜੇਕਰ ਤਾਜ਼ਾ ਮੁੱਦੇ ਦੀ ਗੱਲ ਕਰੀਏ ਤਾਂ ਕੰਗਨਾ ਦੀ ਨਵੀਂ ਫ਼ਿਲਮ ਐਮਰਜੈਂਸੀ ਦਾ ਟਰੇਲਰ ਲੌਂਚ ਹੋਇਆ ਜਿਸ ਤੋਂ ਬਾਅਦ ਖ਼ਦਸ਼ਾ ਹੈ ਕਿ ਇਸ ਨਾਲ ਪੰਜਾਬ ਦਾ ਮਾਹੌਲ ਖ਼ਰਾਬ ਕਰਨ ਦੀ ਪੂਰੀ ਕੋਸ਼ਿਸ਼ ਜਾ ਰਹੀ ਹੈ। ਬੇਸ਼ੱਕ ਇਸ ਫ਼ਿਲਮ ਐਮਰਜੈਂਸੀ ਅਤੇ ਇੰਦਰਾ ਗਾਂਧੀ ਦੇ ਵਿਚਾਲੇ ਘੁੰਮਦੀ ਹੈ ਪਰ ਇਸ ਦੋ ਮਿੰਟ 53 ਸੈਕਿੰਡ ਦੇ ਇੱਕ ਟਰੇਲਰ 'ਚ ਸਿੱਖਾਂ ਨੂੰ ਬਹੁਤ ਗ਼ਲਤ ਤਰੀਕੇ ਨਾਲ ਦਿਖਾਇਆ ਜਾਪਦਾ ਹੈ। ਇਸ 'ਚ ਪੰਜਾਬ 'ਚ ਖਾੜਕੂਵਾਦ ਦੇ ਦੌਰ ਨੂੰ ਦਿਖਾਇਆ ਗਿਆ ਹੈ ਜਿਸ 'ਚ ਸੰਤ ਜਰਨੈਲ ਸਿੰਘ ਜੀ ਭਿੰਡਰਾਂਵਾਲੇ ਦਾ ਕਿਰਦਾਰ ਵੀ ਦਿਖਾਇਆ ਗਿਆ ਹੈ ਜੋ ਇਸ ਦੇ ਨਾਲ ਹੀ ਆਵਾਜ਼ ਆ ਰਹੀ ਹੈ ਕਿ ਤੁਹਾਡੀ ਪਾਰਟੀ ਨੂੰ ਵੋਟ ਚਾਹੀਦੀ ਹੈ ਅਤੇ ਸਾਨੂੰ ਖ਼ਾਲਿਸਤਾਨ। ਇਸ ਦੇ ਨਾਲ ਹੀ ਸੰਜੇ ਸਿੰਘ ਦੇ ਖਾੜਕੂਆਂ ਨਾਲ ਸਬੰਧਾਂ ਤੇ ਪੰਜਾਬ 'ਚ ਹੋਏ ਕਤਲੇਆਮ ਨੂੰ ਦਿਖਾਇਆ ਗਿਆ ਹੈ। ਅਕਸਰ ਇਹ ਦਲੀਲ ਦਿੱਤੀ ਜਾਂਦੀ ਹੈ ਕਿ ਪੰਜਾਬ 'ਚ ਖਾੜਕੂਵਾਦ ਦੀ ਲਹਿਰ ਅਤੇ ਸੰਤ ਭਿੰਡਰਾਂਵਾਲਾ ਨੂੰ ਕਾਂਗਰਸ ਨੇ ਪੈਦਾ ਕੀਤਾ ਸੀ ਹਾਲਾਂਕਿ ਇਸ ਗੱਲ ਨੂੰ ਲੈ ਕੇ ਲਗਾਤਾਰ ਵਿਰੋਧ ਹੁੰਦਾ ਹੈ ਅਤੇ ਹੁਣ ਜਦੋਂ ਇਸ ਨੂੰ ਵੱਡੇ ਪਰਦੇ 'ਤੇ ਦਿਖਾਇਆ ਜਾਵੇਗਾ ਤਾਂ ਇਸ ਦਾ ਵਿਰੋਧ ਹੋਣਾ ਸੁਭਾਵਿਕ ਹੀ ਹੈ।

ਉੱਥੇ ਹੀ ਇਸ ਮੁੱਦੇ ਨੂੰ ਲੈ ਕੇ ਪੰਜਾਬੀ ਫ਼ਿਲਮਾਂ ਦੇ ਡਾਇਰੈਕਟਰ ਅਮਰਦੀਪ ਸਿੰਘ ਗਿੱਲ ਨੇ ਸੋਸ਼ਲ ਮੀਡੀਆ 'ਤੇ ਇੱਕ ਪੋਸਟ ਸਾਂਝੀ ਕੀਤੀ ਹੈ ਜਿਸ ਦੀ ਚਰਚਾ ਹਰ ਪਾਸੇ ਹੋਣ ਲੱਗੀ ਹੈ। ਅਮਰਦੀਪ ਸਿੰਘ ਗਿੱਲ ਨੇ ਲਿਖਿਆ, "ਸਿਨੇਮਾ ਹਮੇਸ਼ਾ ਹੀ ਬਹੁਤ ਵੱਡਾ ਹਥਿਆਰ ਰਿਹਾ ਹੈ। ਇਸ ਨੂੰ ਤੁਸੀਂ ਕਿਸੇ ਦੇ ਵੀ ਵਿਰੋਧ 'ਤੇ ਕਿਸੇ ਦੇ ਵੀ ਹੱਕ 'ਚ ਵਰਤ ਸਕਦੇ ਹੋ। ਅੱਜਕੱਲ੍ਹ ਸਰਕਾਰ ਪੱਖੀ ਫ਼ਿਲਮਾਂ ਬਣ ਰਹੀਆਂ ਹਨ ਬੇਸ਼ੱਕ ਉਹ ਫ਼ਲੌਪ ਵੀ ਰਹੀਆਂ ਹਨ, ਪਰ ਕੁੱਝ ਫ਼ਿਲਮਾਂ ਸਫ਼ਲ ਵੀ ਰਹੀਆਂ ਹਨ ਜਿਨਾਂ ਕਰ ਕੇ ਪ੍ਰਚਾਰਵਾਦੀ ਫ਼ਿਲਮਾਂ ਲਗਾਤਾਰ ਬਣ ਰਹੀਆਂ ਹਨ। ਇਸੇ ਲੜੀ ਦੀ ਫ਼ਿਲਮ ਹੈ ਐਮਰਜੈਂਸੀ, ਜਿਸ ਨੂੰ ਬਣਾਇਆ ਹੈ MP ਕੰਗਨਾ ਰਣੌਤ ਨੇ, ਉਸ ਨੇ ਹੀ ਫ਼ਿਲਮ 'ਚ ਇੰਦਰਾ ਗਾਂਧੀ ਦੀ ਕੇਂਦਰੀ ਭੂਮਿਕਾ ਨਿਭਾਈ ਹੈ। ਇੱਥੇ ਆਪ ਸਭ ਨੂੰ ਯਾਦ ਰਹੇ ਕਿ ਕੰਗਨਾ ਭਾਰਤੀ ਜਨਤਾ ਪਾਰਟੀ ਦੀ MP ਹੋਣ ਦੇ ਬਾਵਜੂਦ ਵੀ ਇੰਦਰਾ ਗਾਂਧੀ ਦੀ ਪ੍ਰਸ਼ੰਸਕ ਹੈ। ਕਿਸਾਨ ਅੰਦੋਲਨ ਵੇਲੇ ਉਸ ਦਾ ਬਿਆਨ ਯਾਦ ਕਰੋ। ਜਦੋਂ ਉਸ ਨੇ ਸਾਡੇ ਕਿਸਾਨਾਂ ਅਤੇ ਸਿੱਖਾਂ ਬਾਰੇ ਕਿਹਾ ਸੀ ਕਿ ਮੋਦੀ ਜੀ ਇੰਨਾਂ ਨਾਲ ਇੰਦਰਾ ਜੀ ਵਾਲੀ ਕਰੋ, ਇਨ੍ਹਾਂ ਨੂੰ ਉਵੇਂ ਕੁਚੱਲ ਦਿਓ ਜਿਵੇਂ ਇੰਦਰਾ ਜੀ ਨੇ ਇਨ੍ਹਾਂ ਨੂੰ ਚੌਰਾਸੀ ਵੇਲੇ ਕੁਚੱਲਿਆ ਸੀ। ਹੁਣ ਐਮਰਜੈਂਸੀ ਫ਼ਿਲਮ ਦਾ ਟਰੇਲਰ ਵੇਖ ਕੇ ਮੇਰਾ ਮੱਥਾ ਠਣਕਿਆ ਜਦ ਮੈਂ ਟਰੇਲਰ 'ਚ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਅਤੇ ਸਿੱਖ ਖਾੜਕੂਆਂ (ਕੰਗਨਾ ਅਨੁਸਾਰ ਅਤਿਵਾਦੀ) ਦੀ ਝਲਕ ਦੇਖੀ ਅਤੇ ਭਿੰਡਰਾਂ ਵਾਲਿਆਂ ਦਾ ਡਾਇਲੌਗ ਸੁਣਿਆ ਕਿ ਆਪ ਕੋ ਵੋਟ ਚਾਹੀਏ ਔਰ ਹਮੇਂ ਚਾਹੀਏ ਖ਼ਾਲਿਸਤਾਨ! "ਮੈਂ ਇਹ ਸੀਨ ਦੇਖ ਕੇ ਇੱਕ ਤਰ੍ਹਾਂ ਨਾਲ ਡਰ ਗਿਆ ਕਿ ਕੰਗਨਾ ਨੇ ਬਤੌਰ ਇੱਕ ਡਾਇਰੈਕਟਰ, ਪ੍ਰੋਡਿਊਸਰ ਅਤੇ ਐਕਟਰ ਕੀ ਗੁਲ ਖਿਲਾਏ ਹੋਣਗੇ!

# ਮੁਫ਼ਤ ਮੈਡੀਕਲ ਚੈੱਕਅਪ ਕੈਂਪ ਲਗਾਇਆ



**ਬਠਿੰਡਾ 21 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਫਰਟੀਲਾਈਜ਼ਰ ਪੈਸਟੀਸਾਈਡ ਅਤੇ ਸੀਡ ਐਸੋਸੀਏਸ਼ਨ ਗੋਨਿਆਣਾ ਯੂਨਿਟ ਵੱਲੋਂ ਸ਼੍ਰੀ ਦੁਰਗਾ ਮੰਦਰ ਹਾਲ ਗੋਨਿਆਣਾ ਮੰਡੀ ਵਿੱਚ ਬਵਨੀਸ਼ ਕੁਮਾਰ ਮੋਗਾ ਦੀ ਪ੍ਰਧਾਨਗੀ ਹੇਠ ਮੁਫਤ ਮੈਡੀਕਲ ਚੈੱਕ ਅਪ ਕੈਂਪ ਲਗਾਇਆ ਗਿਆ ਇਸ ਕੈਂਪ ਵਿੱਚ ਵਿਨਕੇਅਰ ਹਸਪਤਾਲ ਬਠਿੰਡਾ ਦੇ ਡਾਕਟਰ ਦੀਪਕ ਬਾਂਸਲ (ਪੇਟ ਰੋਗਾਂ ਦੇ ਮਾਹਿਰ) ਅਤੇ ਡਾਕਟਰ ਸ਼ਵੇਤਾ ਬਾਂਸਲ (ਸ਼ੂਗਰ ਰੋਗਾਂ ਦੇ ਮਾਹਿਰ) ਅਤੇ ਉਹਨਾਂ ਦੀ ਟੀਮ ਵੱਲੋਂ ਮਰੀਜਾ ਦਾ ਚੈੱਕ ਅਪ ਅਤੇ ਟੈਸਟ ਕੀਤੇ ਗਏ ਬਤੌਰ ਮੁੱਖ ਮਹਿਮਾਨ ਪ੍ਰਮੋਦ ਸਿੰਗਲਾ (ਕਾਕਾ ਜੀ) ਅਤੇ ਵਿਸ਼ੇਸ਼ ਮਹਿਮਾਨ ਡਾਕਟਰ ਜਗਸੀਰ ਸਿੰਘ ਮੁੱਖ ਖੇਤੀਬਾੜੀ ਅਫਸਰ ਬਠਿੰਡਾ ਨੇ ਆਪਣੀ ਹਾਜਰੀ ਲਗਵਾਈ ਚੇਅਰਮੈਨ ਰਜਨੀਸ਼ ਰਾਜੂ ਵੱਲੋਂ ਮੁੱਖ ਮਹਿਮਾਨ ਅਤੇ ਵਿਸ਼ੇਸ਼ ਮਹਿਮਾਨਾ ਨੂੰ ਸਨਮਾਨਿਤ ਕੀਤਾ ਗਿਆ ਮੁੱਖ ਮਹਿਮਾਨ ਵਜੋਂ ਪ੍ਰਮੋਦ ਸਿੰਗਲਾ ਜੀ ਨੇ ਆਪਣੇ ਸੰਬੋਧਨ ਵਿੱਚ ਐਸੋਸੀਏਸ਼ਨ ਦੀ ਪ੍ਰਸ਼ੰਸਾ ਕੀਤੀ ਅਤੇ ਵਿੱਤੀ ਸਹਾਇਤਾ ਵੀ ਦਿੱਤੀ ਵਿਸ਼ੇਸ਼ ਮਹਿਮਾਨ ਡਾਕਟਰ ਜਗਸੀਰ ਸਿੰਘ ਨੇ ਐਸੋਸੀਏਸ਼ਨ ਵੱਲੋਂ ਕੀਤੇ ਇਸ ਉਪਰਾਲੇ ਦੀ ਖੂਬ ਸਲਾਘਾ ਕੀਤੀ।

ਇਸ ਦੀ ਜਾਣਕਾਰੀ ਸੈਕਟਰੀ ਮਨੋਹਰ ਸਿੰਗਲਾ ਨੇ ਦਿੱਤੀ ਇਸ ਕੈਂਪ ਵਿੱਚ ਤਕਰੀਬਨ 400 ਮਰੀਜ਼ਾਂ ਦੀ ਜਾਂਚ ਅਤੇ ਟੈਸਟ ਕੀਤੇ ਗਏ ਇਸ ਦੀ ਜਾਣਕਾਰੀ ਪ੍ਰੋਜੈਕਟ ਚੇਅਰਮੈਨ ਵਰਿੰਦਰ ਧਿੰਗੜਾ ਵੱਲੋਂ ਦਿੱਤੀ ਗਈ ਅਤੇ ਕਿਹਾ ਗਿਆ ਕਿ ਬਵਨੀਸ਼ ਮੋਗਾ ਦੀ ਪ੍ਰਧਾਨਗੀ ਹੇਠ ਭਵਿੱਖ ਵਿੱਚ ਵੀ ਸਮਾਜ ਭਲਾਈ ਦੇ ਕੰਮ ਜਾਰੀ ਰਹਿਣਗੇ ਇਸ ਕੈਂਪ ਵਿੱਚ ਸ਼੍ਰੀ ਕਸ਼ਮੀਰੀ ਲਾਲ ਗਰਗ ਪ੍ਰਧਾਨ ਨਗਰ ਕੌਂਸਲ ਗੋਨਿਆਣਾ ਮੰਡੀ, ਗੋਬਿੰਦ ਰਾਮ ਜਿੰਦਲ, ਧਰਮਿੰਦਰ ਬਿੱਟੂ, ਸੋਨੂੰ ਰੋਮਾਣਾ, ਬਲਵਿੰਦਰ ਢੀਂਗੜਾ, ਰਾਕੇਸ਼ ਰੋਮਾ, ਜਮੀਤ ਸਿੰਘ ਮੱਕੜ, ਕਰਤਾਰ ਸਿੰਘ ਹਾਜ਼ਰ ਸਨ ਰੋਟਰੀ ਕਲੱਬ ਗੋਨਿਆਣਾ ਮੰਡੀ ਮਿਡ ਟਾਊਨ ਦੇ ਪ੍ਰਧਾਨ ਧਰਮਿੰਦਰ ਮਿਤੂ, ਵੱਲੋਂ ਵੀ ਵਿੱਤੀ ਸਹਾਇਤਾ ਕੀਤੀ ਗਈ ਇਸ ਮੌਕੇ ਕੈਂਪ ਵਿੱਚ ਵਿਸ਼ੇਸ਼ ਤੌਰ ਤੇ ਸ਼ਾਮਿਲ ਹੋਏ ਸੀਮਾ ਮੋਗਾ, ਸੁਮਨ ਰੁਮਾਣਾ, ਸੁਸ਼ਮਾ ਗਰੋਵਰ, ਮੀਤੂ ਸਿੰਗਲਾ ਵੱਲੋ ਵਿਸ਼ੇਸ਼ ਸਹਿਯੋਗ ਦਿੱਤਾ ਗਿਆ।

ਕੌ :ਪ੍ਰੋਜੈਕਟ ਚੇਅਰਮੈਨ ਵਿਨੋਦ ਬਾਂਸਲ ਅਤੇ ਅਰੁਣ ਸਿੰਗਲਾ ਵੱਲੋ ਇਸ ਕੈਂਪ ਵਿੱਚ ਹਾਜ਼ਰ ਹੋਏ ਸਾਰੇ ਪਤਵੰਤੇ ਸੱਜਣਾ ਅਤੇ ਐਸੋਸੀਏਸ਼ਨ ਦੇ ਸਮੁੱਚੇ ਮੈਂਬਰਾਂ ਦੇ ਸਹਿਯੋਗ ਲਈ ਦਿਲ ਦੀਆਂ ਗਹਿਰਾਈਆਂ ਤੋਂ ਧੰਨਵਾਦ ਕੀਤਾ ਗਿਆ

# ਪਿੰਡ ਕਾਲਝਰਾਣੀ ਵਿਖੇ ਪਲੇਸਮੈਂਟ ਕੈਂਪ 23 ਅਗਸਤ ਨੂੰ

**ਬਠਿੰਡਾ 19, ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਸਰਕਾਰ ਦੇ ਰੋਜਗਾਰ ਉਤਪੱਤੀ ਤੇ ਟ੍ਰੇਨਿੰਗ ਵਿਭਾਗ ਦੇ ਅਦਾਰੇ ਸੀ-ਪਾਈਟ ਕੈਂਪ ਪਿੰਡ ਕਾਲਝਰਾਣੀ ਵਿਖੇ ਜ਼ਿਲ੍ਹਾ ਰੋਜਗਾਰ ਉਤਪਤੀ, ਹੁਨਰ ਵਿਕਾਸ ਤੇ ਸਿਖਲਾਈ ਦਫਤਰ ਵੱਲੋਂ 23 ਅਗਸਤ 2024 ਨੂੰ ਪਲੇਸਮੈਂਟ ਕੈਂਪ ਆਯੋਜਿਤ ਕੀਤਾ ਜਾ ਰਿਹਾ ਹੈ। ਇਹ ਜਾਣਕਾਰੀ ਕੈਪਟਨ ਲਖਵਿੰਦਰ ਸਿੰਘ ਨੇ ਸਾਂਝੀ ਕੀਤੀ।

ਇਸ ਮੌਕੇ ਕੈਪਟਨ ਲਖਵਿੰਦਰ ਸਿੰਘ ਹੋਰ ਜਾਣਕਾਰੀ ਦਿੰਦਿਆ ਦੱਸਿਆ ਕਿ ਚੈਕਮੇਟ ਸਕਿਉਰਿਟੀ ਬਠਿੰਡਾ ਦੇ ਸਹਿਯੋਗ ਨਾਲ ਲਗਾਏ ਜਾ ਰਹੇ ਇਸ ਪਲੇਸਮੈਂਟ ਕੈਂਪ ਵਿਚ 10ਵੀਂ ਤੇ 12ਵੀਂ ਪਾਸ ਬੇਰੁਜ਼ਗਾਰ ਪ੍ਰਾਰਥੀ (ਕੇਵਲ ਲੜਕੇ) ਭਾਗ ਲੈ ਸਕਦੇ ਹਨ। ਇਸ ਤੋਂ ਇਲਾਵਾ ਐਕਸ ਸਰਵਿਸਮੈਨ ਪ੍ਰਾਰਥੀ ਵੀ ਭਾਗ ਲੈ ਸਕਦੇ ਹਨ। ਉਨ੍ਹਾਂ ਦੱਸਿਆ ਕਿ ਚੁਣੇ ਹੋਏ ਪ੍ਰਾਰਥੀਆਂ ਦੀ ਤਨਖਾਹ ਯੋਗਤਾ ਅਨੁਸਾਰ 16 ਤੋਂ 20 ਹਜ਼ਾਰ ਰੁਪਏ ਪ੍ਰਤੀ ਮਹੀਨਾ ਹੋਵੇਗੀ। ਉਨ੍ਹਾਂ ਵੱਧ ਤੋਂ ਵੱਧ ਬੇਰੁਜਗਾਰ ਨੌਜਵਾਨਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਇਸ ਪਲੇਸਮੈਂਟ ਕੈਂਪ ਵਿੱਚ ਪਹੁੰਚ ਕੇ ਕੈਂਪ ਦਾ ਲਾਭ ਉਠਾਉਣ।

ਨੌਜਵਾਨ ਵਧੇਰੇ ਜਾਣਕਾਰੀ ਲਈ 93167-13000, 94638-31615 'ਤੇ ਸੰਪਰਕ ਕਰ ਸਕਦੇ ਹਨ।

# ਜ਼ਿਲ੍ਹਾ ਜੇਲ੍ਹ ਦੇ ਦੌਰੇ ਦੌਰਾਨ ਲੀਗਲ ਏਡ ਡੀਫੈਂਸ ਕਾਊਂਸਲ ਦੇ ਦਫਤਰ, ਮੈਡੀਕਲ ਕੈਂਪ , ਆਰ.ਓ ਸਿਸਟਮ ਦਾ ਕੀਤਾ ਗਿਆ ਉਦਘਾਟਨ



**ਸ੍ਰੀ ਮੁਕਤਸਰ ਸਾਹਿਬ, 21 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ ਦੇ ਪੱਤਰ ਅਨੁਸਾਰ ਸਟੈਂਡਰਡ ਓਪਰੇਟਿੰਗ ਪ੍ਰਕਿਰਿਆ ਅਧੀਨ- ਜੇਲ੍ਹਾਂ ਵਿੱਚ ਕਾਨੂੰਨੀ ਸਹਾਇਤਾ ਪ੍ਰਦਾਨ ਕਰਨ ਦੀ ਵਿਧੀ ਨੂੰ ਮਜ਼ਬੂਤ ਕਰਨ ਹਿੱਤ ਸ੍ਰੀ ਰਾਜ ਕੁਮਾਰ, ਮਾਣਯੋਗ ਜ਼ਿਲ੍ਹਾ ਅਤੇ ਸੈਸ਼ਨਜ਼ ਜੱਜ, ਵੱਲੋ ਜ਼ਿਲ੍ਹਾ ਜੇਲ੍ਹ, ਦਾ ਦੌਰਾ ਕੀਤਾ ਗਿਆ।

ਇਸ ਮੌਕੇ ਉਹਨਾਂ ਜੇਲ੍ਹ ਵਿਚ ਬੰਦ ਹਵਾਲਾਤੀ/ਕੈਦੀਆਂ ਨਾਲ ਗੱਲਬਾਤ ਕੀਤੀ ਗਈ ਅਤੇ ਉਹਨਾ ਦੀਆਂ ਮੁਸ਼ਕਿਲਾਂ ਸੁਣੀਆਂ ਗਈਆ ਅਤੇ ਉਸਦਾ ਨਿਪਟਾਰਾ ਕੀਤਾ ਗਿਆ, ਜੋ ਜੇਲ੍ਹ ਵਿਚ ਰਜਿਸਟਰ ਲਗਾਏ ਗਏ ਸਨ ਉਹਨਾਂ ਦੀ ਚੈਕਿੰਗ ਕੀਤੀ ਗਈ ਅਤੇ ਰਜਿਸਟਰ ਵਿਚ ਦਰਜ ਹਵਾਲਾਤੀਆਂ ਨਾਲ ਵੀ ਗੱਲਬਾਤ ਕੀਤੀ ਗਈ ਅਤੇ ਉਹਨਾਂ ਨੂੰ ਬਣਦੀ ਕਾਨੂੰਨੀ ਸਹਾਇਤਾ ਮੁੱਹਈਆ ਕਰਵਾਈ ਗਈ।

ਡਾ. ਗਗਨਦੀਪ ਕੌਰ, ਸੀ.ਜੇ.ਐੱਮ/ਸਕੱਤਰ ਜਿਲ੍ਹਾਂ ਕਾਨੂੰਨੀ ਅਥਾਰਟੀ ਨੇ ਦੱਸਿਆ ਕਿ ਜੇਲ੍ਹ ਵਿੱਚ ਪੈਰਾ ਲੀਗਲ ਵਲੰਟੀਅਰਜ਼ ਅਤੇ ਡਿਫੈਸ ਕਾਊਂਸਲ ਦੀ ਡਿਊਟੀ ਲਗਾਈ ਗਈ ਹੈ ਜੋ ਕਿ ਜੇਲ੍ਹ ਵਿਚ ਹਰ ਰੋਜ ਆਉਣ ਵਾਲੇ ਹਵਾਲਾਤੀਆਂ ਨੂੰ ਕਾਨੂੰਨੀ ਸਹਾਇਤਾ ਸਕੀਮਾਂ ਸਬੰਧੀ ਜਾਣਕਾਰੀ ਦੇਣ ਲਈ ਜੋ ਰਜਿਸਟਰ ਲਗਾਏ ਹਨ ਉਹਨਾ ਵਿਚ ਹਰ ਰੋਜ ਆਉਣ ਵਾਲੇ ਹਵਾਲਾਤੀ, ਅਪੀਲ ਸਬੰਧੀ, ਜਮਾਨਤ ਸਬੰਧੀ ਅਤੇ ਹੋਰ ਮੈਡੀਕਲ ਸਬੰਧੀ ਜਾਣਕਾਰੀ ਦਰਜ ਕਰਨਗੇ, ਉਸਦੀ ਸਮੀਖਿਆ ਹਰੇਕ ਹਫਤੇ ਸੱਕਤਰ ਸਾਹਿਬ ਵੱਲੋ ਕੀਤੀ ਜਾਵੇਗੀ।

ਜੇਲ੍ਹਾ ਵਿੱਚ ਹਵਾਲਾਤੀਆਂ/ਕੈਦੀਆਂ ਦੀ ਸਹੂਲਤ ਵਾਸਤੇ ਲੀਗਲ ਏਡ ਡੀਫੈਂਸ ਕਾਊਂਸਲ ਦੇ ਦਫਤਰ, ਮੈਡੀਕਲ ਕੈਂਪ, ਆਰ.ਓ ਸਿਸਟਮ ਦਾ ਉਦਘਾਟਨ ਕੀਤਾ ਗਿਆ , ਕਿਉਕਿ ਜੇਲ੍ਹ ਵਿੱਚ ਬੰਦ ਹਵਾਲਾਤੀ/ਕੈਦੀਆਂ ਨੂੰ ਆ ਰਹੀਆਂ ਮੁਸ਼ਕਲਾ ਨੂੰ ਧਿਆਨ ਵਿੱਚ ਰੱਖਦੇ ਹੋਏ ਇਹਨਾਂ ਦੀ ਜਰੂਰਤ ਹੋਣ ਕਾਰਨ ਇਹ ਸਹੂਲਤ ਪਰਦਾਨ ਕਰਨ ਲਈ ਉਪਰਾਲਾ ਕੀਤਾ ਗਿਆ ਹੈ ਤਾਂ ਕਿ ਕੋਈ ਵੀ ਕੈਦੀ/ਹਵਾਲਾਤੀ ਕਾਨੂੰਨੀ ਸਹਾਇਤਾ, ਡਾਕਟਰੀ ਸਹਾਇਤਾ ਤੇ ਸਾਫ ਪਾਣੀ ਪੀਣ ਤੋ ਵਾਂਝਾ ਨਾ ਰਹਿ ਸਕੇ ।

ਡਾਕਟਰ ਐਸ. ਪੀ ਸਿੰਘ ਓਬਰਾਏ ਵੱਲੋ ਮਾਨਵਤਾ ਦੀ ਭਲਾਈ ਕੀਤੇ ਜਾ ਰਹੇ ਕੰਮਾਂ ਦੀ ਲੜੀ ਤਹਿਤ ਅੱਜ ਜਿਲ੍ਹਾ ਜੇਲ੍ਹ ਵਿੱਚ ਲਗਾਏ ਗਏ ਆਰ.ਓ ਸਿਸਟਮ ਚਾਲੂ ਕੀਤਾ ਗਿਆ । ਜੇਲ੍ਹ ਡਾ. ਗਗਨਦੀਪ ਕੌਰ, ਸੀ.ਜੇ.ਐੱਮ/ਸਕੱਤਰ ਵੱਲੋਂ ਕੈਂਪ ਕੋਰਟ ਲਗਾਈ ਗਈ ਜਿਸ ਵਿੱਚ ਦੋ ਹਵਾਲਾਤੀਆਂ ਨੂੰ ਰਿਹਾਅ ਕੀਤਾ ਗਿਆ । ਡਾ. ਅਰਪਨਦੀਪ ਸਿੰਘ, (ਹੱਡੀਆਂ ਦੇ ਮਾਹਿਰ), ਡਾ. ਵਿਸਵਜੋਤ (ਸਕਿਨ ਸਪੈਸਲਿਸਟ), ਡਾ. ਰੁਪਿੰਦਰ ਕੌਰ (ਐਮ.ਐਲ.ਟੀ) ਦੇ ਰੋਗਾਂ ਸਬੰਧੀ ਇੱਕ ਮੈਡੀਕਲ ਕੈਂਪ ਲਗਾਇਆ ਗਿਆ ।

ਮੈਡੀਕਲ ਸਿਹਤ ਸਹੂਲਤ ਅਤੇ ਖਾਣੇ ਦਾ ਵੀ ਨਿਰੀਖਣ ਕੀਤਾ ਗਿਆ। ਕੈਦੀਆ/ਹਵਾਲਾਤੀਆਂ ਨੂੰ ਪਲੀ-ਬਾਰਗੇਨਿਗ ਸਬੰਧੀ ਵੀ ਜਾਣਕਾਰੀ ਦਿੱਤੀ ਗਈ। ਇਸ ਮੌਕੇ ਸ੍ਰੀ ਵਰੁਨ ਸਰਮਾ ਜੇਲ ਸੁਪਰਡੈਂਟ, ਸ੍ਰੀ ਗੁਰਪ੍ਰੀਤ ਸਿੰਘ ਚੌਹਾਨ, ਚੀਫ ਡੀਫੈਸ ਕਾਊਂਸਲ, ਸ੍ਰੀ ਰਜਿੰਦਰਪਾਲ ਸਰਮਾ, ਡਿਪਟੀ ਚੀਫ ਡੀਫੈਂਸ ਕਾਊਂਸਲ, ਸ੍ਰੀ ਰਵਿੰਦਰ ਸਿੰਘ ਪ੍ਰਧਾਨ ਅਤੇ ਸ. ਜੱਸਾ ਸਿੰਘ ਕੌਮੀ ਪ੍ਰਧਾਨ , ਸ. ਗੁਰਦਿੱਤ ਸਿੰਘ ਧਾਲੀਵਾਲ, ਸ. ਮਲਕੀਤ ਸਿੰਘ, (ਰਿਟਾਇਰਡ ਬੈਂਕ ਮੈਨੇਜਰ), ਸ. ਚਰਨਜੀਤ ਸਿੰਘ ਅਤੇ ਸ. ਸੁਖਬੀਰ ਸਿੰਘ ਵੀ ਹਾਜਰ ਸਨ। ਹੋਰ ਵਧੇਰੇ ਜਾਣਕਾਰੀ ਲੈਣ ਲਈ ਟੋਲ-ਫਰੀ 15100 ਤੇ ਵੀ ਸੰਪਰਕ ਕੀਤਾ ਜਾ ਸਕਦਾ ਹੈ।

# ਨਗਰ ਨਿਗਮ ਅਬੋਹਰ ਵੱਲੋਂ 19 ਤੋਂ 23 ਅਗਸਤ ਤੱਕ ਸ਼ਹਿਰ ਵਿੱਚ ਚਲਾਈ ਜਾਵੇਗੀ ਵਿਸ਼ੇਸ਼ ਸਫਾਈ ਮੁਹਿੰਮ-ਸੇਨੂ ਦੁੱਗਲ

**ਅਬੋਹਰ, 21 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**



ਨਗਰ ਨਿਗਮ ਕਮਿਸ਼ਨਰ-ਕਮ-ਡਿਪਟੀ ਕਮਿਸ਼ਨਰ ਡਾ. ਸੇਨੂ ਦੁੱਗਲ ਨੇ ਕਿਹਾ ਕਿ ਮੁੱਖ ਮੰਤਰੀ ਪੰਜਾਬ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਸਾਫ-ਸਫਾਈ ਨੂੰ ਲੈ ਕੇ ਪੂਰੀ ਤਰ੍ਹਾਂ ਗੰਭੀਰ ਹੈ।

ਇਸੇ ਲੜੀ ਤਹਿਤ 19 ਤੋਂ 23 ਅਗਸਤ 2024 ਤੱਕ ਨਗਰ ਨਿਗਮਾਂ ਵਿਖੇ ਵਿਸ਼ੇਸ਼ ਸਫਾਈ ਮੁਹਿੰਮ ਚਲਾਈ ਜਾਣੀ ਹੈ। ਉਨ੍ਹਾਂ ਕਿਹਾ ਕਿ ਨਗਰ ਨਿਗਮ ਅਬੋਹਰ ਸ਼ਹਿਰ ਵਿਖੇ ਸਾਫ-ਸਫਾਈ ਮੁਹਿੰਮ ਨੂੰ ਇੰਨ-ਬਿੰਨ ਲਾਗੂ ਕਰਨ ਲਈ ਵਚਨਬੱਧ ਹੈ।

ਕਮਿਸ਼ਨਰ ਡਾ. ਸੇਨੂ ਦੁੱਗਲ ਨੇ ਕਿਹਾ ਕਿ ਸਾਫ-ਸਫਾਈ ਮੁਹਿੰਮ ਦੌਰਾਨ ਵੱਖ-ਵੱਖ ਦਿਨਾਂ ਨੂੰ ਸਮਰਪਿਤ ਵੱਖ-ਵੱਖ ਗਤੀਵਿਧੀਆਂ ਉਲੀਕੀਆਂ ਜਾਣਗੀਆ।

ਉਨ੍ਹਾ ਕਿਹਾ ਕਿ ਨਗਰ ਨਿਗਮ ਵਿੱਚ ਗਾਰਬੇਜ ਵਲਨੇਰੇਬਲ ਪੁਆਇੰਟਸ (ਜੀ.ਵੀ.ਪੀ.) ਨੂੰ ਪੱਕੇ ਤੌਰ 'ਤੇ ਹਟਾਉਣ ਅਤੇ ਕੂੜਾ ਪ੍ਰਬੰਧਨ ਨੂੰ ਉਤਸਾਹਿਤ ਕਰਨ ਲਈ ਮੁਹਿੰਮ ਚਲਾਈ ਜਾਵੇਗੀ ਤਾਂ ਜੋ ਸ਼ਹਿਰ ਦੀ ਦਿਖ ਹੋਰ ਬਿਹਤਰ ਹੋ ਸਕੇ।

ਉਨ੍ਹਾਂ ਕਿਹਾ ਕਿ 19 ਤੋਂ 23 ਅਗਸਤ ਤੱਕ ਚੱਲਣ ਵਾਲੀ ਇਸ ਮੁਹਿੰਮ ਤਹਿਤ ਸ਼ਹਿਰ ਨੂੰ ਸਾਫ ਸੁਥਰਾ ਬਣਾਉਣ ਦੇ ਨਾਲ-ਨਾਲ ਲੋਕਾਂ ਨੂੰ ਜਾਗਰੂਕ ਕਰਨ ਲਈ ਵੱਖ-ਵੱਖ ਗਤੀਵਿਧੀਆਂ ਕੀਤੀਆਂ ਜਾਣਗੀਆਂ।

ਉਨ੍ਹਾਂ ਦੱਸਿਆ ਕਿ ਇਸ ਮੁਹਿੰਮ ਤਹਿਤ 19 ਤੋਂ 21 ਅਗਸਤ ਤੱਕ ਐਕਟੀਵਿਟੀ ਜਿਵੇ ਕਿ ਫਾਜ਼ਿਲਕਾ ਰੋਡ ਐਂਟਰੀ ਪੁਆਇੰਟ, ਪੁੱਡਾ ਕਲੋਨੀ ਦੇ ਬਾਹਰ ਸਫਾਈ ਅਤੇ ਪਲਾਸਟਿਕ ਵੇਸਟ ਇਕੱਠਾ ਕਰਨਾ, ਅਨਾਜ ਮੰਡੀ ਦੇ ਐਂਟਰੀ ਗੇਟ ਕੋਲ ਸਫਾਈ ਕਰਵਾਉਣਾ, ਨਾਨਕਸਰ ਰੋਡ ਤੇ ਟੀਵੀ ਟਾਵਰ ਵਾਲੀ ਜਗ੍ਹਾ ਤੇ ਸਫਾਈ ਕਰਵਾਉਣਾ, ਨਾਨਕ ਨਗਰੀ ਵਿਚ ਸੋਰਸ ਸੈਗ੍ਰਿਗੇਸ਼ਨ ਕਰਵਾਉਣਾ ਹੈ।

ਉਨ੍ਹਾਂ ਦੱਸਿਆ ਕਿ ਇਸ ਮੁਹਿੰਮ ਤਹਿਤ 21 ਤੋਂ 22 ਅਗਸਤ ਤੱਕ ਐਕਟੀਵਿਟੀ ਜਿਵੇ ਕਿ ਤਹਿਸੀਲ ਰੋਡ ਨੇੜੇ ਸਫਾਈ ਕਰਵਾਉਣਾ ਅਤੇ ਪਲਾਸਟਿਕ ਇੱਕਠਾ ਕਰਵਾਉਣਾ, ਹਨੂੰਮਾਨਗੜ੍ਹ ਰੋਡ ਤੇ ਸਫਾਈ ਕਰਵਾਉਣਾ ਅਤੇ ਪਲਾਸਟਿਕ ਇੱਕਠਾ ਕਰਵਾਉਣਾ, ਕੰਧਵਾਲਾ ਰੋਡ ਨੇੜੇ ਪੈਟਰੋਲ ਪੰਪ ਏਰੀਆ ਦੀ ਸਫਾਈ ਕਰਵਾਉਣੀ ਅਤੇ ਪਲਾਸਟਿਕ ਇੱਕੱਠਾ ਕਰਵਾਉਣਾ, ਓਲਡ ਫਾਜ਼ਿਲਕਾ ਰੋਡ ਦੀ ਸਫਾਈ ਅਤੇ ਪਲਾਸਟਿਕ ਇੱਕਠਾ ਕਰਵਾਉਣਾ ਅਤੇ 23 ਅਗਸਤ ਨੂੰ ਇੰਦਰਾ ਨਗਰੀ ਕਮਪੋਸਟ ਯੂਨਿਟ ਤੇ ਖਾਦ ਛਣਵਾ ਕੇ ਪੌਦਿਆਂ ਨੂੰ ਪਾਈ ਜਾਵੇਗੀ ਅਤੇ ਨਹਿਰੂ ਪਾਰਕ ਦੇ ਬਾਹਰ ਸਟਾਲ ਲਗਾਈ ਜਾਵੇਗੀ ।

ਉਨ੍ਹਾਂ ਸ਼ਹਿਰ ਵਾਸੀਆਂ ਨੂੰ ਅਪੀਲ ਕਰਦਿਆਂ ਕਿਹਾ ਕਿ ਇਸ ਪੰਜ ਦਿਨਾ ਮੁਹਿੰਮ ਵਿਚ ਵੱਧ ਚੜ ਕੇ ਹਿੱਸਾ ਲਿਆ ਜਾਵੇ। ਉਨ੍ਹਾਂ ਲੋਕਾ ਨੂੰ ਕਿਹਾ ਕਿ ਜੇਕਰ ਘਰ ਦੇ ਨੇੜੇ ਕਿਤੇ ਵੀ ਜੀ.ਵੀ.ਪੀ ਹੈ ਤਾਂ ਤੁਰੰਤ ਇਸ ਬਾਰੇ ਨਗਰ ਨਿਗਮ ਨੂੰ ਸੂਚਿਤ ਕੀਤਾ ਜਾਵੇ।

# ਵਿਧਾਇਕ ਮਦਨ ਲਾਲ ਬੱਗਾ ਵੱਲੋਂ ਵਾਰਡ ਨੰਬਰ 67 ਚ ਨਵੇਂ ਟਿਊਬਵੈਲ ਦਾ ਉਦਘਾਟਨ



**ਲੁਧਿਆਣਾ, 21 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਵਿਧਾਨ ਸਭਾ ਹਲਕਾ ਲੁਧਿਆਣਾ ਉੱਤਰੀ ਤੋਂ ਵਿਧਾਇਕ ਚੌਧਰੀ ਮਦਨ ਲਾਲ ਬੱਗਾ ਵੱਲੋਂ ਸਥਾਨਕ ਵਾਰਡ ਨੰਬਰ 67 ਅਧੀਨ ਨਵੀਨ ਨਗਰ, ਗਲੀ ਨੰਬਰ 1 ਵਿਖੇ ਟਿਊਬੈਲ ਦਾ ਉਦਘਾਟਨ ਕੀਤਾ ਗਿਆ।ਵਿਧਾਇਕ ਬੱਗਾ ਵੱਲੋਂ ਇਸ ਮੌਕੇ ਮੀਡੀਆ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਵਾਰਡ ਨੰਬਰ 67 ਦੇ ਵਸਨੀਕਾਂ ਨੂੰ ਬੀਤੇ ਸਮੇਂ ਦੌਰਾਨ ਪਾਣੀ ਦੀ ਕਾਫੀ ਕਿੱਲਤ ਸੀ ਅਤੇ ਉਨ੍ਹਾਂ ਦੀ ਚਿਰੌਕਣੀ ਮੰਗ ਨੂੰ ਪੂਰਾ ਕਰਦਿਆਂ ਵਾਰਡ ਵਿੱਚ ਨਵਾਂ ਟਿਊਬਵੈਲ ਲਗਾਇਆ ਗਿਆ ਹੈ ਤਾਂ ਜੋ ਵਸਨੀਕਾਂ ਨੂੰ ਪੀਣ ਵਾਲੇ ਪਾਣੀ ਦਾ ਕਿੱਲਤ ਦਾ ਸਾਹਮਣਾ ਨਾ ਕਰਨਾ ਪਵੇ। ਉਨ੍ਹਾਂ ਕਿਹਾ ਕਿ ਹੁਣ ਆਸ ਪਾਸ ਦੇ ਇਲਾਕਿਆਂ ਨੂੰ ਵੀ ਇਸਦਾ ਲਾਭ ਮਿਲੇਗਾ। ਵਿਧਾਇਕ ਬੱਗਾ ਨੇ ਕਿਹਾ ਕਿ ਮਾਣਯੋਗ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਆਮ ਲੋਕਾਂ ਦੀ ਸਰਕਾਰ ਹੈ ਅਤੇ ਸੂਬੇ ਦੇ ਵਸਨੀਕਾਂ ਨੂੰ ਆਉਣ ਵਾਲੀਆਂ ਦਰਪੇਸ਼ ਮੁਸ਼ਕਿਲਾਂ ਦੇ ਹੱਲ ਲਈ ਵਚਨਬੱਧ ਹੈ ਜਿਸ ਤਹਿਤ ਚੋਣਾਂ ਦੌਰਾਨ ਵੋਟਰਾਂ ਨਾਲ ਕੀਤੇ ਵਾਅਦਿਆਂ ਨੂੰ ਇੱਕ-ਇੱਕ ਕਰਕੇ ਪੂਰਾ ਕੀਤਾ ਜਾ ਰਿਹਾ ਹੈ।

# ਬੀਜ਼ੀ ਬੀ ਅਰਲੀ ਲਰਨਿੰਗ ਸੈਂਟਰ ਦੇ ਨੰਨ੍ਹੇ-ਮੁੰਨਿਆਂ ਬੱਚਿਆਂ ਨੇ ਮਨਾਇਆ ਰੱਖੜੀ ਦਾ ਤਿਉਹਾਰ



**ਸਾਹਨੇਵਾਲ, 21 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਭਾਰਤ ਵਿੱਚ ਰੱਖੜੀ ਦਾ ਵਿਸ਼ੇਸ਼ ਮਹੱਤਵ ਹੈ। ਦੇਸ਼ ਵਿੱਚ ਹਰ ਸਾਲ ਰੱਖੜੀ ਦਾ ਤਿਉਹਾਰ ਬੜੇ ਹੀ ਸ਼ਰਧਾ ਭਾਵ ਨਾਲ ਮਨਾਇਆ ਜਾਂਦਾ ਹੈ। ਇਹ ਤਿਉਹਾਰ ਭੈਣ ਤੇ ਭਰਾ ਦੇ ਪਿਆਰ ਦਾ ਪ੍ਰਤੀਕ ਹੈ। ਇਸ ਦਿਨ ਭੈਣਾਂ ਆਪਣੇ ਭਰਾਵਾਂ ਦੇ ਰੱਖੜੀ ਬੰਨਦੀਆਂ ਹਨ।ਇਸ ਪਵਿੱਤਰ ਤਿਉਹਾਰ ਨੂੰ ਲੈ ਕੇ ਬੀ ਅਰਲੀ ਲਰਨਿੰਗ ਸੈਂਟਰ ਸਾਹਨੇਵਾਲ ਦੇ ਡਾਇਰੈਕਟਰ ਗੁਰਪ੍ਰੀਤ ਕੌਰ ਦੀ ਨਿਗਰਾਨੀ ਹੇਠ ਨੰਨ੍ਹੇ-ਮੁੰਨੇ ਬੱਚਿਆਂ ਵੱਲੋਂ ਰੱਖੜੀ ਦਾ ਤਿਉਹਾਰ ਬੜੀ ਹੀ ਸ਼ਰਧਾ ਭਾਵਨਾ ਨਾਲ ਮਨਾਇਆ ਗਿਆ। ਨੰਨੇ-ਮੁੰਨੇ ਬੱਚਿਆਂ ਵੱਲੋਂ ਇਸ ਰੱਖੜੀ ਦੇ ਤਿਉਹਾਰ ਤੇ ਇੱਕ ਆਈਟਮ ਪੇਸ਼ ਕੀਤੀ ਗਈ, ਜਿਸ ਵਿੱਚ ਬੱਚਿਆਂ ਵੱਲੋਂ ਫੌਜੀ ਵਰਦੀਆਂ ਵਿੱਚ ਸਜੇ ਹੋਏ ਬੱਚਿਆਂ ਦੇ ਰੱਖੜੀਆਂ ਬੰਨ ਕੇ ਇਸ ਤਿਉਹਾਰ ਨੂੰ ਯਾਦਗਾਰੀ ਤਿਉਹਾਰ ਬਣਾ ਦਿੱਤਾ।ਇਹ ਆਈਟਮ ਵਿੱਚ ਇੱਕ ਭੈਣ ਵੱਲੋਂ ਆਪਣੇ ਫੌਜੀ ਵੀਰ ਦੇ ਰੱਖੜੀ ਬੰਨ੍ਹਣ ਦਾ ਦ੍ਰਿਸ਼ ਪੇਸ਼ ਕੀਤਾ ਜੋ ਕਿ ਦਿਲ ਨੂੰ ਛੂਹਣ ਵਾਲਾ ਦ੍ਰਿਸ਼ ਸੀ।ਇਸ ਮੌਕੇ ਪ੍ਰਬੰਧਕੀ ਡਾਇਰੈਕਟਰ ਗੁਰਪ੍ਰੀਤ ਕੌਰ ਵੱਲੋਂ ਸੈਂਟਰ ਦੇ ਸਾਰੇ ਬੱਚਿਆਂ ਦੇ ਰੱਖੜੀਆਂ ਬੰਨ੍ਹ ਕੇ ਉਨ੍ਹਾਂ ਨੂੰ ਸ਼ੁਭਕਾਮਨਾਵਾਂ ਦਿੰਦਿਆਂ ਕਿਹਾ ਕਿ ਰੱਖੜੀ ਦਾ ਪਵਿੱਤਰ ਤਿਉਹਾਰ ਭੈਣ-ਭਰਾ ਦੇ ਪਿਆਰ ਦਾ ਪ੍ਰਤੀਕ ਹੈ ਅਤੇ ਭੈਣਾਂ ਆਪਣੇ ਭਰਾਵਾਂ ਦੇ ਗੁੱਟ 'ਤੇ ਰੱਖੜੀ ਬੰਨ੍ਹ ਕੇ ਪਰਮਾਤਮਾ ਅੱਗੇ ਆਪਣੇ ਭਰਾ ਦੀ ਲੰਬੀ ਉਮਰ ਲਈ, ਚੰਗੀ ਸਿਹਤ ਲਈ ਅਤੇ ਆਪਣੇ ਭਰਾ ਦੀ ਤੰਦਰੁਸਤੀ ਲਈ ਅਰਦਾਸ ਕਰਦੀਆਂ ਹਨ ਅਤੇ ਭੈਣ-ਭਰਾ ਇਸ ਰੱਖੜੀ ਦੇ ਤਿਉਹਾਰ ਨੂੰ ਬੜੇ ਹੀ ਉਤਸ਼ਾਹ ਦੇ ਨਾਲ ਮਨਾਉਂਦੇ ਹਨ। ਉਨ੍ਹਾਂ ਦੱਸਿਆ ਕਿ ਪੜ੍ਹਾਈ ਦੇ ਨਾਲ-ਨਾਲ ਸੈਂਟਰ 'ਚ ਹਰ ਦਿਨ ਤਿਉਹਾਰ ਬੜੇ ਹੀ ਉਤਸ਼ਾਹ ਨਾਲ ਮਨਾਇਆ ਜਾਂਦਾ ਹੈ ਤਾਂ ਜੋ ਨਵੀਂ ਪੀੜ੍ਹੀ ਇਨ੍ਹਾਂ ਦੀ ਅਹਿਮੀਅਤ ਨੂੰ ਸਮਝ ਸਕਣ। ਇਸ ਮੌਕੇ ਉਨ੍ਹਾਂ ਨਾਲ ਹੋਰਨਾਂ ਤੋਂ ਇਲਾਵਾ ਜਰਨੈਲ ਸਿੰਘ, ਪਰਮਜੀਤ ਕੌਰ ਆਦਿ ਮੌਜੂਦ ਸਨ।

# ਬ੍ਰਹਮ ਕੁਮਾਰੀ ਆਸ਼ਰਮ ਦੀਆਂ ਭੈਣਾਂ ਨੇ ਐਮ.ਐਲ.ਏ ਨੂੰ ਬੰਨ੍ਹੀਂ ਰੱਖੜੀ



**ਫਾਜ਼ਿਲਕਾ, 21 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਐਮ.ਐਲ.ਏ ਫਾਜਿਲਕਾ ਸ੍ਰੀ ਨਰਿੰਦਰਪਾਲ ਸਿੰਘ ਸਵਨਾ ਵੱਲੋਂ ਬ੍ਰਹਮ ਕੁਮਾਰੀ ਆਸ਼ਰਮ ਵਿਖੇ ਜਾ ਕੇ ਬ੍ਰਹਮ ਕੁਮਾਰੀ ਆਸ਼ਰਮ ਦੀਆਂ ਭੈਣਾਂ ਤੋਂ ਰੱਖੜੀ ਬੰਨ੍ਹੀ। ਇਸ ਮੌਕੇ ਉਨ੍ਹਾਂ ਵੱਲੋਂ ਰੱਖੜੀ ਦੇ ਤਿਉਹਾਰ ਦਾ ਅਧਿਆਤਮਕ ਮਹੱਤਵ ਵੀ ਦੱਸਿਆ ਗਿਆ। ਇਸ ਮੌਕੇ ਉਨ੍ਹਾਂ ਦੀ ਪਤਨੀ ਸ੍ਰੀਮਤੀ ਖੁਸ਼ਬੂ ਸਾਵਨਸੁੱਖਾ ਸਵਨਾ ਵੀ ਹਾਜਰ ਸਨ।

ਇਸ ਮੌਕੇ ਬ੍ਰਹਮ ਕੁਮਾਰੀਆਂ ਦਾ ਰੱਖੜੀ ਬੰਨ੍ਹਣ ਲਈ ਧੰਨਵਾਦ ਕਰਦਿਆਂ ਐਮ.ਐਲ.ਏ ਨੇ ਕਿਹਾ ਕਿ ਰੱਖੜੀ ਦਾ ਤਿਉਹਾਰ ਆਪਸੀ ਭਾਈਚਾਰਕ ਨੂੰ ਦਰਸਾਉਂਦਾ ਹੈ। ਜਿਸ ਕਰਕੇ ਇਹ ਤਿਉਹਾਰ ਸਾਨੂੰ ਸਾਰਿਆਂ ਨੂੰ ਆਪਸੀ ਪਿਆਰ ਅਤੇ ਉਤਸ਼ਾਹ ਨਾਲ ਮਨਾਉਣਾ ਚਾਹੀਦਾ ਹੈ।

# ਪੰਜਾਬੀ ਅਦਬ ਕਲਾ ਕੇਂਦਰ ਅਤੇ ਓਅਏ ਅਦਬੀ ਕਿਰਨਾਂ ਮੰਚ ਵੱਲੋਂ ਕਵੀ ਦਰਬਾਰ ਅਤੇ ਤੀਆਂ ਦਾ ਆਯੋਜਨ

**ਜ਼ੀਰਾ, 21 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**



ਪੰਜਾਬੀ ਅਦਬ ਕਲਾ ਕੇਂਦਰ ਮਾਲੇਰਕੋਟਲਾ ਅਤੇ ਓਅਏ ਅਦਬੀ ਕਿਰਨਾਂ ਸਾਹਿਤਕ ਮੰਚ ਬਠਿੰਡਾ ਵੱਲੋਂ ਤਲਵੰਡੀ ਸਾਬੋ ਵਿਖੇ ਸਾਵਣ ਕਵੀ ਦਰਬਾਰ ਅਤੇ ਤੀਆਂ ਦੇ ਪਿੜ ਦਾ ਆਯੋਜਨ ਕੀਤਾ ਗਿਆ। ਇਸ ਮੌਕੇ ਪੰਜਾਬੀ ਅਦਬ ਕਲਾ ਕੇਂਦਰ ਮਾਲੇਰਕੋਟਲਾ ਦੇ ਮੁੱਖ ਪ੍ਰਬੰਧਕ ਅਤੇ ਅਵਾਮੀ ਸ਼ਾਇਰ ਜਨਾਬ ਜਮੀਲ ਅਬਦਾਲੀ ਨੇ ਅਪਣੇ ਵੱਲੋਂ ਉਚੇਚੇ ਤੌਰ 'ਤੇ ਭੇਜੇ ਗਏ ਸੁਨੇਹੇ 'ਚ ਕਿਹਾ ਕਿ ਤਿਓਹਾਰ ਸਾਡੇ ਜੀਵਨ ਦਾ ਅਨਿੱਖੜਵਾਂ ਅੰਗ ਹਨ। ਉਹਨਾਂ ਕਿਹਾ ਕਿ ਤਿੱਥ-ਤਿਓਹਾਰ ਕਿਸੇ ਵੀ ਸਮਾਜ ਦੇ ਸਿਹਤਮੰਦ ਹੋਣ ਦੀ ਨਿਸ਼ਾਨੀ ਹੁੰਦੇ ਨੇ।

ਇਸ ਮੌਕੇ ਉਹਨਾਂ ਇਸ ਕਵੀ ਦਰਬਾਰ ਅਤੇ ਤੀਆਂ ਦੇ ਪਿੜ ਚ ਪਹੁੰਚਣ ਵਾਲੀਆਂ ਕਵਿਤਰੀਆਂ ਨੂੰ ਮੁਬਾਰਕਬਾਦ ਦਿੰਦਿਆਂ ਓਅਏ ਅਦਬੀ ਕਿਰਨਾਂ ਸਾਹਿਤਕ ਮੰਚ ਬਠਿੰਡਾ ਦੀ ਮੁੱਖ ਪ੍ਰਬੰਧਕ ਮੁਹਤਰਮ੍ਹਾ ਪਰਮ 'ਪ੍ਰੀਤ' ਬਠਿੰਡਾ ਦੀ ਮਿਹਨਤ ਦੀ ਭਰਪੂਰ ਸਲਾਘਾ ਕੀਤੀ। ਨਿਰੋਲ ਔਰਤਾਂ ਦੇ ਸਾਵਣ ਕਵੀ ਦਰਬਾਰ ਅਤੇ ਤੀਆਂ ਦੇ ਇਸ ਸਮਾਗਮ ਵਿੱਚ ਮੁੱਖ ਮਹਿਮਾਨ ਵਜੋਂ ਡਾ. ਕਮਲਪ੍ਰੀਤ ਕੌਰ ਪ੍ਰਿੰਸੀਪਲ ਮਾਤਾ ਸਾਹਿਬ ਕੌਰ ਗ਼ਰਲਜ ਕਾਲਜ ਤਲਵੰਡੀ ਸਾਬੋ ਵਿਸ਼ੇਸ਼ ਤੌਰ ਤੇ ਪਹੁੰਚੇ। ਡਾ. ਖੁਸ਼ਨਸੀਬ ਗੁਰਬਖਸ਼ੀਸ਼ ਕੌਰ ਪ੍ਰੋਫੈਸਰ ਗੁਰੂ ਨਾਨਕ ਕਾਲਜ਼ ਕਿਲਿਆਂ ਵਾਲੀ, ਡਾ. ਸਰਬਜੀਤ ਕੌਰ ਬਰਾੜ ਅਤੇ ਸਮਾਗਮ ਦੀ ਮੁੱਖ ਸਰਬਰਾਹ ਪਰਮ 'ਪ੍ਰੀਤ' ਬਠਿੰਡਾ ਨੇ ਸਦਾਰਤੀ ਸਫ਼ ਦੀ ਸ਼ੋਭਾ ਵਧਾਈ।

ਇਸ ਸਾਵਣ ਕਵੀ ਦਰਬਾਰ ਵਿੱਚ ਹਰਜਿੰਦਰ ਕੌਰ ਜੱਜ ਦੁਆਰਾ ਹੱਥੀਂ ਬਣੀ ਸਮੱਗਰੀ ਦੀ ਅਤੇ ਭੁਪਿੰਦਰ ਕੌਰ ਆਰਟਿਸਟ ਵੱਲੋਂ ਆਪਣੀਆਂ ਪੇਂਟਿੰਗਾਂ ਦੀ ਪ੍ਰਦਰਸ਼ਨੀ ਲਾਈ ਗਈ। ਇਸ ਤੋਂ ਇਲਾਵਾ ਉਪਰੋਕਤ ਦੋਨਾਂ ਸੰਸਥਾਵਾਂ ਵੱਲੋਂ ਹੁਣ ਤੱਕ ਪ੍ਰਕਾਸ਼ਿਤ ਕਿਤਾਬਾਂ ਦੀ ਪ੍ਰਦਰਸ਼ਨੀ ਵੀ ਲਾਈ ਗਈ। ਇਸ ਸਮਾਗਮ ਵਿੱਚ ਪਹੁੰਚੀਆਂ ਭੈਣਾਂ ਲਈ ਸਾਵਣ ਸੈਲਫੀ ? ਫੋਟੋ ਸ਼ੂਟ ਕਰਨ ਲਈ ਵਿਸ਼ੇਸ਼ ਕਾਰਨਰ ਤਿਆਰ ਕਰਵਾਇਆ ਗਿਆ ਜੋ ਖਿੱਚ ਦਾ ਕੇਂਦਰ ਰਿਹਾ। ਮਾਲਵੇ ਦੀ ਚਰਚਿਤ ਕਵਿਤਰੀ ਤੇ ਅਧਿਆਪਕਾ ਪਰਮ 'ਪ੍ਰੀਤ' ਬਠਿੰਡਾ ਨੇ ਆਏ ਮਹਿਮਾਨਾਂ ਨੂੰ 'ਜੀ ਆਇਆਂ' ਨੂੰ ਅਖਦਿਆਂ ਇਸ ਸਮਾਗਮ ਦਾ ਆਗਾਜ਼ ਕੀਤਾ। ਕਵੀ ਦਰਬਾਰ ਵਿੱਚ ਹੁੰਮ-ਹੁਮਾ ਕੇ ਪੁੱਜੀਆਂ ਸਾਰੀਆਂ ਭੈਣਾਂ ਨੇ ਆਪੋ-ਆਪਣੀਆਂ ਰਚਨਾਵਾਂ, ਕਵਿਤਾਵਾਂ ਅਤੇ ਗੀਤਾਂ ਨਾਲ ਸਾਵਣ ਕਵੀ ਦਰਬਾਰ ਨੂੰ ਯਾਦਗਾਰੀ ਬਣਾ ਦਿੱਤਾ। ਡਾ.ਕਮਲਪ੍ਰੀਤ ਕੌਰ ਨੇ ਇਸ ਪ੍ਰੋਗਰਾਮ ਨੂੰ ਖੂਬ ਸਲਾਹਿਆ। ਉਹਨਾਂ ਇਸ ਖ਼ੂਬਸੂਰਤ ਉਪਰਾਲੇ ਲਈ ਪਰਮ 'ਪ੍ਰੀਤ' ਬਠਿੰਡਾ ਨੂੰ ਵਧਾਈ ਦਿੱਤੀ। ਉਹਨਾਂ ਵੱਲੋਂ ਖ਼ੂਬਸੂਰਤ ਕਵਿਤਾਵਾਂ ਦੇ ਨਾਲ-ਨਾਲ ਪੰਜਾਬੀ ਮਾਂ ਬੋਲੀ ਦੀਆਂ ਬੋਲੀਆਂ ਦੇ ਨਾਲ ਭਰਪੂਰ ਹਾਜ਼ਰੀ ਲਵਾਉਂਦਿਆਂ ਹਾਜ਼ਰ ਕਵਿਤਰੀਆਂ ਨੂੰ ਨੱਚਣ ਲਈ ਮਜ਼ਬੂਰ ਕਰ ਦਿੱਤਾ । ਸਮਾਗਮ ਦੀ ਸੂਤਰਧਾਰ ਵਜੋਂ ਸਟੇਜ ਸਕੱਤਰ ਦੀ ਭੂਮਿਕਾ 'ਸਾਹਿਤ ਸਭਾ' ਭਗਤਾ ਭਾਈ ਦੀ ਜਨਰਲ ਸਕੱਤਰ ਕਵਿੱਤਰੀ ਅੰਮ੍ਰਿਤਪਾਲ ਕੌਰ ਕਲੇਰ ਨੇ ਬਾਖ਼ੂਬੀ ਨਿਭਾਈ।ਇਸ ਮੌਕੇ ਹਰਜਿੰਦਰ ਕੌਰ ਜੱਜ, ਨਵਜੀਤ ਕੌਰ, ਕੁਲਵਿੰਦਰ ਕੌਰ, ਕਮਲ ਰਾਣੀ, ਲਖਵੀਰ ਕੌਰ, ਰਜਨੀ ਰਾਣੀ, ਪ੍ਰਭਜੋਤ ਕੌਰ ਬਾਗਵਾਨੀ ਵਿਭਾਗ, ਵੀਰਪਾਲ ਕੌਰ ਸਿੱਧੂ ਮੋੜ, ਡਾ ਵੀਰਪਾਲ ਕੌਰ ਕਮਲ, ਸੁਖਜਿੰਦਰ ਕੌਰ, ਗੁਰਬਿੰਦਰ ਕੌਰ ਗਿੱਲ, ਕਰਮਜੀਤ ਕੌਰ ਭੈਣੀ ਬਾਘਾ, ਵੀਰਪਾਲ ਕੌਰ ਮਾਨ, ਭੁਪਿੰਦਰ ਕੌਰ, ਕਰਮਜੀਤ ਕੌਰ, ਪਰਮਿੰਦਰ ਕੌਰ ਪੈਮ, ਅਤੇ ਵੀਰਪਾਲ ਕੌਰ ਮੋਹਲ ਨੇ ਆਪੋ-ਆਪਣੀਆਂ ਖ਼ੂਬਸੂਰਤ ਰਚਨਾਵਾਂ ਦੀ ਸਾਂਝ ਪਾ ਕੇ ਕਵੀ ਦਰਬਾਰ ਦੀ ਰੌਣਕ ਵਿੱਚ ਵਾਧਾ ਕੀਤਾ। ਅਖ਼ੀਰ ਵਿੱਚ ਓਅਏ ਅਦਬੀ ਕਿਰਨਾਂ ਸਾਹਿਤਕ ਮੰਚ ਬਠਿੰਡਾ ਵੱਲੋਂ ਭੈਣਾਂ ਨੂੰ ਸਨਮਾਨ ਚਿੰਨ੍ਹ ਅਤੇ ਸਰਟੀਫਿਕੇਟ ਦੇ ਕੇ ਸਨਮਾਨਿਤ ਕੀਤਾ ਗਿਆ।

# ਅਮਰੀਕਾ 'ਚ ਹਾਦਸੇ ਦੌਰਾਨ ਮਾਛੀਵਾੜਾ ਦੇ ਨੌਜਵਾਨ ਦੀ ਮੌਤ

**ਮਾਛੀਵਾੜਾ ਸਾਹਿਬ, 21 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**



ਅਮਰੀਕਾ ਵਿਚ ਵਾਪਰੇ ਦਰਦਨਾਕ ਸ꠰ਕ ਹਾਦਸੇ ਵਿਚ ਮਾਛੀਵਾ꠰ਾ ਦੇ ਨੌਜਵਾਨ ਵਿਸ਼ਵਦੀਪ ਸਿੰਘ (19) ਦੀ ਮੌਤ ਹੋ ਗਈ। ਪ੍ਰਾਪਤ ਜਾਣਕਾਰੀ ਅਨੁਸਾਰ ਸਥਾਨਕ ਜੇ.ਐਸ. ਨਗਰ ਦੇ ਵਾਸੀ ਸਤਨਾਮ ਸਿੰਘ ਜੋ ਕਿ ਪ੍ਰਾਪਰਟੀ ਦਾ ਕਾਰੋਬਾਰ ਕਰਦੇ ਹਨ, ਉਨ੍ਹਾਂ ਦਾ ਇਕਲੌਤਾ ਪੁੱਤਰ ਵਿਸ਼ਵਦੀਪ ਸਿੰਘ ਆਪਣੇ ਚੰਗੇ ਭਵਿੱਖ ਲਈ ਕਰੀਬ 2 ਸਾਲ ਪਹਿਲਾਂ ਅਮਰੀਕਾ ਵਿਖੇ ਗਿਆ ਸੀ। ਵਿਸ਼ਵਦੀਪ ਸਿੰਘ ਅਮਰੀਕਾ ਦੇ ਫਰਜ਼ੀਨੋ ਸ਼ਹਿਰ ਵਿਚ ਰਹਿੰਦਾ ਸੀ ਅਤੇ ਉੱਥੇ ਸਟੋਰ 'ਤੇ ਨੌਕਰੀ ਕਰਦਾ ਸੀ। ਅਮਰੀਕਾ ਵਿਖੇ ਕਾਰ 'ਤੇ ਸਵਾਰ ਹੋ ਕੇ ਉਹ ਜਾ ਰਿਹਾ ਸੀ ਕਿ ਸਾਹਮਣੇ ਤੋਂ ਆ ਰਹੀ ਇੱਕ ਹੋਰ ਕਾਰ ਉਸਦੀ ਜ਼ਬਰਦਸਤ ਟੱਕਰ ਹੋ ਗਈ ਅਤੇ ਇਸ ਹਾਦਸੇ 'ਚ ਵਿਸ਼ਵਦੀਪ ਸਿੰਘ ਦੀ ਜਾਨ ਚਲੀ ਗਈ। ਅੱਜ ਤਡ ?ਕੇ ਜਦੋਂ ਮਾਪਿਆਂ ਨੂੰ ਵਿਸ਼ਵਦੀਪ ਸਿੰਘ ਦੀ ਮੌਤ ਦੀ ਸੂਚਨਾ ਮਿਲੀ ਤਾਂ ਉਨ੍ਹਾਂ 'ਤੇ ਦੁੱਖਾਂ ਦਾ ਪਹਾਡ ? ਟੁੱਟ ਗਿਆ ਅਤੇ ਉਸਦੀ ਮਾਂ ਦਾ ਰੋ-ਰੋ ਕੇ ਬੁਰਾ ਹਾਲ ਸੀ। ਨੌਜਵਾਨ ਦੀ ਮੌਤ ਨਾਲ ਮਾਛੀਵਾਡ ?ਾ ਇਲਾਕੇ ਵਿਚ ਸੋਗ ਦੀ ਲਹਿਰ ਪਾਈ ਜਾ ਰਹੀ ਹੈ ਅਤੇ ਸ਼ਹਿਰ ਵਾਸੀਆਂ ਵਲੋਂ ਮ੍ਰਿਤਕ ਦੇ ਪਿਤਾ ਸਤਨਾਮ ਸਿੰਘ ਨਾਲ ਗਹਿਰੇ ਦੁੱਖ ਦਾ ਪ੍ਰਗਟਾਵਾ ਕੀਤਾ।

ਨੌਜਵਾਨ ਵਿਸ਼ਵਦੀਪ ਸਿੰਘ ਦੀ ਲਾਸ਼ ਨੂੰ ਪੰਜਾਬ ਘਰ ਲਿਆਉਣ ਲਈ ਉੱਥੇ ਰਹਿੰਦੇ ਰਿਸ਼ਤੇਦਾਰਾਂ ਵਲੋਂ ਯਤਨ ਸ਼ੁਰੂ ਕਰ ਦਿੱਤੇ ਹਨ ਜਿਸ ਨੂੰ ਆਉਣ ਲਈ 10 ਦਿਨ ਤੋਂ ਵੱਧ ਦਾ ਸਮਾਂ ਲੱਗ ਸਕਦਾ ਹੈ। ਮ੍ਰਿਤਕ ਨੌਜਵਾਨ ਜਿੱਥੇ ਮਾਪਿਆਂ ਦਾ ਇਕਲੌਤਾ ਨੌਜਵਾਨ ਪੁੱਤ ਸੀ ਉੱਥੇ ਉਸਦੀ ਵੱਡੀ ਭੈਣ ਵੀ ਕੈਨੇਡਾ ਵਿਖੇ ਰਹਿੰਦੀ ਹੈ ਜਿਸ ਨੂੰ ਰੱਖਡ ?ੀ ਤੋਂ ਇੱਕ ਦਿਨ ਪਹਿਲਾਂ ਆਪਣੇ ਭਰਾ ਦੀ ਮੌਤ ਦਾ ਬੇਹੱਦ ਦੁੱਖਦਈ ਸਮਾਚਾਰ ਮਿਲਿਆ।

# ਪੈਰਿਸ ਓਲੰਪਿਕ ਖੇਡਾਂ 'ਚ ਭਾਰਤੀ ਖਿਡਾਰੀ ਚਮਕੇ, ਵਿਧਾਇਕ ਰੰਧਾਵਾ ਨੇ ਖਿਡਾਰੀਆਂ ਨੂੰ ਇਨਾਮ ਦੇਣ 'ਤੇ ਮੁੱਖ ਮੰਤਰੀ ਭਗਵੰਤ ਮਾਨ ਦੀ ਕੀਤੀ ਤਾਰੀਫ



**ਡੇਰਾ ਬਸੀ, 21 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਪੈਰਿਸ ਓਲੰਪਿਕ ਖੇਡਾਂ ਖਤਮ ਹੋ ਗਈਆਂ ਹਨ ਅਤੇ ਭਾਰਤ ਨੇ ਇਕ ਵਾਰ ਫਿਰ ਵਿਸ਼ਵ ਪੱਧਰ 'ਤੇ ਆਪਣੀ ਪਛਾਣ ਬਣਾ ਲਈ ਹੈ। ਹਾਕੀ ਟੀਮ ਸਮੇਤ ਕਈ ਭਾਰਤੀ ਐਥਲੀਟ ਘਰ-ਘਰ ਮੈਡਲ ਲੈ ਕੇ ਆਏ ਹਨ, ਜੋ ਚਰਚਾ ਦਾ ਵਿਸ਼ਾ ਬਣਿਆ ਹੋਇਆ ਹੈ। ਇਸ ਪ੍ਰਾਪਤੀ ਦੇ ਮੱਦੇਨਜ਼ਰ ਵਿਧਾਇਕ ਕੁਲਜੀਤ ਸਿੰਘ ਰੰਧਾਵਾ ਨੇ ਮੁੱਖ ਮੰਤਰੀ ਪੰਜਾਬ ਭਗਵੰਤ ਮਾਨ ਵੱਲੋਂ ਤਮਗਾ ਜੇਤੂ ਖਿਡਾਰੀਆਂ ਨੂੰ 1-1 ਕਰੋੜ ਰੁਪਏ ਅਤੇ ਹੋਰ ਖਿਡਾਰੀਆਂ ਨੂੰ 15-15 ਲੱਖ ਰੁਪਏ ਦੇਣ ਦੇ ਫੈਸਲੇ ਦੀ ਸ਼ਲਾਘਾ ਕੀਤੀ। 52 ਸਾਲਾਂ ਬਾਅਦ, ਭਾਰਤ ਨੇ ਆਖਰਕਾਰ ਹਾਕੀ ਵਿੱਚ ਲਗਾਤਾਰ ਦੋ ਓਲੰਪਿਕ ਤਗਮੇ ਜਿੱਤੇ ਹਨ, ਇੱਕ ਅਜਿਹੀ ਪ੍ਰਾਪਤੀ ਜਿਸ ਨੇ ਦੇਸ਼ ਨੂੰ ਬਹੁਤ ਮਾਣ ਅਤੇ ਖੁਸ਼ੀ ਦਿੱਤੀ ਹੈ। ਕਪਤਾਨ ਹਰਮਨਪ੍ਰੀਤ ਸਿੰਘ ਦੀ ਅਗਵਾਈ ਵਾਲੀ ਭਾਰਤੀ ਹਾਕੀ ਟੀਮ ਨੇ ਪੂਰੇ ਟੂਰਨਾਮੈਂਟ ਦੌਰਾਨ ਸ਼ਾਨਦਾਰ ਪ੍ਰਦਰਸ਼ਨ ਕੀਤਾ ਅਤੇ ਦੁਨੀਆ ਦੀਆਂ ਕੁਝ ਚੋਟੀ ਦੀਆਂ ਟੀਮਾਂ ਨੂੰ ਹਰਾਇਆ। ਉਸਦੀ ਮਿਹਨਤ ਅਤੇ ਲਗਨ ਰੰਗ ਲਿਆਈ ਅਤੇ ਉਸਨੇ ਕਾਂਸੀ ਦਾ ਤਗਮਾ ਜਿੱਤਿਆ। ਵਿਧਾਇਕ ਰੰਧਾਵਾ ਜੋ ਕਿ ਖੇਡ ਪ੍ਰੇਮੀ ਹਨ, ਨੇ ਟੀਮ ਅਤੇ ਉਨ੍ਹਾਂ ਦੇ ਕੋਚ ਦੀ ਕਾਰਗੁਜ਼ਾਰੀ ਦੀ ਸ਼ਲਾਘਾ ਕੀਤੀ। ਉਸ ਨੇ ਕਿਹਾ, ''ਪੈਰਿਸ ਓਲੰਪਿਕ ਖੇਡਾਂ 'ਚ ਉਨ੍ਹਾਂ ਦੇ ਸ਼ਾਨਦਾਰ ਪ੍ਰਦਰਸ਼ਨ ਲਈ ਮੈਨੂੰ ਸਾਡੀ ਹਾਕੀ ਟੀਮ ਅਤੇ ਉਨ੍ਹਾਂ ਦੇ ਕੋਚਾਂ 'ਤੇ ਬਹੁਤ ਮਾਣ ਹੈ। ਉਨ੍ਹਾਂ ਨੇ ਬਹੁਤ ਦ੍ਰਿੜ ਇਰਾਦੇ ਅਤੇ ਲਚਕੀਲੇਪਣ ਦਾ ਪ੍ਰਦਰਸ਼ਨ ਕੀਤਾ ਹੈ

# ਮਾਛੀਵਾੜਾ ਸਾਹਿਬ ਦੇ ਥਾਣੇ ਮੂਹਰੇ ਪਰਿਵਾਰਕ ਮੈਂਬਰਾਂ ਅਤੇ ਪਿੰਡ ਵਾਸੀਆਂ ਨੇ ਲਗਾਇਆ ਧਰਨਾ

**ਮਾਛੀਵਾੜਾ ਸਾਹਿਬ, 21 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**



ਨਸ਼ਾ ਇੰਨਾ ਜਿਆਦਾ ਵੱਧ ਗਿਆ ਹੈ ਕਿ ਨਸ਼ੇ ਦੇ ਸੌਦਾਗਰਾਂ ਦੇ ਹੌਸਲੇ ਵੀ ਦਿਨ- ਬ- ਦਿਨ ਬੁਲੰਦ ਹੁੰਦੇ ਜਾ ਰਹੇ ਹਨ ਅਤੇ ਉਹ ਕਿਸੇ ਨੂੰ ਵੀ ਮਾਰਨ ਅਤੇ ਕੁੱਟਣ ਤੋਂ ਗੁਰੇਜ਼ ਨਹੀਂ ਕਰਦੇ ਇਸੇ ਤਰ੍ਹਾਂ ਹੀ ਮਾਛੀਵਾੜਾ ਸਾਹਿਬ ਬਲਾਕ ਦੇ ਅਧੀਨ ਪੈਂਦੇ ਪਿੰਡ ਚਕਲੀ ਮੰਗਾ ਦੇ ਰਹਿਣ ਵਾਲੇ ਅਤੇ ਨਸ਼ਿਆਂ ਦੇ ਮਾਮਲਿਆਂ 'ਚ ਨਾਮਜ਼ਦ ਮਲਕੀਤ ਸਿੰਘ (ਮੰਤਰੀ) ਅਤੇ ਉਸਦੇ ਭਰਾ ਸਮੇਤ ਦੋ ਹੋਰ ਅਣਪਛਾਤੇ ਨੌਜਵਾਨਾ ਵੱਲੋਂ ਬੀਤੀ ਰਾਤ ਕਰੀਬ 9 ਵਜੇ ਪਿੰਡ ਖੇੜਾ ਦੇ ਰਹਿਣ ਵਾਲੇ ਤਿੰਨ ਮੋਟਰਸਾਈਕਲ ਸਵਾਰ ਨੌਜਵਾਨਾਂ ਨੂੰ ਕਿਸੇ ਰੰਜਿਸ਼ ਕਾਰਨ ਆਪਣੀ ਗੱਡੀ ਥੱਲੇ ਕੁਚਲ ਦਿੱਤਾ ਗਿਆ, ਜਿਸ ਕਾਰਨ ਕੁਲਵਿੰਦਰ ਸਿੰਘ (35) ਸਾਲ ਦੀ ਮੌਤ ਹੋ ਗਈ ਅਤੇ ਦੋ ਨੌਜਵਾਨਾਂ ਦੀ ਹਾਲਤ ਗੰਭੀਰ ਹੋਣ ਕਾਰਨ ਸੋਹਣ ਸਿੰਘ ਨੂੰ ਸਮਰਾਲਾ ਅਤੇ ਮੋਹਣ ਸਿੰਘ ਨੂੰ ਪੀ.ਜੀ.ਆਈ ਵਿਖੇ ਰੈਫਰ ਕਰ ਦਿੱਤਾ ਗਿਆ। ਪ੍ਰਾਪਤ ਜਾਣਕਾਰੀ ਅਨੁਸਾਰ ਪਿੰਡ ਵਾਸੀਆਂ ਨੇ ਦੱਸਿਆ ਕਿ ਕੁਲਵਿੰਦਰ ਸਿੰਘ ਅਤੇ ਉਸਦੇ ਸਾਥੀ ਇਹਨਾਂ ਨੂੰ ਨਸ਼ੇ ਵੇਚਣ ਤੋਂ ਰੋਕਦੇ ਸਨ, ਜਿਸ ਕਾਰਨ ਰੰਜਿਸ਼ ਤਹਿਤ ਮੰਤਰੀ ਅਤੇ ਉਸਦੇ ਭਰਾ ਵੱਲੋਂ ਇਹਨਾਂ ਨੌਜਵਾਨਾਂ ਨੂੰ ਗੱਡੀ ਥੱਲੇ ਕੁਚਲਿਆ ਗਿਆ। ਉਨ੍ਹਾਂ ਦੱਸਿਆ ਕਿ ਇਹ ਪਹਿਲਾਂ ਵੀ ਨਸ਼ਿਆਂ ਨਾਲ ਸੰਬੰਧਿਤ ਮਾਮਲਿਆਂ ਵਿੱਚ ਸ਼ਾਮਿਲ ਹਨ।

ਮ੍ਰਿਤਕ ਕੁਲਵਿੰਦਰ ਸਿੰਘ ਦੀਆਂ ਦੋ ਬੇਟੀਆਂ ਹਨ ਅਤੇ ਉਸ ਦੀ ਪਤਨੀ ਦੇ ਬੱਚਾ ਹੋਣ ਵਾਲਾ ਸੀ। ਇਸ ਘਟਨਾ ਨੂੰ ਲੈ ਕੇ ਪੂਰੇ ਇਲਾਕੇ ਵਿੱਚ ਸੋਗ ਦੀ ਲਹਿਰ ਹੈ। ਮਾਛੀਵਾੜਾ ਪੁਲਿਸ ਦੋਸ਼ੀਆਂ ਦੀ ਭਾਲ 'ਚ ਹੈ ਪਰ ਫਿਲਹਾਲ ਅਜੇ ਤੱਕ ਕੋਈ ਗ੍ਰਿਫਤਾਰੀ ਨਹੀਂ ਹੋ ਪਾਈ, ਪਰ ਉਹਨਾਂ ਦੀ ਵਰਨਾ ਕਾਰ ਇੱਕ ਪਿੰਡ ਚੋਂ ਬਰਾਮਦ ਕਰ ਲਈ ਗਈ ਹੈ।

# ਮੁਕਤੀਧਾਮ ਸ਼ਿਵ ਮੰਦਿਰ ਮਾਲਵਾ ਚੌਂਕ ਵਿਖੇ ਜਨਮ ਅਸ਼ਟਮੀ ਅਤੇ ਦੁਰਗਾ ਪੂਜਾ ਦੀਆਂ ਤਿਆਰੀਆਂ ਨੂੰ ਲੈਕੇ ਕੀਤੀ ਮੀਟਿੰਗ

**ਮਾਛੀਵਾੜਾ ਸਾਹਿਬ, 21 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**



ਮੁਕਤੀਧਾਮ ਸ਼ਿਵ ਮੰਦਿਰ ਮਾਲਵਾ ਚੌਂਕ ਦੀ ਇੱਕ ਮੀਟਿੰਗ ਸ੍ਰੀ ਸੁਸ਼ੀਲ ਲੂਥਰਾ ਚੇਅਰਮੈਨ ਦੀ ਸਰਪ੍ਰਸਤੀ ਹੇਠ ਹੋਈ ਜਿਸ ਵਿੱਚ ਮੰਦਿਰ ਪ੍ਰਬੰਧਕ ਅਤੇ ਅਗਾਮੀ ਜਨਮ ਅਸ਼ਟਮੀ ਅਤੇ ਦੁਰਗਾ ਪੂਜਾ ਦੀਆਂ ਤਿਆਰੀਆਂ ਨੂੰ ਲੈ ਕੇ ਵਿਚਾਰ ਵਟਾਂਦਰਾ ਕੀਤਾ ਗਿਆ ।

ਮੀਟਿੰਗ ਵਿੱਚ ਹੋਰਨਾਂ ਮੁੱਦਿਆਂ ਤੋਂ ਇਲਾਵਾ ਪਿਛਲੇ ਦਿਨੀਂ ਖੰਨਾ ਦੇ ਸ਼ਿਵਪੁਰੀ ਮੰਦਰ ਵਿਖੇ ਵਾਪਰੀ ਚੋਰੀ ਅਤੇ ਬੇਅਦਬੀ ਦੀ ਘਟਨਾ ਜਿਸ ਵਿੱਚ ਲੁਟੇਰਿਆਂ ਵੱਲੋਂ ਪ੍ਰਾਚੀਨ ਸ਼ਿਵਲਿੰਗ ਖੰਡਿਤ ਕਰ ਦਿੱਤਾ ਗਿਆ ਸੀ। ਉੱਤੇ ਸ਼ੋਕ ਮਤਾ ਪੇਸ਼ ਕੀਤਾ ਗਿਆ ਅਤੇ ਸਾਰੀ ਪ੍ਰਬੰਧਕ ਕਮੇਟੀ ਵੱਲੋਂ ਇਸ ਘਟਨਾ ਤੇ ਗਹਿਰੇ ਦੁੱਖ ਦਾ ਪ੍ਰਗਟਾਵਾ ਕਰਦਿਆਂ ਪੁਲਿਸ ਪ੍ਰਸ਼ਾਸਨ ਨੂੰ ਦੋਸ਼ੀਆਂ ਨੂੰ ਫੜਨ ਅਤੇ ਮਾਮਲੇ ਦੀ ਤਹਿ ਤੱਕ ਜਾਣ ਦੀ ਅਪੀਲ ਕੀਤੀ ਗਈ। ਇਸ ਮੌਕੇ ਕਮੇਟੀ ਪ੍ਰਧਾਨ ਪਵਨ ਅਰੋੜਾ ਅਤੇ ਮੁੱਖ ਸਕੱਤਰ ਰਣਜੀਤ ਸਿੰਘ ਵੱਲੋਂ ਸਥਾਨਕ ਹਿੰਦੂ ਭਾਈਚਾਰੇ ਦੀ ਸ਼ਲਾਘਾ ਕੀਤੀ। ਜਿਨ੍ਹਾਂ ਦੀ ਸੂਝ-ਬੂਝ ਨਾਲ ਸਮਾਜਿਕ ਮਾਹੌਲ ਸ਼ਾਂਤੀਪੂਰਨ ਰਿਹਾ।ਮੀਟਿੰਗ ਵਿੱਚ ਜਨਮ ਅਸ਼ਟਮੀ ਅਤੇ ਦੁਰਗਾ ਪੂਜਾ ਪ੍ਰੋਗਰਾਮਾਂ ਲਈ ਮੈਂਬਰਾਂ ਦੀ ਡਿਊਟੀਆਂ ਵੀ ਲਗਾਈਆਂ ਗਈਆਂ ਅਤੇ ਮੰਦਰ ਪ੍ਰਬੰਧਨ ਨੂੰ ਹੋਰ ਸੁਚਾਰੂ ਰੂਪ ਵਿੱਚ ਚਲਾਉਣ ਲਈ ਸੰਨੀ ਭਾਟੀਆ ਨੂੰ ਅਡੀਸ਼ਨਲ ਖਜ਼ਾਨਚੀ ਅਤੇ ਹਿਮਾਂਸ਼ੂ ਮਿੱਤਲ ਨੂੰ ਸਟੋਰ ਇੰਚਾਰਜ ਨਿਯੁਕਤ ਕੀਤਾ ਗਿਆ ।ਮੀਟਿੰਗ ਵਿੱਚ ਹੋਰਨਾਂ ਤੋਂ ਇਲਾਵਾ ਰਾਕੇਸ਼ ਟਕਿਆਰ, ਪ੍ਰਮੋਦ ਚੋਪੜਾ, ਪਵਨ ਬਤਰਾ, ਦਵਿੰਦਰ ਮਿੱਤਲ, ਬਲਰਾਮ ਤਿਵਾੜੀ, ਭੂਸ਼ਣ ਚਾਨਣਾ, ਸੰਜੀਵ ਕੁਮਾਰ ਅਤੇ ਦੀਨਾਨਾਥ ਪਾਠਕ ਵੀ ਮੌਜੂਦ ਸਨ।

# ਜਾਤੀਗਤ ਸਮਾਜ ਦੀਆਂ ਸੂਖ਼ਮਤਾਵਾਂ ਦਾ ਗਲਪਕਾਰ

## ਭਾਲ ਚੰਦਰ ਨੇਮਾਡੇ



ਮਨਮੋਹਨ
ਮੋਬਾਈਲ : 082839-48811

ਭਾਲ ਚੰਦਰ ਨੇਮਾਡੇ ਨੂੰ 'ਟੀਕਾ ਸਵਯੰਵਰ ਆਲੋਚਨਾ ਗ੍ਰੰਥ' ਲਈ 1991 'ਚ ਸਾਹਿਤ ਅਕਾਦਮੀ ਪੁਰਸਕਾਰ ਤੇ ਨਾਵਲ 'ਹਿੰਦੂ' ਅਤੇ ਸਮੁੱਚੇ ਸਾਹਿਤ 'ਚ ਯੋਗਦਾਨ ਬਦਲੇ ਗਿਆਨਪੀਠ ਪੁਰਸਕਾਰ ਦਿੱਤਾ ਗਿਆ। ਭਾਰਤ ਸਰਕਾਰ ਨੇ ਉਨ੍ਹਾਂ ਨੂੰ ਪਦਮਸ਼੍ਰੀ ਨਾਲ ਵੀ ਸਨਮਾਨਿਤ ਕੀਤਾ...

ਮਰਾਠੀ ਸਾਹਿਤ 'ਚ ਗਲਪ ਦੀ ਬੜੀ ਵੱਡੀ ਪਰੰਪਰਾ ਹੈ। ਖ਼ਾਸ ਕਰਕੇ ਸ਼ਿਵਾ ਜੀ ਸਾਵੰਤ, ਵਿਸ਼ਵਾਸ ਪਾਟਿਲ, ਨਾਮਦੇਵ ਢਸਾਲ, ਲਕਸ਼ਮਣ ਗਾਇਕਵਾੜ ਜਿਹੇ ਲੇਖਕਾਂ ਦੇ ਨਾਵਲਾਂ ਤੋਂ ਬਹੁਤ ਮੈਂ ਪ੍ਰਭਾਵਿਤ ਰਿਹਾ ਹਾਂ। ਮਹਾਭਾਰਤ ਦੇ ਪਾਤਰ ਕਰਨ ਦੇ ਜੀਵਨ 'ਤੇ ਆਧਾਰਿਤ ਸ਼ਿਵਾ ਜੀ ਸਾਵੰਤ ਦੇ ਨਾਵਲ 'ਮ੍ਰਿਤੁੰਜਯ' ਦਾ ਵੀ ਮੇਰੀਆਂ ਲਿਖਤਾਂ 'ਤੇ ਪ੍ਰਭਾਵ ਪਿਆ। ਆਪਣੇ ਕਾਲਜ ਦੇ ਦਿਨਾਂ 'ਚ ਮੈਂ ਭਾਲ ਚੰਦਰ ਨੇਮਾਡੇ ਦਾ ਐਨ ਬੀ ਟੀ ਵੱਲੋਂ ਛਾਪਿਆ ਨਾਵਲ 'ਕੋਸਲਾ' ਪੜ੍ਹਿਆ ਤੇ ਪਿਛਲੇ ਦਿਨੀਂ ਮੈਨੂੰ ਉਨ੍ਹਾਂ ਦੇ ਮਰਾਠੀ 'ਚ ਲਿਖੇ ਨਾਵਲ 'ਹਿੰਦੂ-ਜੀਨੇ ਕਾ ਸਮ੍ਰਿਧ ਕਬਾੜ' ਨੂੰ ਵੀ ਪੜ੍ਹਨ ਦਾ ਮੌਕਾ ਮਿਲਿਆ। ਇਸ ਦਾ ਹਿੰਦੀ 'ਚ ਅਨੁਵਾਦ ਡਾ. ਗੋਰਖ ਥੋਰਾਤ ਨੇ ਕੀਤਾ ਹੈ ਤੇ ਰਾਜ ਕਮਲ ਪ੍ਰਕਾਸ਼ਨ ਨੇ ਇਸ ਦਾ ਪਹਿਲਾ ਸੰਸਕਰਣ 2015 'ਚ ਛਾਪਿਆ। ਨੇਮਾਡੇ ਨੂੰ ਨਾਵਲ 'ਹਿੰਦੂ' 'ਤੇ ਭਾਰਤੀ ਸਾਹਿਤ ਦਾ ਗਿਆਨਪੀਠ ਪੁਰਸਕਾਰ ਵੀ ਮਿਲਿਆ।

'ਹਿੰਦੂ' ਭਾਰਤੀ ਸਮਾਜ ਦੀ ਜਾਤੀਗਤ-ਸੱਭਿਆਚਾਰਕ ਸੰਰਚਨਾ ਦੀਆਂ ਸੂਖ਼ਮਤਾਵਾਂ ਦਾ ਬਹੁਆਯਾਮੀ, ਬਹੁਪਰਤੀ ਤੇ ਬਹੁਧੁਨੀਆਂ ਵਾਲਾ ਵਿਖਿਆਨ ਹੈ। ਇਹ ਬਿਰਤਾਂਤ ਪੰਜ ਹਜ਼ਾਰ ਸਾਲ ਪਹਿਲਾਂ ਮੋਹਨਜੋਦੜੋ ਦੇ ਸਮਿਆਂ ਤੋਂ ਚੱਲ ਕੇ ਉਨੀਵੀਂ-ਵੀਹਵੀਂ ਸਦੀ ਦੇ ਵੇਲਿਆਂ ਤਕ ਪਸਰਿਆ ਹੋਇਆ ਹੈ। ਇਸ ਬਿਰਤਾਂਤ 'ਚ ਭਾਰਤੀ ਜੀਵਨ, ਪੇਂਡੂ/ ਅਰਧ-ਸ਼ਹਿਰੀ, ਸ਼ਹਿਰੀ ਜੀਵਨ ਦੇ ਅਨੇਕ ਰੰਗ-ਰੂਪਾਂ, ਦੰਦ-ਕਥਾਵਾਂ, ਮਿੱਥਾਂ, ਇਤਿਹਾਸਕ ਪੜਾਵਾਂ 'ਚ ਪੇਸ਼ ਹੋ ਕੇ ਨਾਵਲ ਦੇ ਕਥਾਨਕ ਨੂੰ ਭਾਰਤ ਦੀ ਆਧਾਰਭੂਤ ਮਿਸ਼ਰਤ ਚੇਤਨਾ ਦਾ ਵਿਸ਼ਾਲ, ਵਿਰਾਟ ਤੇ ਵਿਵਿਧ ਦਸਤਾਵੇਜ਼ ਬਣਾ ਦਿੰਦਾ ਹੈ।

'ਹਿੰਦੂ' ਦੇ ਬਿਰਤਾਂਤ ਦਾ ਆਰੰਭ ਕੇਂਦਰੀ ਪਾਤਰ ਖੰਡੇਰਾਓ ਦੇ ਸਵੈਲਾਪ ਨਾਲ ਹੁੰਦਾ ਹੈ, 'ਕੌਣ ਹੈ? ਮੈਂ, ਮੈਂ ਹਾਂ ਖੰਡੇਰਾਓ...। ਖ਼ਾਮੋਸ਼ੀ। ਫਿਰ ਮੈਂ ਪੁੱਛਦਾ ਹਾਂ, ਤੂੰ ਕੌਣ ਏਂ? ਮੈਂ, ਤੂੰ ਹੀ ਏਂ ਖੰਡੇਰਾਓ। ਥੋੜ੍ਹੀ ਬੇਚੈਨੀ ਨਾਲ ਮੈਂ ਫਿਰ ਪੁੱਛਦਾ ਹਾਂ, ਯਾਨੀ... ਮੈਂ ਤੈਨੂੰ ਹੀ ਪੁੱਛ ਰਿਹੈਂ ਕਿ ਮੈਂ ਕੌਣ ਹਾਂ? ਆਪਣੇ ਆਪ ਨੂੰ ਹੀ ਪੁੱਛਣ ਜਿਹਾ ਕਿ ਮੈਂ ਕੌਣ ਹਾਂ? ਫਿਰ ਉਹ ਕੌਣ ਹੈ? ਮੈਂ ਹੀ ਹਾਂ, ਹੁਣ ਠੀਕ ਹੈ। ਤਾਂ ਹੀ ਤਾਂ ਅਸੀਂ ਕੁਝ ਗੱਲਾਂ ਕਰ ਸਕਾਂਗੇ। ਖੰਡੇਰਾਓ, ਮੈਂ, ਤੂੰ, ਉਹ ਸਾਰੇ ਇਕ ਹੀ ਹਾਂ। ਇਸ 'ਤੇ ਖ਼ਾਮੋਸ਼ੀ, ਕਈ ਸਦੀਆਂ ਦੀ। ਨਿਸ਼ਬਦ...। ਅਤੇ ਖੰਡੇਰਾਓ ਬਸ ਕਹਾਣੀ ਹੀ ਸੁਣਾਉਂਦਾ ਜਾ ਯਾਰ। ਰਾਮ ਰਾਮ, ਇਹ ਤਾਂ ਬੜੀ ਮੁਸੀਬਤ ਆ ਪਈ ਮੇਰੇ ਵਰਗੇ ਬੰਦੇ ਉੱਪਰ। ਅੱਜ ਕੱਲ੍ਹ ਸਾਰਿਆਂ ਕੋਲ ਕਹਿਣ ਲਈ ਬਹੁਤ ਕੁਝ ਹੁੰਦੈ ਪਰ ਕਹਾਣੀ ਨਹੀਂ ਹੁੰਦੀ।

'ਹਿੰਦੂ' 'ਚ ਨੇਮਾਡੇ ਕੋਲ ਕਹਿਣ ਲਈ ਬੜੀ ਰੌਚਕ ਤੇ ਮਹੱਤਵਪੂਰਣ ਕਹਾਣੀ ਹੈ ਜੋ ਭਾਰਤ ਦੇ ਪੰਜ ਹਜ਼ਾਰ ਸਾਲ ਦੀਆਂ ਜਾਤੀਗਤ ਤੇ ਸਾਂਸਕ੍ਰਿਤਕ ਸੰਰਚਨਾਵਾਂ ਦੇ ਵਿਕਾਸ ਦੀ ਮੀਮਾਂਸਾ 'ਤੇ ਆਧਾਰਿਤ ਹੈ। ਇਸ ਬਿਰਤਾਂਤ 'ਚ 'ਹਿੰਦੂ' ਸ਼ਬਦ ਦੇ ਅਸੀਮ ਤੇ ਨਿਰਾਕਾਰ ਵਿਸਤਾਰ ਦੇ ਅੰਦਰ ਸਮਾਈਆਂ ਆਪੋ ਆਪਣੇ ਢੰਗ ਨਾਲ ਸਮਾਜਿਕ ਰੂੜ੍ਹੀਆਂ 'ਚ ਬਦਲਦੀਆਂ, ਉਖੜੀਆਂ-ਪੁਖੜੀਆਂ, ਜੰਮੀਆਂ, ਬਿਖਰਦੀਆਂ ਵਿਚਾਰਕ ਧੁਰੀਆਂ, ਸਮੂਹਿਕ ਆਦਤਾਂ, ਸਵਾਰਥਾਂ ਤੇ ਪਰਮਾਰਥਾਂ ਦੀ ਆਪਸ 'ਚ ਉਲਝੀਆਂ ਹੋਈਆਂ ਅਨੇਕ ਜ਼ੰਜ਼ੀਰਾਂ-ਰੱਸੀਆਂ, ਸਮਾਜਿਕ-ਪਰਿਵਾਰਕ ਰਿਸ਼ਤਿਆਂ ਦੀ ਪੁਖ਼ਤਗੀ ਅਤੇ ਖਿਣਭੰਗਰਤਾ, ਸ਼ੋਸ਼ਣ-ਪੋਸ਼ਣ ਦੀਆਂ ਇਕ ਦੂਸਰੇ 'ਤੇ ਚੜ੍ਹੀਆਂ ਅੰਮ੍ਰਿਤ ਤੇ ਜ਼ਹਿਰ ਦੀਆਂ ਬੇਲਾਂ, ਸਮਾਜ ਦਾ ਅਸੀਮਭੂਤ ਆਤਮਸ਼ਾਤੀ ਪਊੜੀ ਪ੍ਰਬੰਧ, ਸਾਹ ਲੈਂਦਾ ਤੇ ਦਮ ਤੋੜਦਾ ਲੋਕ ਤੇ ਇਨ੍ਹਾਂ ਸਾਰੇ ਉਭੜ-ਖਾਬੜ ਦ੍ਰਿਸ਼ਾਂ ਵਿੱਚੋਂ ਰਾਹ ਬਣਾਉਂਦਾ ਸਮਾਂ, ਮੌਤ ਤੇ ਇੱਛਾ ਦਾ ਵੇਗ ਤੇ ਤੇਜ਼ ਵਹਾਅ ਦੇ ਡੂੰਘੇ ਭੰਵਰਾਂ 'ਚ ਡੁੱਬਦੇ,ਉਭਰਦੇ ਜੀਵਨ ਅਤੇ ਆਪਣੇ ਹੀ ਜ਼ਖ਼ਮਾਂ ਨੂੰ ਚੱਟਦੇ ਅਗ੍ਰਸਰ ਕਾਲ ਦੇ ਵਿਸ਼ਾਲ ਅਰਥ ਪੇਸ਼ ਹੁੰਦੇ ਹਨ।

'ਹਿੰਦੂ' ਦਾ ਬਿਰਤਾਂਤ ਦੇਸੀ-ਬਦੇਸ਼ੀ ਗੌਰਵ ਦਾ ਮਹਾਂਕਾਵਿ ਹੈ, ਜਿਸ 'ਚ ਭਾਰਤ ਦੇ ਜਾਤੀ 'ਸਵੈ' ਦੀ ਬਹੁਸਤੱਰੀ, ਬਹੁਮੁੱਖੀ ਤੇ ਬਹੁਵਰਣੀ ਖ਼ੁਦਾਈ ਰਾਹੀਂ ਕੀਤੀ ਖੋਜ ਪ੍ਰਸਤੁਤ ਹੋਈ ਹੈ। ਇਹ ਨਾ ਅਸਿਮਤਾ ਦੇ ਕਿਸੇ ਜੜ੍ਹ ਆਤਮ ਮੁਗਧ ਵਿਖਿਆਨ ਦਾ ਪਾਲਣ ਪੋਸ਼ਣ ਕਰਦਾ ਹੈ ਨਾ 'ਆਪਣਿਆਂ' ਦੇ ਨਾਂ 'ਤੇ ਸੰਸਕ੍ਰਿਤੀ ਤੇ ਸੱਭਿਆਚਾਰ ਦੀਆਂ ਰਗ਼ਾਂ 'ਚ ਰੀਂਘ ਦੀਆਂ ਸਿਉਂਕਾਂ ਦੇ ਪ੍ਰਤੱਖਣ ਤੇ ਪ੍ਰਗਟਾਵੇ ਦਾ ਤੁਸ਼ਟੀਕਰਣ ਹੈ ਜਿਨ੍ਹਾਂ ਨੇ 'ਭਾਰਤ ਵਰਸ਼' ਨੂੰ ਅੰਦਰੋਂ-ਅੰਦਰ ਖੋਖਲਾ ਕੀਤਾ ਹੈ। ਇਹ ਬਿਰਤਾਂਤ ਉਸ ਵਿਸਤ੍ਰਿਤ ਤੇ ਵਿਰਾਟ ਇਕਾਈ ਨੂੰ ਸਮੁੱਚਤਾ ਤੇ ਸਮੱਗਰਤਾ ਨਾਲ ਦੇਖਦੇ ਹੋਏ ਅੱਗੇ ਵਧਦਾ ਹੈ ਜਿਸ ਨੂੰ ਅਸਲ 'ਚ ਭਾਰਤੀ ਸੰਸਕ੍ਰਿਤੀ ਤੇ ਸੱਭਿਅਤਾ ਦਾ ਯਥਾਰਥ ਕਹਿੰਦੇ ਹਨ।

'ਹਿੰਦੂ' ਦਾ ਸਮੁੱਚਾ ਬਿਰਤਾਂਤ ਸਾਡਾ ਕਿਸੇ ਦਾ ਵੀ ਆਪਣੇ ਆਪ ਨਾਲ ਕੀਤਾ ਸੰਵਾਦ-ਸਵੈਲਾਪ ਹੋ ਸਕਦਾ ਹੈ। ਆਪਣੇ ਆਪ ਨਾਲ ਤੇ ਆਪਣੇ ਅੰਦਰ ਵੱਸੇ ਯਥਾਰਥ ਤੇ ਨਵੇਂ ਯਥਾਰਥ ਵਿਚਾਲਿਓਂ ਰਾਹ ਲੱਭਦੇ ਹੋਏ ਰਸਤਿਆਂ 'ਚੋਂ ਪੈਦਾ ਹੋਇਆ ਆਲਾਪ, ਜਿਸ ਦਾ ਸੁਰ ਪੰਚਮ ਦਾ ਹੈ। ਇਸ ਨਾਵਲ 'ਚ ਅਨੇਕ ਪਾਤਰ ਹਨ ਜਿਵੇਂ ਖੰਡੇਰਾਓ, ਅਲੀ, ਮਾਂ ਤੇ ਹੋਰ। ਪਰ ਨਾਵਲ ਦੇ ਕੇਂਦਰ 'ਚ ਖੰਡੇਰਾਓ ਹੀ ਹੈ। ਉਸ ਦੇ ਗਿਰਦ ਹੀ ਸਾਰਾ ਬਿਰਤਾਂਤ ਪਸਰਦਾ ਹੈ। ਇਹ ਬਿਰਤਾਂਤ ਲਕੀਰੀ ਨਹੀਂ ਸਗੋਂ ਬਹੁਪਰਤੀ, ਬਹੁਧੁਨੀਆਂ ਵਾਲਾ ਤੇ ਬਹੁਪਾਸਾਰੀ ਹੈ। ਕਥਾ 'ਚ ਸਮਾਂ ਕਈ ਵਾਰ ਅੱਗੇ ਵਧਦਾ ਹੈ, ਪਿੱਛੇ ਪਰਤਦਾ ਹੈ ਅਤੇ ਫਿਰ ਅੱਗੇ ਵੱਧਦਾ ਹੈ।



'ਹਿੰਦੂ' 'ਚ ਖੰਡੇਰਾਓ ਇਕ ਪਾਤਰ ਹੀ ਨਹੀਂ ਬਲਕਿ ਸਾਰੇ ਦਾ ਸਾਰਾ ਸਮਾਜ ਹੈ। ਇਹ ਪਾਤਰ ਸਮਾਜ ਦੀਆਂ ਗੁੰਝਲਾਂ ਦਾ ਬਿੰਬ ਹੈ। ਇਸ ਬਿਰਤਾਂਤ 'ਚ ਸਮਾਜ ਹੀ ਆਪਣੀ ਸਮੱਗਰਤਾ ਨਾਲ ਇਕ ਪਾਤਰ ਵਾਂਗ ਵਿਵਹਾਰ ਕਰਦਾ ਹੈ। ਸੰਵਾਦ ਵੀ ਪੂਰਾ ਸਮਾਜ ਕਰਦਾ ਪ੍ਰਤੀਤ ਹੁੰਦਾ ਹੈ, ਪਾਤਰ ਨਹੀਂ। ਖੁਰਦੇ ਤੇ ਖੀਣ ਹੁੰਦੇ ਪਰ ਫਿਰ ਵੀ ਅਡਿੱਗ ਸਮਾਜ ਦੇ ਅੰਦਰ ਗੂੰਜਦੀ ਤੇ 'ਸਾਨੂੰ ਵੀ ਕਿਤੇ ਸੁਣ ਲਵੋ' ਦੀ ਬੇਨਤੀ-ਪ੍ਰਾਰਥਨਾ ਕਰਦੀ ਜਿਊਣ ਦੀ ਜ਼ਿੱਦ ਦੀ ਅਣਸੁਣੀ ਚੀਖ਼-ਪੁਕਾਰ ਇਨ੍ਹਾਂ ਸੰਵਾਦਾਂ ਦੇ ਆਰ ਪਾਰ ਫੈਲੀ ਹੋਈ ਹੈ। ਖੇਤੀ ਸੱਭਿਆਚਾਰ, ਪੇਂਡੂ ਵਿਵਸਥਾ, ਵਪਾਰ ਅਤੇ ਰਾਜ-ਸੱਤਾ ਦੀ ਗਲੇ ਤਕ ਫਸੀਆਂ ਤੇ ਸਿਰ ਤੋਂ ਪੈਰ ਤਕ ਭ੍ਰਿਸ਼ਟਾਚਾਰ ਨਾਲ ਲਿਬੜੀਆਂ ਸੰਰਚਨਾਵਾਂ, ਇਨ੍ਹਾਂ ਸਭ ਨੂੰ ਦੇਖਦੀ-ਪਰਖ ਦੀ ਤੇ ਪੇਸ਼ ਕਰਦੀ 'ਹਿੰਦੂ-ਜੀਨੇ ਕਾ ਸਮ੍ਰਿਧ ਕਬਾੜ' ਦੀ ਕਥਾ ਬੜੇ ਪ੍ਰਭਾਵਸ਼ਾਲੀ ਢੰਗ ਨਾਲ ਪੇਸ਼ ਹੁੰਦੀ ਹੈ। ਇਸ ਤਰ੍ਹਾਂ 'ਹਿੰਦੂ' ਨਾਵਲ ਦਾ ਪਾਠ, ਪਾਠਕ ਨੂੰ ਆਪਣੀਆਂ ਆਂਦਰਾਂ 'ਚੋਂ ਖਿੱਚ ਕੇ ਸਮੋਅ ਲੈਣ ਖਮਤਾ ਦਾ ਪਾਠ ਹੈ।

'ਹਿੰਦੂ' ਦਾ ਬਿਰਤਾਂਤ ਭਾਵੇਂ ਖੰਡੇਰਾਓ ਦੇ ਸਵੈਲਾਪੀ ਸੰਵਾਦ ਨਾਲ ਸ਼ੁਰੂ ਹੁੰਦਾ ਹੈ ਪਰ ਇਸ ਦਾ ਅੰਤ ਮਰਾਠੀ ਸੱਭਿਆਚਾਰ 'ਚ ਪ੍ਰਚਲਿਤ ਦੇਵਤਾ ਦੇ ਸਾਹਮਣੇ ਆਪਣੀਆਂ ਸ਼ਿਕਾਇਤਾਂ ਨੂੰ ਸੁਣਾਉਣ ਦੀ ਸਮੂਹ ਗੀਤ ਦੀ ਰੀਤ 'ਗਾਹਰਾਣੇ' ਨਾਲ ਹੁੰਦਾ ਹੈ,

*'ਏਸ ਘਰ ਦੀ ਬੇਲ ਮੰਡੂਏ 'ਤੇ ਚਢੂਨੇ*
*ਦੋ ਭਗਵਾਨ..*
*ਬੜੀ ਮਾਈ ਦੇ ਪੂਤ ਕੋ ਹਲਦੀ ਲਗਾਨੇ*
*ਦੋ ਭਗਵਾਨ..*
*ਬੂਆ ਮਾਈ ਕੇ ਭਜੇ ਕੋ ਹਲਦੀ ਲਗਾਨੇ*
*ਦੋ ਭਗਾਨ..*
*ਬੜੀ ਮਾਈ ਕੇ ਪੂਤ ਕੇ ਘਰ ਕੰਗਨ*
*ਬਜਨੇ ਦੋ ਭਗਵਾਨ..*
*ਬੜੀ ਮਾਈ ਕੇ ਪੂਤ ਕੀ ਦੇਹਰੀ ਮੇਂ ਬਾਲ*
*ਗੋਪਾਲ ਰੇਂਗਨੇ ਦੋ ਭਗਵਾਨ..*

'ਹਿੰਦੂ' ਦੇ ਇਸ ਤਰ੍ਹਾਂ ਦੇ ਅੰਤ ਦਾ ਭਾਵ ਹੈ ਕਿ ਅੰਤ ਏਕਾਲਾਪੀ ਸੰਵਾਦ ਦੀ ਮੁਕਤੀ ਸਮੂਹ ਗੀਤ ਰਾਹੀਂ ਹੀ ਹੋਣੀ ਹੈ , ਭਾਵ ਬੰਦੇ ਦੀ ਕੱਲੀ ਹੋਣੀ ਨੇ ਸਮੂਹ 'ਚ ਸੰਘਰਸ਼ਸ਼ੀਲ ਹੋ ਕੇ ਹੀ ਪਰਿਵਰਤਨ ਦਾ ਕਾਰਣ ਬਣਨਾ ਹੈ।

'ਹਿੰਦੂ-ਜੀਨੇ ਕਾ ਸਮ੍ਰਿਧ ਕਬਾੜ' ਜਿਹੇ ਕਥ 'ਚ ਹੀ ਨਹੀਂ ਬਲਕਿ ਆਕਾਰ ਤੇ ਸਰੋਕਾਰ 'ਚ ਵੀ ਵਿਸ਼ਾਲ ਤੇ ਵੱਡ ਆਕਾਰੀ ਨਾਵਲ ਦੇ ਲੇਖਕ ਭਾਲ ਚੰਦਰ ਮਹਾਰਾਸ਼ਟਰ ਦੇ ਜ਼ਿਲ੍ਹੇ ਜਲਗਾਂਵ ਦੇ ਪਿੰਡ ਸਾਂਗਵੀ ਵਿਖੇ 27 ਮਈ 1938 'ਚ ਜੰਮਿਆ। ਪੂਨੇ ਤੇ ਮੁੰਬਈ ਯੂਨੀਵਰਸਿਟੀਆਂ 'ਚੋਂ ਪੜ੍ਹਾਈ ਕਰ ਕੇ ਔਰੰਗਾਬਾਦ ਯੂਨੀਵਰਸਿਟੀ 'ਚੋਂ ਪੀਐਚਡੀ ਕਰ ਕੇ ਔਰੰਗਾਬਾਦ, ਲੰਡਨ, ਗੋਆ ਤੇ ਮੁੰਬਈ ਦੀਆਂ ਯੂਨੀਵਰਸਿਟੀਆਂ 'ਚ ਅਧਿਆਪਨ ਕੀਤਾ। ਨੇਮਾਡੇ ਮੁੰਬਈ ਯੂਨੀਵਰਸਿਟੀ 'ਚ ਤੁਲਨਾਤਮਕ ਸਾਹਿਤ ਅਧਿਐਨ ਦੀ ਗੁਰੂਦੇਵ ਰਵਿੰਦਰ ਨਾਥ ਟੈਗੋਰ ਚੇਅਰ ਦੇ ਮੁੱਖੀ ਰਹੇ ਤੇ 1998 ਉੱਥੋਂ ਹੀ ਸੇਵਾਮੁਕਤ ਹੋਏ। ਭਾਲ ਚੰਦਰ ਨੇਮਾਡੇ ਦੇ ਮਰਾਠੀ ਸਾਹਿਤ ਜਗਤ 'ਚ ਸਿਰਜਣਾਤਮਕ ਯੋਗਦਾਨ ਵੱਜੋਂ ਨਾਵਲ 'ਕੋਸਲਾ', 'ਬਿੜਾਰ', 'ਹੂਲ', 'ਜਰੀਲਾ' ਤੇ 'ਝੂਲ' ਤੇ ਕਵਿਤਾ ਸੰਗ੍ਰਹਿ 'ਮੇਲਡੀ' ਤੇ 'ਦੇਖਣੀ' ਹਨ। ਉਨ੍ਹਾਂ ਨੇ ਆਲੋਚਨਾ ਤੇ ਖੋਜ 'ਚ ਵੀ ਮਹੱਤਵਪੂਰਣ ਯੋਗਦਾਨ ਦਿੱਤਾ। ਉਨ੍ਹਾਂ ਦੀਆਂ ਆਲੋਚਨਾ ਦੀਆਂ ਪੁਸਤਕਾਂ 'ਸਾਹਿਤਯਾਚੀ ਭਾਸ਼ਾ', 'ਟੀਕਾ ਸੰਵਯਵਰ', ਸਾਹਿਤ ਸੰਸਕ੍ਰਿਤੀ ਤੇ ਜਾਗ੍ਰਿਤੀਕਰਣ' ਹਨ। ਉਨ੍ਹਾਂ ਦੀ ਪੁਸਤਕ 'ਤੁਕਾਰਾਮ' ਨੂੰ ਭਾਰਤੀ ਸਾਹਿਤ ਅਕਾਦਮੀ ਨੇ ਪ੍ਰਕਾਸ਼ਿਤ ਕੀਤਾ। ਅੰਗਰੇਜ਼ੀ 'ਚ ਉਨ੍ਹਾਂ ਦੀਆਂ ਕਿਤਾਬਾਂ 'ਦਾ ਇਨਫਲੂਐਂਸ ਆਨ ਮਰਾਠੀ : ਇੰਡੋ ਐਂਗਲੀਅਨ ਰਾਈਟਿੰਗਜ਼', 'ਫਰਾਂਜ਼ ਕਾਫਕਾ : ਏ ਕੰਟਰੀ ਡਾਕਟਰ', ਤੇ 'ਨੇਟਿਵਇਜ਼ਮ : ਦੇਸੀਵਾਦ'।

ਨੇਮਾਡੇ ਨੂੰ 'ਟੀਕਾ ਸਵਯੰਵਰ ਆਲੋਚਨਾ ਗ੍ਰੰਥ' ਲਈ 1991 'ਚ ਸਾਹਿਤ ਅਕਾਦਮੀ ਪੁਰਸਕਾਰ ਤੇ ਨਾਵਲ 'ਹਿੰਦੂ' ਤੇ ਸਮੁੱਚੇ ਸਾਹਿਤ ਯੋਗਦਾਨ ਬਦਲੇ ਗਿਆਨਪੀਠ ਪੁਰਸਕਾਰ ਦਿੱਤਾ ਗਿਆ। ਭਾਰਤ ਸਰਕਾਰ ਨੇ ਉਨ੍ਹਾਂ ਨੂੰ ਪਦਮਸ਼੍ਰੀ ਸਨਮਾਨ ਨਾਲ ਵੀ ਸਨਮਾਨਿਤ ਕੀਤਾ। ਇਸ ਨਾਵਲ ਦਾ ਹਿੰਦੀ 'ਚ ਅਨੁਵਾਦ ਡਾ. ਗੋਰਖ ਥੋਰਾਤ ਨੇ ਨੇਮਾਡੇ ਦੇ ਨਾਵਲ 'ਝੂਲ' ਤੇ ਕਵਿਤਾ ਸੰਗ੍ਰਹਿ 'ਦੇਖਣੀ' ਦਾ ਵੀ ਅਨੁਵਾਦ ਕੀਤਾ ਹੈ। ਪੰਜਾਬੀ ਦੇ ਪਾਠਕਾਂ ਨੂੰ ਭਾਰਤੀ ਸਮਾਜ ਦੀਆਂ ਜਾਤੀਗਤ ਸੂਖ਼ਮਤਾਵਾਂ ਤੇ ਗੁੰਝਲਾਂ ਨੂੰ ਸਮਝਣ ਲਈ ਭਾਲ ਚੰਦਰ ਨੇਮਾਡੇ ਦਾ 'ਹਿੰਦੂ-ਜੀਨੇ ਕਾ ਸਮ੍ਰਿਧ ਕਬਾੜ' ਜ਼ਰੂਰ ਪੜ੍ਹਨਾ ਚਾਹੀਦਾ ਹੈ। •

# ਉਹ ਸਰਘੀ ਵਰਗੇ ਦਿਨ





ਅਰਤਿੰਦਰ ਸੰਧੂ
ਮੋਬਾਈਲ : 98153-02081

ਸਾਡੇ ਸਮੇਂ ਪੜ੍ਹਾਈ ਦਾ ਕੋਈ ਵੀ ਬੋਝ, ਨਾ ਘਰ ਅਤੇ ਨਾ ਹੀ ਸਕੂਲ ਵਾਲਿਆ ਵੱਲੋਂ ਹੀ ਪਾਇਆ ਜਾਂਦਾ ਸੀ। ਗਰਮੀਆਂ ਦੀਆਂ ਛੁੱਟੀਆਂ 'ਚ ਸਕੂਲ ਦਾ ਕੰਮ ਮਿਲਦਾ ਕਿ ਮਿੱਟੀ ਦੀਆਂ ਸੌ ਗੋਲੀਆ ਬਣਾ ਕੇ ਲਿਆਉਣੀਆਂ ਹਨ...

ਮੈਨੂੰ ਤਰਨ ਤਾਰਨ ਦੇ ਜੰਡਿਆਲਾ ਰੋਡ 'ਤੇ ਸਥਿਤ ਹਾਈ ਸਕੂਲ ਵਿਚ, ਉੱਨੀ ਸੌ ਇਕਵੰਜਾ ਜਾਂ ਬਵੰਜਾ ਵਿਚ ਦਾਖਲ ਕਰਵਾਇਆ ਗਿਆ ਸੀ। ਇਹ ਉਹ ਸਮਾਂ ਸੀ, ਜਦ ਦੇਸ਼ ਨੂੰ ਅਜ਼ਾਦੀ ਮਿਲਣ ਪਿੱਛੋਂ ਤੇ ਪੰਜਾਬ ਵਿਚ ਵੰਡ ਦੀ ਤਬਾਹੀ ਸਹਿਣ ਉਪਰੰਤ ਕੁਝ ਲੋਕਾਂ ਦਾ ਤਾਂ ਟਿਕ-ਟਿਕਾ ਹੋ ਚੁੱਕਾ ਸੀ ਤੇ ਕੁਝ ਦਾ ਹਾਲੇ ਹੋ ਰਿਹਾ ਸੀ। ਲੋਕਾਂ ਵਿਚ ਸਮਰਪਣ ਭਰਿਆ ਉਤਸ਼ਾਹ ਸੀ, ਉਦੋਂ। ਮੈਨੂੰ ਆਪਣੇ ਸਕੂਲ ਦਾਖਲੇ ਦੇ ਵਕਤ, ਸਕੂਲ ਦੀ ਖ਼ੂਬਸੂਰਤ ਮੁੱਖ ਅਧਿਆਪਕਾ ਰਾਜ ਬੇਦੀ ਦਾ ਚਿਹਰਾ ਅਜੇ ਵੀ ਯਾਦ ਹੈ। ਫਿਰ ਕੁਝ ਹੀ ਦਿਨਾਂ ਪਿੱਛੋਂ ਮਿਸ ਰਾਜਬੰਸ ਕੌਰ ਨੂੰ ਮੁੱਖ-ਅਧਿਆਪਕਾ ਬਣਾ ਦਿੱਤਾ ਗਿਆ। ਰਾਜ ਬੇਦੀ ਨੂੰ ਨੌਕਰੀ ਤੋਂ ਜਵਾਬ ਮਿਲਣ ਪਿੱਛੋਂ ਉਹ ਤੇ ਉਸ ਦੀ ਮਾਂ ਤਾਰਾ ਬੇਦੀ ਦੋਵੇਂ ਜਲੰਧਰ ਰੇਡੀਓ ਸਟੇਸ਼ਨ 'ਤੇ ਕੰਮ ਕਰਨ ਲੱਗ ਪਈਆਂ ਸਨ। ਘਰ ਵਿਚ ਇਸ ਬਾਰੇ ਗੱਲਾਂ ਵੀ ਹੁੰਦੀਆਂ ਰਹਿੰਦੀਆਂ।

ਰਾਜ ਬੇਦੀ ਅਤੇ ਰਾਜਬੰਸ, ਦੋਵਾਂ ਦੇ ਹੀ ਪਰਿਵਾਰ ਪਾਕਿਸਤਾਨ ਤੋਂ ਆਏ ਸਨ। ਮਿਸ ਰਾਜਬੰਸ ਲੰਬਾ ਸਮਾਂ ਮੁੱਖ-ਅਧਿਆਪਕਾ ਰਹੇ ਫਿਰ ਪ੍ਰਿੰਸੀਪਲ ਬਣੇ ਅਤੇ ਅਖੀਰ ਸਕੂਲਾਂ ਦੇ ਉਪ-ਨਿਰਦੇਸ਼ਕ ਦੇ ਤੌਰ ਤੇ ਸੇਵਾ ਮੁਕਤ ਹੋਏ। ਉਦੋਂ ਇਕ ਤਰ੍ਹਾਂ ਨਾਲ ਹਰ ਚੀਜ਼ ਦੀ ਨਵੇਂ ਤੌਰ ਤੇ ਉਸਾਰੀ ਹੋ ਰਹੀ ਸੀ। ਸਕੂਲ ਵਿਚ ਬਹੁਤੀਆਂ ਅਧਿਆਪਕਾਵਾਂ ਵਿਧਵਾ ਜਾਂ ਕੁਆਰੀਆਂ ਸਨ ਤੇ ਇਹੋ ਗੱਲ ਸਾਰੇ ਸ਼ਹਿਰ ਵਿਚ ਮਸ਼ਹੂਰ ਵੀ ਸੀ। ਉਦੋਂ ਮਿਡਲ ਪਾਸ ਔਰਤਾਂ ਵੀ ਸਕੂਲ ਦੀਆਂ ਅਧਿਆਪਕਾਵਾਂ ਲਾਈਆਂ ਗਈਆਂ ਸਨ। ਉਹ ਬਹੁਤ ਮਿਹਨਤੀ ਤੇ ਆਪਣੇ ਕੰਮ ਨੂੰ ਜੀ ਜਾਨ ਨਾਲ ਨਿਭਾਉਂਦੀਆਂ ਸਨ। ਸਕੂਲ ਵਿਚ ਸਵੇਰ ਵੇਲੇ ਪ੍ਰਾਰਥਨਾਂ ਵਿਚ ਆਮ ਤੌਰ ਤੇ ਦੋ ਗੀਤ ਵਾਰੀ ਵਾਰੀ ਗਾਏ ਜਾਂਦੇ, ਇਕ ਤਾਂ, "ਸਾਰੇ ਜਹਾਂ ਸੇ ਅੱਛਾ, ਹਿੰਦੋਸਤਾਂ ਹਮਾਰਾ" ਤੇ ਦੂਜਾ, "ਸੁਭ ਸੁਖ ਚੈਨ ਕੀ ਬਰਖਾ ਬਰਸੇ, ਭਾਰਤ ਭਾਗਯ ਹਮਾਰਾ"। ਇਕ ਦਿਨ ਸਾਡੀ ਜਮਾਤ ਤੇ ਹੋਰ ਜਮਾਤ ਦੀਆਂ ਵਿਦਿਆਰਥਣਾਂ ਨੂੰ ਦਫ਼ਤਰ ਵੱਲ ਬੁਲਾਇਆ ਗਿਆ। ਉੱਥੇ ਦਫ਼ਤਰ ਦੇ ਬਾਹਰ ਇਕ ਮੇਜ਼ ਤੇ ਰੇਡੀਓ ਰੱਖਿਆ ਹੋਇਆ ਸੀ ਤੇ ਬਾਰਾਂ ਵੱਜਣ ਦੀ ਉਡੀਕ ਹੋ ਰਹੀ ਸੀ, ਜਦ ਕਿ ਦੇਸ਼ ਦਾ ਨਵਾਂ ਰਾਸ਼ਟਰੀ ਗਾਣ ਰੇਡੀਓ ਤੋਂ ਪ੍ਰਸਾਰਤ ਹੋਣਾ ਸੀ। ਬਾਰਾਂ ਵਜੇ ਸ਼ੁਰੂ ਹੋਇਆ' ਜਨ ਗਨ ਮਨ..' ਕੁਝ ਕੁੜੀਆਂ ਗਾ ਰਹੀਆਂ ਸਨ ਤੇ ਇਕ ਮਰਦਾਵੀਂ ਅਵਾਜ਼, ਬਾਰ ਬਾਰ ਜਿੱਥੇ ਉਹ ਗਲਤੀ ਕਰਦੀਆਂ, ਉਨ੍ਹਾਂ ਨੂੰ ਟੋਕ ਕੇ ਸਹੀ ਤਰ੍ਹਾਂ ਗਾਣਾ ਸਿਖਾ ਰਹੀ ਸੀ। ਇਸ ਤਰ੍ਹਾਂ ਕਈ ਵਾਰ ਹੋਇਆ ਤੇ ਪ੍ਰੋਗਰਾਮ ਖਤਮ ਹੋਣ ਪਿੱਛੋਂ, ਮੁੱਖ-ਅਧਿਆਪਕਾ ਨੇ ਬੱਚਿਆਂ ਨੂੰ ਸਮਝਾਇਆ ਕਿ ਦੇਖੋ, ਕਿਸ ਤਰ੍ਹਾਂ ਗਲਤੀਆਂ ਨੂੰ ਠੀਕ ਕਰਵਾਇਆ ਜਾ ਰਿਹਾ ਹੈ। ਸਾਨੂੰ ਕੁਝ ਸਾਲਾਂ ਬਾਅਦ ਹੀ ਇਨ੍ਹਾਂ ਗੱਲਾਂ ਦੀ ਸਮਝ ਆ ਸਕੀ ਸੀ। ਇਸੇ ਤਰ੍ਹਾਂ ਹਰ ਰੋਜ਼ ਵੱਖ ਵੱਖ ਜਮਾਤਾਂ ਨੂੰ ਬੁਲਾ ਕੇ ਰੇਡੀਓ 'ਤੇ ਰਾਸ਼ਟਰੀ ਗੀਤ ਨੂੰ ਸਿਖਾਉਣ ਦੀ ਕਵਾਇਦ ਚਲਦੀ ਸੀ।

ਉਦੋਂ ਪੜ੍ਹਾਈ ਦਾ ਕੋਈ ਵੀ, ਕਿਸੇ ਤਰ੍ਹਾਂ ਦਾ ਵੀ ਬੋਝ, ਨਾ ਘਰ ਤੇ ਨਾ ਸਕੂਲ ਵਾਲਿਆ ਵੱਲੋਂ ਹੀ ਪਾਇਆ ਜਾਂਦਾ ਸੀ। ਗਰਮੀਆਂ ਦੀਆਂ ਛੁੱਟੀਆਂ ਵਿਚ ਸਕੂਲ ਦਾ ਕੰਮ ਮਿਲਦਾ ਕਿ, ਮਿੱਟੀ ਦੀਆਂ ਸੌ ਗੋਲੀਆ ਬਣਾ ਕੇ ਲਿਆਉਣੀਆਂ, ਤਾਂ ਕਿ ਬੱਚੇ ਖੇਡਦੇ ਖੇਡਦੇ ਗਿਣਤੀ ਸਿੱਖਣ। ਕਦੇ ਮਿੱਟੀ ਦਾ ਖਰਬੂਜਾ ਬਣਾ ਕੇ ਉਸ ਤੇ ਅਸਲੀ ਖਰਬੂਜੇ ਵਾਂਗ ਰੰਗ ਲਾ ਕੇ ਲਿਆਉਣਾ। ਇਕ ਵਾਰ, ਮੈਂ ਮਿੱਟੀ ਦੀਆਂ ਗੋਲੀਆਂ ਸ਼ਬਦ ਵੱਲ ਤੇ ਧਿਆਨ ਨਾ ਦਿੱਤਾ ਤੇ ਘਰ ਜਾ ਕੇ ਕਹਿ ਦਿੱਤਾ, 'ਮਿੱਟੀ ਦੇ ਸੌ ਦੇ ਸਾਰੇ ਹਿੰਦਸੇ ਬਣਾ ਕੇ ਖੜਨੇ ਹਨ। ਮੇਰੀ ਨਾਨੀ ਨੇ ਮੈਨੂੰ ਤਾਂ ਮਿੱਟੀ ਨੂੰ ਹੱਥ ਨਾ ਲਾਉਣ ਦਿੱਤਾ ਤੇ ਆਪ ਦੋ ਦਿਨ, ਛੱਤ ਤੇ ਧੁੱਪੇ ਬੈਠ ਕੇ, ਮਿੱਟੀ ਗੋ ਕੇ, ਇਕ ਤੋਂ ਲੈ ਕੇ ਸਾਰੇ ਹਿੰਦਸੇ ਬਣਾਏ, ਸੁਕਾਏ ਤੇ ਸਕੂਲ ਜਾਣ ਵਾਲੇ ਦਿਨ ਇਕ ਕੱਪੜੇ ਵਿਚ ਬੰਨ ਕੇ ਮੈਨੂੰ ਫੜਾ ਦਿੱਤੇ।

ਪਹਿਲੀ ਦੀ ਸਾਡੀ ਇਕ ਅਧਿਆਪਕਾ ਸੀ, ਹਰਨਾਮ ਕੌਰ। ਉਹ ਕੁੜੀਆਂ ਨੂੰ ਕੁਝ ਵੀ ਸਿਖਾਉਣ ਵਾਸਤੇ ਨਵਾਂ ਢੰਗ ਸੋਚ ਕੇ ਆਉਂਦੀ। ਰੰਗਾਂ ਦੀ ਪਹਿਚਾਣ ਕਰਵਾਉਣ ਵਾਸਤੇ ਉਹ ਨਿੱਕਾ ਜਿਹਾ ਨਾਟਕ ਕਰਵਾਉਂਦੀ। ਕੁਝ ਕੁੜੀਆਂ ਚੁੰਨੀਆਂ ਲੈ ਕੇ ਆਉਂਦੀਆਂ ਸਨ। ਉਹ ਵੱਖ ਵੱਖ ਰੰਗਾਂ ਦੀਆਂ ਚੁੰਨੀਆਂ ਉਨ੍ਹਾਂ ਕੋਲੋਂ ਇਕੱਠੀਆਂ ਕਰਦੀ ਤੇ ਇਕ ਕੁੜੀ ਨੂੰ ਚੁੰਨੀਆਂ ਵੇਚਣ ਵਾਲਾ ਭਾਈ ਬਣਾ ਦੇਂਦੀ। ਫਿਰ ਉਸ ਦੇ ਸਿਖਾਏ ਅਨੁਸਾਰ, ਚੁੰਨੀਆਂ ਵੇਚਣ ਵਾਲਾ ਦੁਕਾਨਦਾਰ ਬਣੀ ਕੁੜੀ, ਇਕ ਕਤਾਰ ਕੋਲ ਫਿਰਦੀ ਤੇ ਗਾਉਂਦੀ,

ਆਨੇ ਆਨੇ ਚੁੰਨੀਆਂ, ਤੇ ਲੈ ਲਓ ਸਿਰ ਮੁੰਨੀਆਂ...

ਕੋਈ ਕੁੜੀ ਅਵਾਜ਼ ਦੇਂਦੀ, "ਭਾਈ ਚੁੰਨੀ ਦੇ ਜਾ" ਭਾਈ ਬਣੀ ਕੁੜੀ, ਇਕ ਇਕ ਚੁੰਨੀ ਫੜਦੀ, ਤੇ ਪੁੱਛਦੀ" ਤੂੰ ਆਹ ਲਾਲ ਚੁੰਨੀ ਲੈਣੀ ਆ ਕਿ, ਆਹ ਨੀਲੀ, ਆਹ ਪੀਲੀ ਕਿ ਆਹ ਹਰੀ"? ਜਦੋਂ ਕੁੜੀ ਕੋਈ ਇਕ ਰੰਗ ਦੱਸਦੀ ਤਾਂ ਚੁੰਨੀਆਂ ਵੇਚਣ ਵਾਲਾ ਬਣੀ ਕੁੜੀ ਕਹਿੰਦੀ, "ਮੈਂ ਤਾਂ ਕਿਹਾ, ਚੁੰਨੀਆਂ, ਲੈ ਲਓ ਸਿਰਮੁੰਨੀਆਂ ਤੇ ਤੇਰਾ ਤਾਂ ਸਿਰ ਹੀ ਨਹੀਂ ਮੁੰਨਿਆ, ਮੈਂ ਨਹੀਂ ਤੈਨੂੰ ਚੁੰਨੀ ਵੇਚਣੀ"। ਤੇ ਫਿਰ ਉਹ ਦੂਸਰੀ ਕਤਾਰ ਵਿਚ ਵੀ ਇਹੋ ਡਰਾਮਾ ਦੁਹਰਾਉਂਦੀ। ਬੱਚਿਆਂ ਨੂੰ ਹੱਸਦਿਆਂ ਹੱਸਦਿਆਂ ਰੰਗ ਯਾਦ ਹੋ ਜਾਂਦੇ। ਕਿੰਨੇ ਅਸਾਨ ਤੇ ਬਿਨਾਂ ਕਿਸੇ ਖਰਚੇ ਦੇ, ਕਿੰਨੇ ਸਧਾਰਨ ਤੇ ਅਸਰਦਾਰ 'ਪਲੇਅ ਵੇਅ' ਦੇ ਤਰੀਕੇ ਸਨ ਉਹ, ਸਿਖਾਉਣ ਦੇ। ਇਸ ਤਰ੍ਹਾਂ ਸਹਿਜ ਸੁਭਾਅ ਸਿੱਖੀਆਂ ਜੀਵਨ ਜਾਂਚਾਂ ਹੀ ਇਸ ਪੀੜ੍ਹੀ ਦੀ ਵਧੀਆ ਕਾਰਜ ਕੁਸ਼ਲਤਾ ਦਾ ਕਾਰਨ ਰਹੀਆਂ ਹੋਣਗੀਆਂ ਸ਼ਾਇਦ। •

# ਸਰਵ ਧਰਮ ਸਤਿਕਾਰਦੀ ਪ੍ਰੋ. ਪੂਰਨ ਸਿੰਘ ਦੀ ਕਵਿਤਾ



ਅੰਮ੍ਰਿਤਪਾਲ ਸਿੰਘ ਸੰਧੂ
ਮੋਬਾਈਲ : 94649-29718

ਪ੍ਰੋ. ਪੂਰਨ ਸਿੰਘ ਨੇ ਸਿੱਖ, ਬੁੱਧ ਤੇ ਹਿੰਦੂ ਧਰਮ ਜਿਹੀ ਵਿਸ਼ਾਲ ਤ੍ਰਿਵੇਣੀ ਨੂੰ ਆਪਣੇ ਹਿਰਦੇ 'ਚ ਇਕਮਿਕ ਕੀਤਾ। ਉਨ੍ਹਾਂ ਦੀ ਕਵਿਤਾ 'ਚ ਕੱਟੜ ਧਾਰਮਿਕਤਾ ਨਹੀਂ ਹੈ, ਕਿਉਂਕਿ ਉਨ੍ਹਾਂ 'ਤੇ ਕਿਸੇ ਇਕ ਧਰਮ ਦਾ ਅਸਰ ਨਹੀਂ, ਨਾ ਹੀ ਕਿਸੇ ਧਰਮ ਦੇ ਨੇਮਾਂ ਅੰਦਰ ਉਨ੍ਹਾਂ ਦੀ ਕਵਿਤਾ ਬੱਝੀ ਹੈ...

ਪ੍ਰੋ. ਪੂਰਨ ਸਿੰਘ ਅਧੁਨਿਕ ਪੰਜਾਬੀ ਕਾਵਿ ਨੂੰ ਥੰਮ ਦੇਣ ਵਾਲੇ ਕਵੀਆਂ ਵਿੱਚੋਂ ਤੇ ਪੰਜਾਬੀਆਂ ਦੇ ਖੁੱਲ੍ਹੇ ਡੁੱਲ੍ਹੇ ਸੁਭਾਅ ਵਾਂਗੂ ਖੁੱਲ੍ਹੀ ਕਵਿਤਾ ਦੇ ਪੈਂਡੇ ਤੋਰਨ ਵਾਲਾ ਕਵੀ ਹੈ। ਜੋ ਪ੍ਰਭਾਵ ਉਸ ਦੀ ਜ਼ਿੰਦਗੀ ਨੇ ਗ੍ਰਹਿਣ ਕੀਤੇ ਉਹ ਹੀ ਕਵਿਤਾ ਗ੍ਰਹਿਣ ਕਰਦੀ ਗਈ। ਭਾਵੇਂ ਅਮਰੀਕਾ ਦੇ ਛੰਦਮੁਕਤ ਕਵਿਤਾ ਦੇ ਪਿਤਾਮਾ ਵਾਲਟਵਿਟਮੈਨ ਦਾ ਪ੍ਰਭਾਵ ਗ੍ਰਹਿਣ ਕਰ ਕੇ ਪੰਜਾਬੀ ਵਿਚ ਖੁੱਲ੍ਹੀ ਕਵਿਤਾ ਦੀ ਪਿਰਤ ਪਾਉਣਾ ਹੋਵੇ ਜਾਂ ਜਪਾਨੀ ਬੁੱਧ ਭਿਕਸ਼ੂ ਦੇ ਪ੍ਰਭਾਵ ਵਿਚ ਆਉਣਾ ਹੋਵੇ, ਸਵਾਮੀ ਰਾਮਤੀਰਥ ਦਾ ਪ੍ਰਭਾਵ ਗ੍ਰਹਿਣ ਕਰਨਾ ਹੋਵੇ ਅਤੇ ਆਖਰ ਵਿਚ ਭਾਈ ਵੀਰ ਸਿੰਘ ਦਾ ਪ੍ਰਭਾਵ ਗ੍ਰਹਿਣ ਕਰਕੇ ਫਿਰ ਸਿੱਖ ਧਰਮ ਵੱਲ ਪਰਤਣਾ ਹੋਵੇ।

ਸਮੇਂ ਸਮੇਂ 'ਤੇ ਉਸ ਨੇ ਆਪਣੀ ਕਵਿਤਾ ਦੇ ਮਾਧਿਅਮ ਨਾਲ ਜ਼ਿੰਦਗੀ ਦੇ ਧਾਰਮਿਕ ਉਤਰਾਵਾਂ ਚੜ੍ਹਾਵਾਂ ਦੀ ਪੇਸ਼ਕਾਰੀ ਕੀਤੀ ਹੈ। ਉਸ ਦੀ ਕਵਿਤਾ ਵਿਚ ਭਾਈ ਵੀਰ ਸਿੰਘ ਵਰਗਾ ਧਰਮ ਜਾਂ ਅਧਿਆਤਮਵਾਦ ਦਾ ਬੱਝਵਾਂ ਰੂਪ ਨਹੀਂ ਸਗੋਂ ਵਾਲਟਵਿਟਮੈਨ ਦੀ ਧਾਰਮਿਕ ਫਿਲਾਸਫ਼ੀ ਸੀ ਜੋ ਕਿਸੇ ਵਿਸ਼ੇਸ਼ ਧਰਮ ਤਕ ਸੀਮਤ ਨਹੀਂ ਸੀ। ਵਿਗਿਆਨਕ ਹੋ ਕੇ ਵੀ ਇਸ ਮਹਾਂਸਾਗਰ ਨੇ ਸਿੱਖ ਧਰਮ, ਬੁੱਧ ਧਰਮ ਅਤੇ ਹਿੰਦੂ ਧਰਮ ਜਿਹੀ ਵਿਸ਼ਾਲ ਤ੍ਰਿਵੇਣੀ ਨੂੰ ਆਪਣੇ ਹਿਰਦੇ ਵਿਚ ਇਕਮਿਕ ਕੀਤਾ। ਉਸ ਦੀ ਕਵਿਤਾ ਵਿਚ ਕੱਟੜ ਧਾਰਮਿਕਤਾ ਨਹੀਂ ਕਿਉਂਕਿ ਉਸ ਉੱਪਰ ਕਿਸੇ ਇਕ ਧਰਮ ਦਾ ਅਸਰ ਨਹੀਂ, ਨਾ ਹੀ ਕਿਸੇ ਧਰਮ ਦੇ ਨੇਮਾਂ ਅੰਦਰ ਕਵਿਤਾ ਜਾਂ ਉਸ ਦਾ ਆਪਾ ਬੱਝਿਆ।

*ਨੇਮਾਂ ਵਾਲੀ ਗੱਲ ਨਾ ਕਰਨੀ ਕਾਈ,*
*ਧਰਮ ਕਰਮਾਂ ਥੀਂ ਨੱਸਣਾ*
*ਅਨੇਮੀ ਰਹਿਣਾ,*
*ਸੋਚ ਸਾਰੀ ਡੋਬਣਾ,*
*ਹੱਸਣਾ ਤੇ ਰੋਣਾ, ਚੀਖਣਾ*
*ਤੇ ਦਰਿਆਵਾਂ ਕਿਨਾਰੇ ਦੌੜ ਦੇ ਫਿਰਨਾ।*

ਉਸ ਦੀ ਕਵਿਤਾ ਧਰਮਾਂ ਕਰਮਾਂ ਤੋਂ ਭੱਜ ਕੇ ਰੱਬ ਨੂੰ ਭਾਲਦੀ ਫਿਰਦੀ ਹੈ। ਰੱਬ ਦੀ ਭਾਲ ਕਰਨ ਵਾਲਾ ਬੰਦਾ ਕਿਸੇ ਹੱਦ ਦੀ ਪਰਵਾਹ ਨਹੀਂ ਕਰਦਾ ਵੇਦਾਂਤ ਅਤੇ ਸਵਾਮੀ ਰਾਮ ਤੀਰਥ ਦੀ ਫ਼ਿਲਾਸਫ਼ੀ ਅਨੁਸਾਰ ਪਰਮਾਤਮਾ ਬ੍ਰਹਿਮੰਡ ਦੇ ਜ਼ੱਰੇ ਜ਼ੱਰੇ ਵਿਚ ਹੈ। ਉਸ ਦੀ ਹੋਂਦ ਸਤਿਚਿਤ ਅਨੰਦ ਹੈ। ਉਹ ਵੀ ਇਸ ਪ੍ਰਭਾਵ ਅਧੀਨ ਕਣ ਕਣ ਵਿਚ ਟਿਕੇ ਹੋਏ ਪਾਰਬ੍ਰਹਮ ਦੇ ਦੀਦਾਰ ਕਰਨਾ ਲੋਚਦਾ ਹੈ ਤਾਂ ਹੀ ਉਹ ਕਹਿੰਦਾ ਹੈ।

*ਹਾਲੇ ਮੇਰੀਆਂ ਅੱਖਾਂ*
*ਪੂਰੀਆਂ ਸੁਜਾਖੀਆਂ ਨਾ*
*ਮੈਨੂੰ ਰੱਬ ਨਾ ਦਿਸਦਾ*
*ਹਰ ਥਾਂ ਹਰ ਕਿਸੀ ਚੀਜ਼ ਵਿਚ..*

ਕਵਿਤਾ ਵਿਚਲੀ ਉਸ ਦੀ ਰੱਬੀ ਭਾਲ ਨੇ ਉਸ ਨੂੰ ਇਕ ਸਾਂਝੀਵਾਲਤਾ ਦਾ ਪ੍ਰਤੀਕ ਬਣਾ ਦਿੱਤਾ ਹੈ 'ਜੇ ਤੂੰ ਮੇਰਾ ਹੋਵੇਂ' ਇਕ ਅਕਾਲ ਪੁਰਖ ਅਤੇ ਸਰਵਸਾਂਝੇ ਪਰਮਾਤਮਾ ਵੱਲ ਸੰਕੇਤ ਕਰਦੀ ਹੈ।



*ਜੇ ਤੂੰ ਮੇਰਾ ਹੋਵੇਂ , ਮੈਂ ਦੇਖਾਂ ਨਿੱਤ ਤੈਨੂੰ*
*ਮੰਦਰ ਦੀ ਨਾ ਲੋੜ ਮੈਨੂੰ*
*ਮਸਜਿਦ, ਗਿਰਜਾ ਮੇਰਾ ਤੂੰ ਹੈਂ..*

ਕਰਮਕਾਂਡ ਰਹਿਤ ਨਿਰੋਲ ਸਿਕ ਉਸ ਦੇ ਹਿਰਦੇ ਨੂੰ ਆਪਣੀ ਤਰਫ਼ ਖਿੱਚ ਰਹੀ ਹੈ। ਆਪਣੇ ਆਪ ਨੂੰ ਉਸ ਪਰਮ ਸ਼ਕਤੀ ਵੱਲ ਵਧਣੋ ਰੋਕਣ ਲਈ ਇਸ ਤਰ੍ਹਾਂ ਅਸਮਰੱਥ ਹੈ ਜਿਵੇਂ ਉਹ ਆਪ ਪਤੰਗ ਅਤੇ ਉਸ ਦੀ ਡੋਰ ਪ੍ਰਮਾਤਮਾ ਹੱਥ ਹੋਵੇ ਅਤੇ ਉਹ ਉਸ ਨੂੰ ਖਿੱਚ ਰਿਹਾ ਹੋਵੇ।

*ਮੈਂ ਪਤੰਗ ਕਿਸੇ ਦੀ,*
*ਡੋਰਾਂ ਵਾਲਾ ਖਿੱਚਦਾ।*
*ਪਤੰਗ ਪਈ ਚੜ੍ਹਦੀ,*
*ਉੱਚੀ ਹਵਾ ਵਿਚ..*

ਉਹ ਤਾਂ ਪਰਮਾਤਮਾਂ ਦੇ ਦਰਸ਼ਨ ਚਾਹੁੰਦਾ ਉਸ ਨੂੰ ਕੋਈ ਫ਼ਰਕ ਨਹੀਂ ਬੁੱਧ ਬਣ ਕੇ ਆਵੇ, ਕ੍ਰਿਸ਼ਨ ਮੁਰਾਰੀ, ਸਿੱਖ ਗੁਰੂ ਜਾਂ ਹਜ਼ਰਤ ਮੁਹੰਮਦ ਸਾਹਿਬ। ਉਹ ਤਾਂ ਜੀਵ ਰੂਪੀ ਇਸਤਰੀ ਬਣ ਕੇ ਬੂਹੇ ਬਾਰੀਆਂ ਖੋਲ੍ਹ ਖੜ੍ਹਾ ਹੈ।

*ਮੈਂ ਤਾਂ ਬੂਹੇ ਬਾਰੀਆਂ ਖੋਲ੍ਹ ਖੜ੍ਹੀ*
*ਸਾਰੇ ਰੂਹਾਂ ਦੀਆਂ,*
*ਲੱਖਾਂ ਬਾਰੀਆਂ ਵਾਲਾ ਰੂਹ ਮੇਰਾ..*

ਉਸ ਦੇ ਕੰਨ ਤਾਂ ਹਮੇਸ਼ਾ ਪੰਡਿਤ-ਪ੍ਰੋਹਤ, ਮੁੱਲਾ-ਮੁਲਾਣਿਆਂ ਤੋਂ ਦੀਨ ਈਮਾਨ ਦੀ ਬਜਾਏ ਇਹ ਸੁਣਨਾ ਲੋਚਦੇ 'ਉਹ ਮੈਨੂੰ ਪਿਆਰ ਕਰਦਾ' ਬੁੱਧ ਦੀ ਸਮਾਧੀ, ਕ੍ਰਿਸ਼ਨ ਮੁਰਾਰੀ ਦੀ ਬਾਂਸਰੀ, ਕਲਗੀਆਂ ਵਾਲੇ ਦੇ ਸੁੰਮਾ ਦੀ ਟਾਪ, ਨਾਨਕ ਜੀ ਦੇ ਸ਼ਬਦਾਂ ਵਿਚ ਗੱਲ ਕੀ , ਜਲ-ਥਲ, ਚਾਰ ਦਿਸ਼ਾਵਾਂ, ਪੱਤੇ-ਪੱਤੇ, ਬੂਟੇ-ਬੂਟੇ ਅੰਦਰ ਕਾਦਰ ਦੀ ਭਾਲ ਹੈ। ਉਸ ਦੀ ਭਟਕਣਾ ਜਾਂ ਕਸ਼ਮਕਸ਼ ਜਾਂ ਰੱਬੀ ਭਾਲ ਵਿਚ ਸਥਿਰਤਾ ਜਾਂ ਖੜੋਤ ਵੀ ਆਉਂਦੀ ਜਦੋਂ ਭਾਈ ਵੀਰ ਸਿੰਘ ਦੇ ਪ੍ਰਭਾਵ ਸਦਕਾ ਸਿੱਖ ਧਰਮ ਵਿਚ ਵਾਪਸ ਆਉਂਦਾ ਹੈ। ਆਪਣੇ ਹਿਰਦੇ ਦੀ ਵਿਥਿਆ ਬਿਆਨ ਕਰਦਾ ਸਿੱਖ ਧਰਮ ਤੋਂ ਦੂਰ ਹੋਣ ਬਾਰੇ ਉਹ ਲਿਖਦਾ ਹੈ :

*ਕਟੋਰਾ ਲਾਲ ਲਾਲ ਗੁਰਾਂ ਵਾਲਾ ਨਾਮ ਸੀ*
*ਜਿਸ ਵਿਚ ਉਨ੍ਹਾਂ ਦਾ ਅੰਮ੍ਰਿਤ ਨਾਮ ਸੀ*
*ਹੱਥੋਂ ਮੇਰੇ ਛਹਿ ਪਿਆ ਸੀ ਆਪ ਮੁਹਾਰਾ*
*ਕਟੋਰਾ ਭੱਜਿਆ ਅੰਮ੍ਰਿਤ ਭੋਂ 'ਤੇ*
*ਵੀਟਿਆ ਗਿਆ ਮੈਥੋਂ..*

ਪ੍ਰੋ. ਪੂਰਨ ਸਿੰਘ ਪੰਜਾਬੀ, ਹਿੰਦੀ, ਅੰਗਰੇਜ਼ੀ, ਉਰਦੂ, ਫਾਰਸੀ, ਜਰਮਨੀ ਜਪਾਨੀ ਭਾਸ਼ਾਵਾਂ ਦਾ ਗਿਆਤਾ ਸੀ। ਉਸ ਨੇ ਉਲੱਥੇ ਜਾਂ ਅਨੁਵਾਦਤ ਸਾਹਿਤ ਦੀ ਬਜਾਏ ਮੂਲ ਭਾਸ਼ਾ ਵਿਚ ਸਾਹਿਤ ਪੜ੍ਹਿਆ। ਡੂੰਘੇ ਅਧਿਐਨ ਨੂੰ ਆਪਣੀ ਕਵਿਤਾ ਉੱਤੇ ਲਾਗੂ ਕੀਤਾ। ਸਿੱਖ ਧਰਮ ਵਿਚ ਮੁੜ ਤੋਂ ਆ ਕੇ ਉਸ ਦੀ ਕਵਿਤਾ ਸਰਵ ਧਰਮ ਸਤਿਕਾਰਦੀ ਰਹੀ। ਇਹ ਹੀ ਉਸ ਦੀ ਕਵਿਤਾ ਵਿਚਲੀ ਖੁੱਲ੍ਹਦਿਲੀ ਅਤੇ ਮਸਤਾਨੇ ਸੁਭਾਅ ਵਾਲੇ ਕਵੀ ਦੀ ਖ਼ਾਸੀਅਤ ਸੀ। •

## ਕਵਿਤਾਵਾਂ

### ਮੇਰਾ ਯਕੀਨ ਕਾਫੀ ਨਹੀਂ

ਵਿਚਾਰਾਂ ਦਾ ਵਿਰੋਧ ਹੋਵੇ
ਜਾਨਲੇਵਾ
ਜ਼ਰੂਰੀ ਨਹੀਂ
ਆਵਾਜ਼ ਦੇ ਕਤਲ
ਕਤਲ ਦੀ ਸਾਜ਼ਿਸ਼
ਸਾਜ਼ਿਸ਼ ਦੇ ਬਿਰਤਾਂਤ
ਬਿਰਤਾਂਤ ਦੇ ਪਾਤਰਾਂ
ਪਾਤਰਾਂ ਦੇ ਕਤਲ ਦੇ ਦਿਨ
ਤਾਜ਼ਾ-ਤਰੀਨ ਸਰਗਰਮੀਆਂ
ਮੈਨੂੰ ਯਕੀਨ ਹੈ
ਸੱਤਾ ਦੀ ਕੋਈ
ਸਿੱਧੀ ਅਸਿੱਧੀ
ਸ਼ਮੂਲੀਅਤ ਨਹੀਂ ਹੋਣੀ
ਹੋਰ ਬਹੁਤ ਕੁਝ ਹੈ
ਜੋ ਆਪ ਕਰਨਾ ਹੁੰਦਾ
ਆਪਣੇ ਹੱਥੀ
ਹੱਥ ਸੁੱਚੇ ਕਰਨੇ ਹੁੰਦੇ ਨੇ
ਰਸਮਾਂ ਨਿਭਾਉਣੀਆਂ
ਪਰਸ਼ਾਦ ਕਰਾਉਣੇ
ਵਿਰੋਧਾਂ ਦੀ ਖਿੱਲੀ ਉਡਾਉਣੀ
ਵਾਅਦਿਆਂ ਦੇ ਪੇਚ
ਮਨ ਦੀਆਂ ਗੱਲਾਂ ਦੇ ਪਰਪੰਚ
ਬਣਾਉਣੇ ਹੁੰਦੇ ਨੇ
ਆਪਣੇ ਕੁਣਬੇ ਦੇ ਸਰਪੰਚ
ਜਿਤਾਉਣੇ ਹੁੰਦੇ ਨੇ
ਤਾਹੀ ਤੇ ਯਕੀਨ ਹੈ ਮੈਨੂੰ
ਮੇਰਾ ਯਕੀਨ ਕਾਫੀ ਨਹੀਂ !



• ਦੇਵਿੰਦਰ ਸਿੰਘ ਜੌਹਲ, ਮੋਬਾਈਲ : 95010-13457

### ਬੱਦਲਾਂ 'ਚੋਂ ਚੰਨ ਤੱਕਦਾ

ਬੱਦਲਾਂ 'ਚੋਂ ਚੰਨ ਤੱਕਦਾ
ਨੀ ਮੈਂ ਚੰਨ ਦੇ ਗੁਆਂਢ ਘਰ ਪਾਵਾਂ
ਚੰਨ ਤੋਂ ਮੈਂ ਲੈ ਕੇ ਚਾਨਣੀ
ਪਿੰਡੇ ਉੱਤੇ ਮਲ-ਮਲ ਨ੍ਹਾਵਾਂ
ਤੱਕ ਤੱਕ ਸੋਹਣੇ ਚੰਨ ਨੂੰ
ਇਸ਼ਕ ਦੇ ਸੋਹਲੇ ਗਾਵਾਂ
ਚੰਨ ਉੱਤੇ ਡਾਹ ਕੇ ਚਰਖਾ
ਨੀ ਮੈਂ ਤੰਦ ਰਿਸ਼ਮਾਂ ਦੀ ਪਾਵਾਂ
ਚੰਨ ਦੀਆਂ ਰਿਸ਼ਮਾਂ ਦਾ
ਦੁਪੱਟੇ 'ਤੇ ਲਹਿਰੀਆ ਪਾਵਾਂ
ਇਸ਼ਕ 'ਚ ਸੋਹਣੇ ਚੰਨ ਦੇ
ਨੂਰੋ-ਨੂਰ ਹੋ ਜਾਵਾਂ
ਬੱਦਲਾਂ 'ਚ ਫਿਰਾਂ ਨੱਚਦੀ
ਨੀ ਮੈਂ ਅੰਬਰੀ ਪੀਂਘਾਂ ਪਾਵਾਂ
ਚੰਨ ਦੀ ਮੜ੍ਹਾ ਕੇ ਚਾਨਣੀ
ਨੀ ਮੈਂ ਗਲ ਦਾ ਤਵੀਤ ਬਣਾਵਾਂ
ਸੀਨੇ ਨਾਲ ਲਾ ਕੇ ਚੰਨ ਨੂੰ
ਨੀ ਮੈਂ ਚੰਨ ਦੀ ਚਕੋਰ ਬਣ ਜਾਵਾਂ।



• ਜਸ ਪ੍ਰੀਤ

### ਪਾਣੀ

ਅੱਜ ਪਾਣੀ ਦੋਗਲੇ ਹੋ ਗਏ ਨੇ ਰਲ਼ ਸਾਫ਼ ਤੇ ਗੰਦਲੇ,
ਕਈ ਹੰਸਾਂ ਦੀ ਥਾਂ ਬੈਠੇ ਨੇ ਨਿਰਮਲ ਹੋਏ ਬਗਲੇ।

ਸਾਨੂੰ ਕੀਹਨੇ ਪੁੱਛਣਾ ਮੁੱਲ ਨਾ ਪੈਂਦਾ ਰਾਜੇ ਦਾ,
ਝੂਠੀ ਡੱਫਲੀ ਰੋਜ਼ ਵਜਾਵੇ ਨਾ ਸੱਚ ਸੁਣਦਾ ਵਾਜੇ ਦਾ।

ਹਰ ਕੋਈ ਹੁਭਾਂ ਮਾਰੇ ਸਮਝ ਨਾ ਆਉਂਦੀ ਏ,
ਕਲਯੁੱਗ ਨਾਚ ਨਚਾਵੇ ਜਾਂ ਕੁਦਰਤ ਗਾਉਂਦੀ ਏ।

ਰੋਜ਼ ਗਿੱਠ ਲੰਬਾ ਕੱਦ ਹੋ ਜਾਂਦਾ ਝੂਠੇ ਲੋਕਾਂ ਦਾ,
ਸਦਾ ਪੈਰਾਂ ਵਿਚ ਰੁਲਦਾ ਜੀਵਨ ਚੰਗੀਆਂ ਸੋਚਾਂ ਦਾ।



• ਲਵਲੀ ਬਰਾੜ ਭੇਖਾ , ਮੋਬਾਈਲ : 98789-49996

## ਗ਼ਜ਼ਲਾਂ

ਗੋਲੀ ਮਾਰ ਬੰਦੂਕ ਚਲਾਓ ਸ਼ਬਦ ਕਦੇ ਵੀ ਮਰਦੇ ਨਹੀਂ।
ਪੌਣਾਂ ਅੰਦਰ ਘੁਲ ਜਾਂਦੇ ਨੇ, ਵਕਤ ਅਜਾਈਂ ਕਰਦੇ ਨਹੀਂ।

ਰਾਜੇ ਨੂੰ ਸ਼ੀਂਹ ਆਖਣ ਵਾਲੀ ਪਿਰਤ ਮੇਰੇ ਗੁਰੂ ਨਾਨਕ ਦੀ,
ਹਾਲੇ ਤੀਕ ਮੁਕੱਦਮ ਜ਼ਹਿਰੀ, ਸ਼ੀਸ਼ੇ ਨੂੰ ਵੀ ਜਰਦੇ ਨਹੀਂ।

ਅੰਬਰ ਦੇ ਵਿਚ ਕਿੰਨੇ ਤਾਰੇ ਜਾਗ ਰਹੇ ਨੇ ਸਦੀਆਂ ਤੋਂ,
ਇਕ ਅੱਧ ਨੁੱਕਰ ਭੁਰ ਜਾਵੇ ਤਾਂ ਠੰਢੇ ਹਾਉਕੇ ਭਰਦੇ ਨਹੀਂ।

ਧਰਤੀ ਦੀ ਮਰਯਾਦਾ ਏਹੀ, ਚੋਰਾਂ ਨੂੰ ਬੱਸ ਚੋਰ ਕਹੋ,
ਹੱਕ ਸੱਚ ਤੇ ਇਨਸਾਫ਼ ਦੇ ਪਹਿਰੂ ਇੰਜ ਆਖਣ ਤੋਂ ਡਰਦੇ ਨਹੀਂ।

ਅੰਨ੍ਹੇ ਕੁੱਤੇ 'ਵਾ ਨੂੰ ਭੌਂਕਣ, ਦੁਸ਼ਮਣ ਦੀ ਪਹਿਚਾਣ ਬਿਨਾਂ,
ਆਪਣੀ ਨਸਲ ਬਿਨਾਂ ਬੇਨਸਲੇ, ਹੋਰ ਕਿਸੇ ਨੂੰ ਜਰਦੇ ਨਹੀਂ।

ਕਲਮਕਾਰ ਜੋ ਲਿਖੇ, ਮਿਟਾਵੇਂ, ਤੇਰੇ ਵੱਸ ਦੀ ਬਾਤ ਨਹੀਂ,
ਸ਼ਾਸਤਰਾਂ ਨੂੰ ਸ਼ਸਤਰ ਮਾਰੇ, ਸੂਰੇ ਏਦਾਂ ਕਰਦੇ ਨਹੀਂ।

ਇਕ ਦੀਵੇ ਦੀ ਲਾਟ ਬੁਝਾ ਕੇ ਤੇਜ਼ ਹਨ੍ਹੇਰੀ ਸਮਝੇ ਨਾ,
ਬੰਨ੍ਹ ਕਤਾਰਾਂ, ਜਗਦੇ ਜੁਗਨੂੰ, ਪੈਰ ਪਿਛਾਂਹ ਨੂੰ ਧਰਦੇ ਨਹੀਂ।



• ਗੁਰਭਜਨ ਗਿੱਲ, ਮੋਬਾਈਲ : 98726-31199

ਕਿਸੇ ਜੰਗਲ 'ਚ ਰਹਿ ਲਈਏ ਕਿ ਏਦੂੰ ਤਾਂ ਗ਼ਨੀਮਤ ਹੈ।
ਤਿਰੇ ਇਸ ਰਾਜ ਵਿਚ ਰਹਿ ਕੇ ਅਸਾਂ ਖੱਟੀ ਮੁਸੀਬਤ ਹੈ।

ਨਹੀਂ ਆਜ਼ਾਦ ਹੋਇਆ ਮੁਲਕ ਮੇਰਾ ਦੋਸਤੋ ਹਾਲੇ,
ਕਿ ਥੋੜ੍ਹੀ ਦੇਰ ਦੀ ਇਸ ਨੂੰ ਮਿਲੀ ਹਾਲੇ ਜ਼ਮਾਨਤ ਹੈ।

ਬੜਾ ਹੈ ਕਰਜ਼ ਮੇਰੇ ਪੁਰ ਮਿਰੀ ਇਸ ਮਾਤ ਭੂਮੀ ਦਾ,
ਮਿਰੇ ਹਰ ਖ਼ੂਨ ਦਾ ਕਤਰਾ ਤਾਂ ਏਸੇ ਦੀ ਅਮਾਨਤ ਹੈ।

ਮਰਾਂਗਾ ਲੋਕ ਘੋਲਾਂ ਵਿਚ ਮੈਂ ਪਿੱਛੇ ਨਹੀਂ ਹਟਦਾ,
ਇਹੋ ਮੇਰੀ ਅਦਾਵਤ ਹੈ, ਇਹੋ ਮੇਰੀ ਅਕੀਦਤ ਹੈ।

ਕਰਾਂ ਮਜ਼ਲੂਮ ਦੀ ਰਾਖੀ ਜ਼ੁਲਮ ਦਾ ਟਾਕਰਾ ਕਰ ਕੇ,
ਇਹੋ ਹੈ ਮਾਰਫ਼ਤ ਮੇਰੀ ਇਹੋ ਮੇਰੀ ਤਰੀਕਤ ਹੈ।

ਇਕੇਰਾਂ ਬੋਲ੍ਹ ਦੀ ਰਾਖੀ ਜਿਵ੍ਹਾਂ ਵੀ ਬੈਠ ਜਾਂਦਾ ਹੈ,
ਹਮੇਸ਼ਾਂ ਹੀ ਅਮਾਨਤ ਵਿਚ ਰਿਹਾ ਕਰਦਾ ਖ਼ਿਆਨਤ ਹੈ।

ਅਗਰ ਤੂੰ 'ਮੂਰਤੀ' ਚੁੱਕਦਾ ਨਹੀਂ ਇਨਸਾਨ ਦਾ ਝੰਡਾ,
ਤਿਰੀ ਇਹ ਬੁਜ਼ਦਿਲੀ ਹੈ ਇਹ ਨਹੀਂ ਤੇਰੀ ਦਿਆਨਤ ਹੈ।



• ਡਾ.ਰਾਮ ਮੂਰਤੀ, ਮੋਬਾਈਲ : 94174-49665

ਹਰ ਖ਼ੁਸ਼ੀ ਨੂੰ ਪਾਉਣ ਖਾਤਰ ਗਿਰ ਰਿਹਾ ਨਿਸ਼ਾਨ ਹੈ।
ਆਦਮੀ ਦੇ ਭੇਸ ਪਿੱਛੇ ਪਲ਼ ਰਿਹਾ ਸ਼ੈਤਾਨ ਹੈ।

ਕੂੜ ਚਾਲਾਂ ਖੇਡ ਬਾਬੇ ਭਰਮ ਏਨੇ ਪਾ ਰਹੇ
ਖੇਡ ਐਸੀ ਖੇਡਦੇ ਕਿ ਰੱਬ ਵੀ ਹੈਰਾਨ ਹੈ।

ਬੇਈਮਾਨੀ ਦਾ ਪਸਾਰਾ ਹਰ ਤਰਫ਼ ਹੀ ਫੈਲਿਆ,
ਲਾਲਚਾਂ ਦੇ ਵੱਸ, ਬੰਦਾ ਬਣ ਰਿਹਾ ਹੈਵਾਨ ਹੈ।

ਕੌਣ ਬਹਿ ਕੇ ਸੋਚਦਾ ਕਿ ਕੀ ਭਲਾ ਤੇ ਕੀ ਬੁਰਾ,
ਕੋਲ ਨਾ ਜ਼ਮੀਰ, ਬੈਠਾ ਕਰ ਰਿਹਾ ਨੁਕਸਾਨ ਹੈ।

ਹੋ ਗਏ ਨੇ ਆਮ ਚੋਰੀ, ਠੱਗੀਆਂ ਦੇ ਮਾਮਲੇ,
ਮਿਲ ਰਹੇ ਨੇ ਚੋਰ, ਕੁੱਤੀ ਵਿਕ ਰਿਹਾ ਈਮਾਨ ਹੈ।

ਦੌਲਤਾਂ ਤੇ ਸ਼ੋਹਰਤਾਂ ਨੇ ਨਾਲ ਜਾਣਾ ਨਾ ਕਦੀ,
ਚਾਰ ਦਿਨ ਦੀ ਖੇਡ, ਬੰਦਾ ਦੋ ਘੜੀ ਮਹਿਮਾਨ ਹੈ।

ਜੋਰ ਕਿਨਾ ਲਾ ਲਵੇ, ਪਰ ਸੱਚ ਏਹੋ ਆਖਰੀ,
ਮੌਤ ਹੈ ਅਟੱਲ ਸਭ ਨੇ ਜਾਵਣਾਂ ਸ਼ਮਸ਼ਾਨ ਹੈ।



• ਰਾਜਵਿੰਦਰ ਕੌਰ 'ਜਟਾਣਾ', ਮੋਬਾਈਲ : 97806-88270

## ਗੀਤ

### ਧੀਆਂ ਦੇ ਬੋਲ

ਧੀਆਂ ਦੇ ਬੋਲ ਚਿੜੀਆਂ ਦੀ ਚੀ-ਚੀ ਇਹੋ ਇਸ਼ਾਰਾ।
ਰਸਮਾਂ ਦੀ ਜ਼ੰਜ਼ੀਰ 'ਚ ਜਕੜਿਆ ਵਜੂਦ ਸਾਰਾ।

ਵਿਹੜੇ ਦੀ ਰੌਣਕ ਹਰ ਘਰ ਦਾ ਸ਼ਿੰਗਾਰ
ਰਹਿ ਜਾਣ ਤਰਸਦੀਆ ਨਾ ਮਿਲਦਾ ਪਿਆਰ
ਫੁੱਲਾਂ ਦੀ ਮਹਿਕ ਕਰੇ ਕੰਡਿਆ 'ਚ ਗੁਜ਼ਾਰਾ।

ਖੋਟੇ ਲੇਖ, ਸਿਰ ਦਾ ਭਾਰ, ਕਹਿ ਮਾਰਨ ਤਾਅਨੇ
ਭਾਵੇਂ ਸਦੀਆ ਤੋਂ ਇਨ੍ਹਾਂ ਦੇ ਰਿਣੀ ਨੇ ਜ਼ਮਾਨੇ
ਆਦਮੀ ਦੇ ਸਿਰ ਔਰਤ ਦਾ ਕਰਜ਼ ਹੈ ਭਾਰਾ।

ਬਾਬਲ ਨਾ ਸੁਣੇ ਤੇ ਦੁਨੀਆ ਵੀ ਅਣਜਾਣ
ਸਮਝੇ ਨਾ ਕੋਈ ਖ਼ਾਮੋਸ਼ ਅੱਖਾਂ ਦੀ ਜ਼ੁਬਾਨ
ਬਾਲੜੀਆਂ ਤਾਂ ਸਾਥੋਂ ਚਾਹੁੰਦੀਆਂ ਨੇ ਸਹਾਰਾ।

ਇਹ ਧਰਤੀ ਤੇ ਅੰਬਰ ਪਏ ਦਿੰਦੇ ਨੇ ਦੁਹਾਈ
ਕੁੱਖ ਦੇ ਕਾਤਲਾਂ ਨੇ ਅੱਤ ਬਹੁਤ ਮਚਾਈ
ਟੁੱਟ ਗਈ ਜੇ ਵਿਵੇਕ ਲੜੀ ਡੁੱਬ ਜਾਏਗਾ ਤਾਰਾ।



• ਵਿਵੇਕ ਕੁਮਾਰ, ਮੋਬਾਈਲ : 94633-84051

# ਹਰਿਆਣਾ ਵਿੱਚ ਕਿਸਾਨਾਂ ਦੀ ਕੋਈ ਸੁਣਵਾਈ ਨਹੀਂ ਹੋਈ: ਸ਼ੈਲਜਾ



ਜੀਂਦ, 21 ਅਗਸਤ
-ਕੌਮੀ ਪੱਤ੍ਰਿਕਾ ਬਿਊਰੋ-
ਆਲ ਇੰਡੀਆ ਕਾਂਗਰਸ ਕਮੇਟੀ ਦੀ ਕੌਮੀ ਜਨਰਲ ਸਕੱਤਰ ਅਤੇ ਸੰਸਦ ਮੈਂਬਰ ਕੁਮਾਰੀ ਸੈਲਜ਼ਾ ਨੇ ਕਿਹਾ ਕਿ ਹਰਿਆਣਾ ਵਿੱਚ ਹਾਕਮ ਧਿਰ ਭਾਜਪਾ ਨੂੰ ਪਿਛਲੇ ਦਸ ਸਾਲਾਂ ਦਾ ਲੇਖਾ-ਜੋਖਾ ਵਿਧਾਨ ਸਭਾ ਚੋਣਾਂ ਵਿਚ ਦੇਣਾ ਪਵੇਗਾ। ਉਹ ਅੱਜ ਜੀਂਦ ਦੀ ਪੁਰਾਣੀ ਅਨਾਜ ਮੰਡੀ ਵਿੱਚ 'ਬਦਲਾਅ ਰੈਲੀ' ਨੂੰ ਸੰਬੋਧਨ ਕਰ ਰਹੇ ਸਨ। ਉਨ੍ਹਾਂ ਕਿਹਾ ਕਿ ਸੂਬੇ ਵਿੱਚ ਕਿਸਾਨਾਂ ਨਾਲ ਭੇਦ-ਭਾਵ ਹੋਇਆ ਹੈ ਅਤੇ ਉਨ੍ਹਾਂ ਦੀ ਕੋਈ ਸੁਣਵਾਈ ਨਹੀਂ ਹੋਈ ਜਿਸ ਦਾ ਜਵਾਬ ਭਾਜਪਾ ਨੂੰ ਚੋਣਾਂ ਵਿੱਚ ਦੇਣਾ ਪਵੇਗਾ। ਉਨ੍ਹਾਂ ਕਿਹਾ ਕਿ ਸੂਬੇ ਦੇ ਹਰ ਵਰਗ ਵਿੱਚ ਭਾਜਪਾ ਪ੍ਰਤੀ ਰੋਸ ਹੈ ਅਤੇ ਲੋਕ ਇਸ ਦਾ ਬਦਲਾ ਪਹਿਲੀ ਅਕਤੂਬਰ ਨੂੰ ਵੋਟ ਦੀ ਚੋਟ ਨਾਲ ਲੈਣਗੇ। ਸ਼ੈਲਜਾ ਨੇ ਕਿਹਾ ਕਿ ਨੌਕਰੀਆਂ ਵਿੱਚ ਘੁਟਾਲੇ ਹੋ ਰਹੇ ਹਨ ਤੇ ਨੌਜਵਾਨਾਂ ਨੂੰ ਰੁਜ਼ਗਾਰ ਲਈ ਵਿਦੇਸ਼ਾਂ ਵਿੱਚ ਜਾਣਾ ਪੈ ਰਿਹਾ ਹੈ। ਇਸ ਲਈ ਅਜਿਹੀ ਸਰਕਾਰ ਤੋਂ ਨਿਜਾਤ ਪਾਉਣ ਦਾ ਸਮਾਂ ਆ ਗਿਆ ਹੈ। ਉਨ੍ਹਾਂ ਕਿਹਾ ਕਿ ਰਣਜੀਤ ਸਿੰਘ ਸੁਰਜੇਵਾਲਾ ਰਾਜ ਸਭਾ ਵਿੱਚ ਜਦੋਂ ਹਰਿਆਣਾ ਦੀ ਆਵਾਜ਼ ਚੁੱਕਦੇ ਹਨ ਤਾਂ ਭਾਜਪਾ ਕੋਲ ਕੋਈ ਜਵਾਬ ਨਹੀਂ ਹੁੰਦਾ। ਉਨ੍ਹਾਂ ਕਿਹਾ ਕਿ ਹਰਿਆਣਾ ਵਿੱਚ ਕਾਂਗਰਸ ਦੀ ਸਰਕਾਰ ਬਣਨ 'ਤੇ ਲੋਕ ਹਿੱਤਾਂ ਦੀ ਰਾਖੀ ਕੀਤੀ ਜਾਵੇਗੀ।

ਇਸ ਤੋਂ ਪਹਿਲਾਂ ਰਾਜ ਸਭਾ ਸੰਸਦ ਮੈਂਬਰ ਰਣਦੀਪ ਸਿੰਘ ਸੁਰਜੇਵਾਲਾ ਨੇ ਕਿਹਾ ਕਿ ਉਨ੍ਹਾਂ ਨੂੰ ਉਮੀਦ ਹੈ ਕਿ ਰਾਹੁਲ ਗਾਂਧੀ ਅਤੇ ਮਲਿਕਾਰਜੁਨ ਖੜਗੇ ਕੁਝ ਹੀ ਦਿਨਾਂ ਵਿੱਚ ਹਰਿਆਣਾ ਵਿੱਚ ਸੱਤਾ ਤਬਦੀਲੀ ਲਈ ਜੀਂਦ ਤੋਂ ਹੀ ਜੰਗ ਸ਼ੁਰੂ ਕਰਨਗੇ। ਉਨ੍ਹਾਂ ਕਿਹਾ ਕਿ ਸਰਕਾਰ ਕਿਸਾਨਾਂ ਨਾਲ ਦੁਸ਼ਮਣ ਜਿਹਾ ਰਵੱਈਆ ਅਪਣਾ ਰਹੀ ਹੈ। ਇਸ ਤੋਂ ਇਲਾਵਾ ਮਹਿਲਾ ਖਿਡਾਰੀਆਂ ਨਾਲ ਜੋ ਹੋਇਆ, ਉਹ ਸਾਰਿਆਂ ਨੂੰ ਪਤਾ ਹੈ। ਇਸ ਲਈ ਹੁਣ ਲੋਕ ਬਦਲਾਅ ਚਾਹੁੰਦੇ ਹਨ। ਉਨ੍ਹਾਂ ਕਿਹਾ ਕਿ ਭਾਜਪਾ ਨੇ ਸੂਬੇ ਵਿੱਚ ਅਜਿਹਾ ਮਾਹੌਲ ਬਣਾ ਦਿੱਤਾ ਹੈ ਕਿ ਕੋਈ ਵਰਗ ਸੁਖੀ ਨਹੀਂ ਹੈ। ਇਸ ਲਈ ਭਾਜਪਾ ਨੂੰ ਸੱਤਾ ਤੋਂ ਲਾਂਭੇ ਕਰਨ ਲਈ ਵੋਟ ਦੀ ਚੋਟ ਨਾਲ ਬਦਲਾ ਲੈਣਾ ਪਵੇਗਾ। ਇਸ ਮੌਕੇ ਵਿਧਾਇਕਾ ਰੇਣੂ ਬਾਲਾ, ਸਾਬਕਾ ਮੰਤਰੀ ਅਤਰ ਸਿੰਘ ਸੈਣੀ, ਸਾਬਕਾ ਵਿਧਾਇਕ ਸਤਿੰਦਰ ਰਾਣਾ, ਰਾਮ ਭਜ ਲੋਧਰ, ਰਘਵੀਰ ਭਾਰਦਵਾਜ, ਅੰਸ਼ੁਲ ਸਿੰਗਲਾ, ਸੁਧਾ ਭਾਰਦਵਾਜ ਤੇ ਵਿਦਿਆ ਰਾਣੀ ਸਮੇਤ ਕਈ ਆਗੂ ਹਾਜ਼ਰ ਸਨ।

# ਸਰਿਸਕਾ ਤੋਂ ਭੱਜੇ ਬਾਘ ਨੇ ਪੰਜ ਜਣਿਆਂ ਨੂੰ ਜ਼ਖ਼ਮੀ ਕੀਤਾ



ਰੇਵਾੜੀ, 21 ਅਗਸਤ
-ਕੌਮੀ ਪੱਤ੍ਰਿਕਾ ਬਿਊਰੋ-
ਰਾਜਸਥਾਨ ਦੇ ਸਰਿਸਕਾ ਟਾਈਗਰ ਰਿਜ਼ਰਵ ਤੋਂ ਤਿੰਨ ਦਿਨ ਪਹਿਲਾਂ ਭੱਜਿਆ ਬਾਘ ਹਰਿਆਣਾ ਦੇ ਰੇਵਾੜੀ ਜ਼ਿਲ੍ਹੇ ਦੇ ਪਿੰਡ ਝਬੂਆ ਵਿੱਚ ਦਾਖ਼ਲ ਹੋ ਗਿਆ ਹੈ। ਹਰਿਆਣਾ 'ਚ ਦਾਖ਼ਲ ਹੋਣ ਤੋਂ ਪਹਿਲਾਂ ਬਾਘ ਨੇ ਹੱਦ ਨਾਲ ਲੱਗਦੇ ਰਾਜਸਥਾਨ ਦੇ ਦੋ ਪਿੰਡਾਂ ਦੇ ਲੋਕਾਂ 'ਤੇ ਹਮਲਾ ਕਰਕੇ ਪੰਜ ਜਣਿਆਂ ਨੂੰ ਬੁਰੀ ਤਰ੍ਹਾਂ ਜ਼ਖ਼ਮੀ ਕਰ ਦਿੱਤਾ ਹੈ। ਜ਼ਖ਼ਮੀਆਂ ਨੂੰ ਇਲਾਜ ਲਈ ਹਸਪਤਾਲ ਭਰਤੀ ਕਰਵਾਇਆ ਗਿਆ ਹੈ।

ਬਾਘ ਨੂੰ ਫੜਨ ਲਈ ਲਗਭਗ ਸੱਤ ਟੀਮਾਂ ਬਣਾ ਕੇ ਤਲਾਸ਼ੀ ਮੁਹਿੰਮ ਵਿੱਢੀ ਗਈ ਹੈ। ਦੇਰ ਸ਼ਾਮ ਬਾਘ ਦੇ ਪੈਰਾਂ ਦੇ ਨਿਸ਼ਾਨ ਝਬੂਆ ਦੇ ਜੰਗਲ ਵਿੱਚ ਦੇਖੇ ਗਏ, ਜਿਸ ਕਾਰਨ ਪੁਲੀਸ ਅਤੇ ਟੀਮਾਂ ਨੇ ਸਥਾਨਕ ਲੋਕਾਂ ਨੂੰ ਸੁਚੇਤ ਕਰ ਦਿੱਤਾ ਹੈ। ਜ਼ਿਕਰਯੋਗ ਹੈ ਕਿ ਤਿੰਨ ਦਿਨ ਪਹਿਲਾਂ ਸਰਿਸਕਾ ਤੋਂ ਭੱਜਿਆ ਬਾਘ ਹਰਿਆਣਾ 'ਚ ਦਾਖ਼ਲ ਹੋਣ ਤੋਂ ਪਹਿਲਾਂ ਪੂਰੀ ਤਰ੍ਹਾਂ ਹਿੰਸਕ ਹੋ ਚੁੱਕਿਆ ਹੈ। ਬਾਘ ਨੇ ਹਰਿਆਣਾ ਦੀ ਹੱਦ ਨਾਲ ਲੱਗਦੇ ਰਾਜਸਥਾਨ ਦੇ ਦੋ ਪਿੰਡਾਂ ਦੇ ਖੇਤਾਂ ਵਿੱਚ ਕੰਮ ਕਰ ਰਹੇ ਕਿਸਾਨਾਂ 'ਤੇ ਹਮਲਾ ਕਰਕੇ ਉਨ੍ਹਾਂ ਨੂੰ ਜ਼ਖ਼ਮੀ ਕਰ ਦਿੱਤਾ ਹੈ। ਦੱਸਿਆ ਜਾ ਰਿਹਾ ਹੈ ਕਿ ਰਾਹਤ ਅਤੇ ਬਚਾਅ ਟੀਮ 'ਤੇ ਵੀ ਬਾਘ ਨੇ ਹਮਲਾ ਕੀਤਾ ਹੈ।

ਕਿਸ਼ਨਗੜ੍ਹ ਬਾਸ ਦੇ ਵਣ ਅਧਿਕਾਰੀ ਸੀਤਾਰਾਮ ਮੀਨਾ ਨੇ ਲੋਕਾਂ ਨੂੰ ਬਾਹਰ ਨਾ ਜਾਣ ਦੀ ਅਪੀਲ ਕੀਤੀ ਹੈ। ਉਨ੍ਹਾਂ ਦੱਸਿਆ ਕਿ ਟੀਮਾਂ ਬਾਘ ਨੂੰ ਫੜਨ ਦੀ ਕੋਸ਼ਿਸ਼ ਕਰ ਰਹੀਆਂ ਹਨ।

# ਦੀਪੇਂਦਰ ਹੁੱਡਾ ਵੱਲੋਂ ਰਾਦੌਰ ਵਿੱਚ ਪੈਦਲ ਮਾਰਚ



ਯਮੁਨਾਨਗਰ, 21 ਅਗਸਤ
-ਕੌਮੀ ਪੱਤ੍ਰਿਕਾ ਬਿਊਰੋ-
ਕਾਂਗਰਸ ਪਾਰਟੀ ਦੇ ਸੀਨੀਅਰ ਆਗੂ ਅਤੇ ਸੰਸਦ ਮੈਂਬਰ ਦੀਪੇਂਦਰ ਹੁੱਡਾ ਨੇ ਅੱਜ 'ਹਰਿਆਣਾ ਮੰਗੇ ਹਿਸਾਬ ਮੁਹਿੰਮ' ਤਹਿਤ ਰਾਦੌਰ ਵਿਧਾਨ ਸਭਾ ਹਲਕੇ ਵਿੱਚ ਪੈਦਲ ਮਾਰਚ ਕੀਤਾ। ਇਹ ਮਾਰਚ ਮੁੱਖ ਬਾਜ਼ਾਰ ਤੋਂ ਸ਼ੁਰੂ ਹੋ ਕੇ ਸਿਵਲ ਹਸਪਤਾਲ ਤੱਕ ਪੁੱਜਿਆ। ਇਸ ਦੌਰਾਨ ਕਹਿਰ ਦੀ ਗਰਮੀ ਦੇ ਬਾਵਜੂਦ ਦੀਪੇਂਦਰ ਹੁੱਡਾ ਨਾਲ ਲੋਕਾਂ ਦੀ ਵੱਡੀ ਭੀੜ ਸੜਕਾਂ 'ਤੇ ਉਤਰ ਆਈ। ਦੀਪੇਂਦਰ ਹੁੱਡਾ ਨੇ ਲੋਕਾਂ ਦੇ ਉਤਸ਼ਾਹ ਨੂੰ ਦੇਖਦਿਆਂ ਕਿਹਾ ਕਿ ਭਾਜਪਾ ਸਰਕਾਰ ਦੇ ਝੂਠੇ ਐਲਾਨਾਂ ਦਾ ਪਰਦਾਫਾਸ਼ ਹੋਣ ਤੋਂ ਬਚਣ ਲਈ ਕੇਂਦਰ ਦੀ ਭਾਜਪਾ ਸਰਕਾਰ ਨੇ ਹਰਿਆਣਾ ਵਿੱਚ ਚੋਣਾਂ ਦਾ ਐਲਾਨ ਜਲਦੀ ਕਰਵਾ ਕੇ ਚੋਣ ਜ਼ਾਬਤੇ ਵਜੋਂ ਆਪਣੇ ਹੀ ਐਲਾਨਾਂ ਦੀ ਬਲੀ ਦਿੱਤੀ ਹੈ। ਚੋਣਾਂ ਦੇ ਐਲਾਨ ਤੋਂ ਪਹਿਲਾਂ ਭਾਜਪਾ ਸਰਕਾਰ ਨੇ ਇੱਕ ਤੋਂ ਬਾਅਦ ਇੱਕ ਵੱਡੇ-ਵੱਡੇ ਐਲਾਨ ਕੀਤੇ ਪਰ ਇਨ੍ਹਾਂ 'ਚੋਂ ਇੱਕ ਵੀ ਐਲਾਨ ਪੂਰਾ ਨਹੀਂ ਕੀਤਾ ਕਿਉਂਕਿ ਭਾਜਪਾ ਇਨ੍ਹਾਂ ਨੂੰ ਪੂਰਾ ਨਹੀਂ ਕਰਨਾ ਚਾਹੁੰਦੀ। ਇਸ ਦਾ ਜਿਉਂਦਾ ਜਾਗਦਾ ਸਬੂਤ ਇਹ ਹੈ ਕਿ 10 ਸਾਲਾਂ ਤੋਂ ਭਾਜਪਾ ਨੇ ਲੋਕਾਂ ਨੂੰ 1100 ਰੁਪਏ ਦੇ ਸਿਲੰਡਰ 'ਤੇ ਰੋਟੀ ਬਣਾਉਣ ਲਈ ਮਜਬੂਰ ਕੀਤਾ ਪਰ ਪਿਛਲੇ ਮਹੀਨੇ 500 ਰੁਪਏ 'ਚ ਸਿਲੰਡਰ ਦੇਣ ਦਾ ਐਲਾਨ ਵੀ ਝੂਠਾ ਨਿਕਲਿਆ।

ਉਨ੍ਹਾਂ ਕਿਹਾ ਕਿ ਕੁਰੂਕਸ਼ੇਤਰ ਤੋਂ ਯਮੁਨਾਨਗਰ ਵਾਇਆ ਲਾਡਵਾ-ਰਾਦੌਰ ਤੱਕ ਚਾਰ ਮਾਰਗੀ ਕਰਨ ਦੀ ਮੰਗ 10 ਸਾਲਾਂ ਤੋਂ ਕੀਤੀ ਜਾ ਰਹੀ ਹੈ ਪਰ ਭਾਜਪਾ ਸਰਕਾਰ ਨੇ ਇੱਕ ਨਾ ਸੁਣੀ। ਹੁਣ ਜਦੋਂ ਚੋਣਾਂ ਦਾ ਐਲਾਨ ਹੋ ਗਿਆ ਹੈ ਤਾਂ ਲੋਕ ਨਿਰਮਾਣ ਵਿਭਾਗ ਦੇ ਅਧਿਕਾਰੀਆਂ ਨੂੰ ਧਿਆਨ ਨਾਲ ਸੁਣਨਾ ਚਾਹੀਦਾ ਹੈ ਕਿ 4 ਅਕਤੂਬਰ ਨੂੰ ਚੋਣ ਨਤੀਜੇ ਆਉਣ ਤੋਂ ਬਾਅਦ ਆਪਣੇ ਕੰਮ ਦੀ ਫਾਈਲ ਬਾਹਰ ਕੱਢ ਲੈਣ ਜੇਕਰ ਕਾਂਗਰਸ ਦੀ ਸਰਕਾਰ ਬਣੀ ਤਾਂ ਕੁਰੂਕਸ਼ੇਤਰ-ਯਮੁਨਾਨਗਰ ਨੂੰ ਚਾਰ ਮਾਰਗੀ ਬਣਾਇਆ ਜਾਵੇਗਾ ਅਤੇ ਲਾਡਵਾ ਰਾਦੌਰ ਵਿੱਚ ਬਾਈਪਾਸ ਬਣਾਇਆ ਜਾਵੇਗਾ। ਦੀਪੇਂਦਰ ਹੁੱਡਾ ਨੇ ਅੱਗੇ ਕਿਹਾ ਕਿ ਅਜਿਹਾ ਕੋਈ ਪਰਿਵਾਰ ਨਹੀਂ ਜਿਸ ਨੂੰ ਭਾਜਪਾ ਨੇ ਧੋਖਾ ਨਾ ਦਿੱਤਾ ਹੋਵੇ, ਅਜਿਹਾ ਕੋਈ ਵਰਗ ਨਹੀਂ ਜਿਸ ਨੂੰ ਭਾਜਪਾ ਨੇ ਕੁੱਟਿਆ ਨਾ ਹੋਵੇ। ਕਿਸਾਨ, ਮਜ਼ਦੂਰ, ਔਰਤਾਂ, ਮੁਲਾਜ਼ਮ, ਸਰਪੰਚ, ਖਿਡਾਰੀ ਸਮੇਤ ਕੋਈ ਵੀ ਅਜਿਹਾ ਨਹੀਂ ਬਚਿਆ ਜਿਸ 'ਤੇ ਭਾਜਪਾ ਸਰਕਾਰ ਨੇ ਲਾਠੀਚਾਰਜ ਨਾ ਕੀਤਾ ਹੋਵੇ। ਹੁਣ ਹਰਿਆਣਾ ਦੇ ਲੋਕਾਂ ਨੇ ਫੈਸਲਾ ਕਰ ਲਿਆ ਹੈ ਕਿ 'ਅਕਤੂਬਰ ਚਾਰ, ਭਾਜਪਾ ਬਾਹਰ ਕਰਨੀ ਹੈ'। ਉਨ੍ਹਾਂ ਕਿਹਾ ਕਿ ਕਾਂਗਰਸ ਦੀ ਸਰਕਾਰ ਬਣਨ 'ਤੇ ਸੂਬੇ ਨੂੰ ਨਸ਼ਾ ਮੁਕਤ ਅਤੇ ਅਪਰਾਧ ਮੁਕਤ ਹਰਿਆਣਾ ਬਣਾਇਆ ਜਾਵੇਗਾ ਅਤੇ ਹਰਿਆਣਾ ਨੂੰ ਵਿਕਾਸ, ਨਿਵੇਸ਼, ਸਿੱਖਿਆ ਅਤੇ ਸਿਹਤ ਦੇ ਖੇਤਰ ਵਿੱਚ ਪਹਿਲੇ ਨੰਬਰ 'ਤੇ ਬਣਾਇਆ ਜਾਵੇਗਾ।

ਇਸ ਮੌਕੇ ਵਿਧਾਇਕ ਬੀਐਲ ਸੈਣੀ, ਸਾਬਕਾ ਸੰਸਦ ਮੈਂਬਰ ਕੈਲਾਸ਼ੋ ਸੈਣੀ, ਸਾਬਕਾ ਵਿਧਾਇਕ ਲਹਿਰੀ ਸਿੰਘ, ਸਾਬਕਾ ਮੰਤਰੀ ਸੁਭਾਸ਼ ਚੌਧਰੀ, ਸਾਬਕਾ ਵਿਧਾਇਕ ਰਾਕੇਸ਼ ਕੰਬੋਜ, ਪ੍ਰੋਫੈਸਰ ਵਰਿੰਦਰ, ਜੈਦੀਪ ਧਨਖੜ ਸਮੇਤ ਯੂਥ ਕਾਂਗਰਸ, ਸੇਵਾ ਦਲ, ਮਹਿਲਾ ਕਾਂਗਰਸ, ਐਨਐਸਯੂਆਈ ਦੇ ਅਹੁਦੇਦਾਰ, ਵਰਕਰ ਅਤੇ ਵੱਡੀ ਗਿਣਤੀ ਵਿੱਚ ਸਥਾਨਕ ਲੋਕ ਹਾਜ਼ਰ ਸਨ।

# ਬ੍ਰਹਮ ਕੁਮਾਰੀ ਭੈਣਾਂ ਨੇ ਕੈਦੀਆਂ ਦੇ ਰੱਖੜੀਆਂ ਬੰਨ੍ਹੀਆਂ



ਸ਼ਾਹਬਾਦ ਮਾਰਕੰਡਾ, 21 ਅਗਸਤ
-ਕੌਮੀ ਪੱਤ੍ਰਿਕਾ ਬਿਊਰੋ-
ਬ੍ਰਹਮ ਕੁਮਾਰੀ ਵਿਸ਼ਵ ਸ਼ਾਂਤੀ ਧਾਮ ਕੁਰੂਕਸ਼ੇਤਰ ਦੀ ਇੰਚਾਰਜ ਬ੍ਰਹਮਾ ਕੁਮਾਰੀ ਸਰੋਜ ਭੈਣ ਦੀ ਅਗਵਾਈ ਹੇਠ ਬੀਕੇ ਭੈਣਾਂ ਨੇ ਜੇਲ੍ਹ ਵਿਚ ਬੰਦ ਕੈਦੀਆਂ ਨੂੰ ਰੱਖੜੀ ਬੰਨ੍ਹ ਕੇ ਰੱਖੜੀ ਦਾ ਤਿਉਹਾਰ ਮਨਾਇਆ। ਇਸ ਦੌਰਾਨ ਕੈਦੀਆਂ ਨੇ ਬ੍ਰਹਮ ਕੁਮਾਰੀ ਭੈਣਾਂ ਨਾਲ ਵਾਅਦਾ ਕੀਤਾ ਕਿ ਜੇਲ੍ਹ ਤੋਂ ਰਿਹਾਅ ਹੋਣ ਤੋਂ ਬਾਅਦ ਉਹ ਹੁਣ ਇਕ ਸਾਫ ਸੁਥਰੇ ਸਮਾਜ ਵਿਚ ਯੋਗਦਾਨ ਪਾਉਣਗੇ। ਇਸ ਦੌਰਾਨ ਜ਼ਿਲ੍ਹਾ ਜੇਲ੍ਹ ਦੇ ਸੁਪਰਡੈਂਟ ਸੋਮ ਨਾਥ ਜਗਤ ਤੇ ਸਮੂਹ ਸਟਾਫ ਨੇ ਵੀ ਬ੍ਰਹਮ ਕੁਮਾਰੀ ਭੈਣਾਂ ਦੇ ਇਸ ਉਪਰਾਲੇ ਦੀ ਸ਼ਲਾਘਾ ਕਰਦਿਆਂ ਉਨ੍ਹਾਂ ਨੂੰ ਆਪਣੇ ਵਲੋਂ ਹਰ ਸੰਭਵ ਸਹਿਯੋਗ ਦੇਣ ਦਾ ਭਰੋਸਾ ਦਿੱਤਾ। ਉਨ੍ਹਾਂ ਕਿਹਾ ਕਿ ਭਾਰਤ ਦਾ ਇਹ ਤਿਉਹਾਰ ਵਿਸ਼ਵ ਵਿਚ ਆਪਣੀ ਕਿਸਮ ਦਾ ਵਿਲੱਖਣ ਤਿਉਹਾਰ ਹੈ। ਇਸ ਦਿਨ ਭੈਣਾਂ ਆਪਣੇ ਭਰਾਵਾਂ ਨੂੰ ਰੱਖੜੀ ਬੰਨ੍ਹਦੀਆਂ ਹਨ ਤੇ ਉਨ੍ਹਾਂ ਨੂੰ ਸ਼ੁਭਕਾਮਨਾਵਾਂ ਦਿੰਦੀਆਂ ਹਨ। ਅੱਜ ਇਨ੍ਹਾਂ ਬ੍ਰਹਮਾ ਕੁਮਾਰੀ ਭੈਣਾਂ ਨੇ ਕੈਦੀਆਂ ਨੂੰ ਇਕ ਦੂਜੇ ਨਾਲ ਪਿਆਰ ਕਰਨ ਭਾਈਚਾਰਕ ਸਾਂਝ ਨਾਲ ਰਹਿਣ ਦਾ ਸੁਨੇਹਾ ਦਿੱਤਾ। ਉਨ੍ਹਾਂ ਕਿਹਾ ਕਿ ਇਹ ਪਿਆਰਾ ਰਖੱੜੀ ਦਾ ਤਿਉਹਾਰ ਹੈ ਜੋ ਸਾਨੂੰ ਸਭ ਨੂੰ ਏਕਤਾ ਦੇ ਸੂਤਰ ਵਿਚ ਬੰਨਦਾ ਹੈ ਤੇ ਬੁਰਾਈਆਂ ਤੋਂ ਬਚਾਉਂਦਾ ਹੈ। ਇਹ ਸਾਡੇ ਲਈ ਇਕ ਅਨਮੋਲ ਬ੍ਰਹਮ ਤੋਹਫਾ ਹੈ।ਇਸ ਲਈ ਸ਼ੁਧਤਾ ਦੇ ਮਜਬੂਤ ਸੰਕਲਪ ਨਾਲ ਆਪਣੇ ਗੁੱਟ ਤੇ ਰਖੱੜੀ ਬੰਨੋ। ਪਵਿੱਤਰਤਾ ਸੁੱਖ ਤੇ ਸ਼ਾਂਤੀ ਦੀ ਮਾਂ ਹੈ। ਇਸ ਤੋਂ ਪਹਿਲਾਂ ਬ੍ਰਹਮ ਕੁਮਾਰੀ ਰਾਧਾ ਭੈਣ ਨੇ ਜੇਲ੍ਹ ਸੁਪਰਡੈਂਟ, ਡੀਐੱਸਪੀ ਅਸ਼ਵਨੀ ਕੁਮਾਰ ਤੇ ਸਾਰੇ ਸਟਾਫ ਨੂੰ ਵੀ ਰੱਖੜੀ ਬੰਨ੍ਹੀ ਤੇ ਮੂੰਹ ਮਿੱਠਾ ਕਰਾਇਆ। ਇਸ ਮੌਕੇ ਬ੍ਰਹਮਾ ਕੁਮਾਰੀ ਸੇਵਾ ਕੇਂਦਰ ਤੋਂ ਬੀਕੇ ਪੁਸ਼ਪਾ, ਬੀਕੇ ਬਿਮਲਾ ਦੇਵੀ, ਬੀਕੇ ਹੀਰਾ ਭੈਣ, ਬੀਕੇ ਸੰਤ ਕੁਮਾਰ ਤੇ ਬੀਕੇ ਕਰਨ ਸਿੰਘ ਮੌਜੂਦ ਸਨ।

# ਸਰਕਾਰ ਬਣਨ 'ਤੇ ਹਰਿਆਣਾ ਨੂੰ ਬਣਾਵਾਂਗੇ ਅੱਵਲ ਨੰਬਰ ਸੂਬਾ: ਦੀਪੇਂਦਰ



ਅੰਬਾਲਾ, 21 ਅਗਸਤ
-ਕੌਮੀ ਪੱਤ੍ਰਿਕਾ ਬਿਊਰੋ-
ਸੰਸਦ ਮੈਂਬਰ ਦੀਪੇਂਦਰ ਹੁੱਡਾ ਨੇ ਅੱਜ ਸ਼ਾਮ ਨੂੰ 'ਹਰਿਆਣਾ ਮਾਂਗੇ ਹਿਸਾਬ' ਮੁਹਿੰਮ ਤਹਿਤ ਅੰਬਾਲਾ ਛਾਉਣੀ ਵਿਧਾਨ ਸਭਾ ਹਲਕੇ ਦੇ ਕਾਂਗਰਸ ਭਵਨ ਤੋਂ ਪੈਦਲ ਯਾਤਰਾ ਸ਼ੁਰੂ ਕੀਤੀ। ਇਸ ਦੌਰਾਨ ਉਨ੍ਹਾਂ ਕਿਹਾ ਕਿ ਸੂਬੇ 'ਚ ਕਾਂਗਰਸ ਦੀ ਸਰਕਾਰ ਬਣਨ 'ਤੇ ਬਜ਼ੁਰਗਾਂ ਨੂੰ ਛੇ ਹਜ਼ਾਰ ਰੁਪਏ ਪ੍ਰਤੀ ਮਹੀਨਾ ਬੁਢਾਪਾ ਪੈਨਸ਼ਨ, ਹਰ ਪਰਿਵਾਰ ਨੂੰ 300 ਯੂਨਿਟ ਮੁਫ਼ਤ ਬਿਜਲੀ, 500 ਰੁਪਏ 'ਚ ਔਰਤਾਂ ਲਈ ਐਲਪੀਜੀ ਸਿਲੰਡਰ ਦਿੱਤਾ ਜਾਵੇਗਾ ਅਤੇ ਪੁਰਾਣੀ ਪੈਨਸ਼ਨ ਸਕੀਮ ਬਹਾਲੀ ਕੀਤੀ ਜਾਵੇਗੀ ਅਤੇ ਵਿਕਾਸ, ਨਿਵੇਸ਼, ਸਿੱਖਿਆ ਤੇ ਸਿਹਤ ਪੱਖੋਂ ਹਰਿਆਣਾ ਨੂੰ ਨੰਬਰ ਇਕ ਸੂਬਾ ਬਣਾਇਆ ਜਾਵੇਗਾ।

ਇਹ ਯਾਤਰਾ ਜੈਨ ਸੋਢਾ ਵਾਟਰ ਫੈਕਟਰੀ ਚੌਂਕ, ਵਿਜੇ ਰਤਨ ਚੌਕ, ਰਾਏ ਮਾਰਕੀਟ ਤੋਂ ਹੁੰਦੀ ਹੋਈ ਮੋਟਰ ਮਾਰਕੀਟ ਵਿਖੇ ਸਮਾਪਤ ਹੋਈ।

ਦੀਪੇਂਦਰ ਹੁੱਡਾ ਨੇ ਆਪਣੇ ਸੰਬੋਧਨ ਵਿਚ ਕਿਹਾ ਕਿ ਝੂਠੇ ਐਲਾਨਾਂ ਦਾ ਪਰਦਾਫਾਸ਼ ਹੋਣ ਤੋਂ ਬਚਣ ਲਈ ਕੇਂਦਰ ਦੀ ਭਾਜਪਾ ਸਰਕਾਰ ਨੇ ਹਰਿਆਣਾ ਵਿੱਚ ਚੋਣਾਂ ਦਾ ਐਲਾਨ ਜਲਦੀ ਕਰਵਾ ਕੇ ਚੋਣ ਜ਼ਾਬਤੇ ਵਜੋਂ ਆਪਣੇ ਹੀ ਐਲਾਨਾਂ ਦੀ ਬਲੀ ਦੇ ਦਿੱਤੀ। ਦੀਪੇਂਦਰ ਹੁੱਡਾ ਨੇ ਕਿਹਾ ਕਿ ਸੂਬੇ 'ਚ ਕਾਂਗਰਸ ਦੀ ਸਰਕਾਰ ਬਣਨ 'ਤੇ ਕਿਸਾਨਾਂ ਨੂੰ ਘੱਟੋ-ਘੱਟ ਸਮਰਥਨ ਮੁੱਲ ਅਤੇ ਸਭ ਤੋਂ ਵੱਧ ਕੀਮਤ ਦੀ ਗਾਰੰਟੀ, ਦੋ ਲੱਖ ਖ਼ਾਲੀ ਸਰਕਾਰੀ ਅਸਾਮੀਆਂ 'ਤੇ ਯੋਗ ਹਰਿਆਣਵੀ ਨੌਜਵਾਨਾਂ ਦੀ ਸਮਾਂਬੱਧ ਭਰਤੀ, ਗਰੀਬ ਪਰਿਵਾਰਾਂ ਨੂੰ 100 ਗਜ਼ ਦਾ ਮੁਫਤ ਪਲਾਟ ਤੇ 3.5 ਲੱਖ ਰੁਪਏ ਦੀ ਲਾਗਤ ਨਾਲ ਦੋ ਕਮਰਿਆਂ ਦਾ ਮਕਾਨ, ਪਛੜੀ ਸ਼੍ਰੇਣੀ ਦੀ ਕ੍ਰੀਮੀ ਲੇਅਰ ਆਮਦਨ ਸੀਮਾ ਨੂੰ 10 ਲੱਖ ਤੱਕ ਵਧਾਇਆ ਜਾਵੇਗਾ। ਇਸ ਮੌਕੇ ਸੰਸਦ ਮੈਂਬਰ ਵਰੁਣ ਮੁਲਾਣਾ, ਸਾਬਕਾ ਮੰਤਰੀ ਨਿਰਮਲ ਸਿੰਘ, ਚਿੱਤਰਾ ਸਰਵਾਰਾ, ਪ੍ਰੋ. ਵਰਿੰਦਰ, ਜੈਦੀਪ ਧਨਖੜ ਆਦਿ ਹਾਜ਼ਰ ਸਨ।

# ਜਦੋਂ ਪਿੰਡ ਦੀ ਸਟੇਜ 'ਤੇ ਹੀ ਸੌਂ ਗਈ ਵਿਨੇਸ਼ ਫੋਗਾਟ



ਹਿਸਾਰ,21 ਅਗਸਤ
-ਕੌਮੀ ਪੱਤ੍ਰਿਕਾ ਬਿਊਰੋ-
ਭਾਰਤੀ ਪਹਿਲਵਾਨ ਵਿਨੇਸ਼ ਫੋਗਾਟ ਨੂੰ ਓਲੰਪਿਕ 'ਚ ਭਾਵੇਂ ਕੋਈ ਤਗਮਾ ਤਾਂ ਨਹੀਂ ਮਿਲਿਆ ਪਰ ਦੇਸ਼ ਪਰਤਣ 'ਤੇ ਮਿਲੇ ਲੋਕਾਂ ਤੋਂ ਪਿਆਰ ਕਾਰਨ ਉਹ ਅਤਿਅੰਤ ਭਾਵੁਕ ਹੋ ਗਈ। ਉਹ ਅੱਧੀ ਰਾਤ ਨੂੰ ਚਰਖੀ ਦਾਦਰੀ ਜ਼ਿਲ੍ਹੇ ਦੇ ਆਪਣੇ ਜੱਦੀ ਪਿੰਡ ਬਲਾਲੀ ਪਹੁੰਚੀ। ਰੁਝੇਵੇਂ ਭਰੇ ਸਫ਼ਰ ਤੋਂ ਬਾਅਦ ਉਹ ਇੰਨੀ ਜ਼ਿਆਦਾ ਥੱਕ ਚੁੱਕੀ ਸੀ ਕਿ ਉਹ ਉਸ ਦਾ ਸਨਮਾਨ ਕਰਨ ਲਈ ਲਗਾਈ ਗਈ ਸਟੇਜ 'ਤੇ ਹੀ ਸੌਂ ਗਈ। ਸਟੇਜ 'ਤੇ ਪਹੁੰਚਦਿਆਂ ਹੀ ਉਹ ਥੱਕੀ, ਟੁੱਟੀ ਹੋਈ ਮਹਿਸੂਸ ਕਰ ਰਹੀ ਸੀ। ਗੱਡੀ ਦੇ ਉੱਪਰ ਬੈਠ ਕੇ ਲੰਬਾ ਸਫ਼ਰ ਤੈਅ ਕਰਕੇ ਉਹ ਇੰਨੀ ਜ਼ਿਆਦਾ ਥੱਕ ਚੁੱਕੀ ਸੀ। ਉਸ ਨੇ ਦਿੱਲੀ ਦੇ ਇੰਦਰਾ ਗਾਂਧੀ ਕੌਮਾਂਤਰੀ ਹਵਾਈ ਅੱਡੇ ਤੋਂ ਬਲਾਲੀ ਪਿੰਡ ਤੱਕ ਦਾ ਲਗਪਗ 125 ਕਿਲੋਮੀਟਰ ਦਾ ਸਫਰ 13 ਘੰਟਿਆਂ ਵਿੱਚ ਤੈਅ ਕੀਤਾ। ਪਿੰਡ ਨੂੰ ਜਾਂਦੇ ਸਮੇਂ ਕਰੀਬ ਸੌ ਥਾਵਾਂ 'ਤੇ ਉਸ ਦਾ ਸਨਮਾਨ ਕੀਤਾ ਗਿਆ।

# ਕੋਲਕਾਤਾ ਕਾਂਡ ਖ਼ਿਲਾਫ਼ ਮੋਮਬੱਤੀ ਮਾਰਚ




ਸ੍ਰੀ ਮੁਕਤਸਰ ਸਾਹਿਬ, 21 ਅਗਸਤ
-ਕੌਮੀ ਪੱਤ੍ਰਿਕਾ ਬਿਊਰੋ-
ਕੋਲਕਾਤਾ ਵਿੱਚ ਰੈਜ਼ੀਡੈਂਟ ਡਾਕਟਰ ਨਾਲ ਸਮੂਹਿਕ ਜਬਰ-ਜਨਾਹ ਤੋਂ ਬਾਅਦ ਕਤਲ ਕਰਨ ਤੋਂ ਬਾਅਦ ਮੁਲਜ਼ਮਾਂ ਖ਼ਿਲਾਫ਼ ਕਾਰਵਾਈ ਨਾ ਹੋਣ ਦੇ ਰੋਸ ਵਜੋਂ ਆਈਐੱਮਏ ਦੇ ਪ੍ਰਧਾਨ ਡਾ. ਰੰਜੂ ਸਿੰਗਲਾ ਦੀ ਅਗਵਾਈ ਹੇਠ ਡਾਕਟਰਾਂ ਵੱਲੋਂ ਮੋਮਬੱਤੀ ਮਾਰਚ ਕੀਤਾ ਗਿਆ। ਇਸ ਦੇ ਨਾਲ ਹੀ ਸਾਰੇ ਪ੍ਰਾਈਵੇਟ ਹਸਪਤਾਲਾਂ ਵਿੱਚ 24 ਘੰਟਿਆਂ ਲਈ ਓਪੀਡੀ ਬੰਦ ਰੱਖਣ ਦਾ ਵੀ ਫੈਸਲਾ ਕੀਤਾ ਗਿਆ। ਸਰਕਾਰੀ ਹਸਪਤਾਲਾਂ ਵੱਲੋਂ ਪਹਿਲਾਂ ਹੀ ਓਪੀਡੀ ਬੰਦ ਕੀਤੀ ਹੋਈ ਹੈ। ਇਸ ਮੌਕੇ ਡਾ. ਰੰਜੂ ਸਿੰਗਲਾ, ਡਾ. ਵਿਕਰਮਜੀਤ, ਡਾ. ਸੁਖਵਿੰਦਰ ਸਿੰਘ, ਡਾ. ਬਲਬੀਰ ਸਿੰਘ ਧਾਲੀਵਾਲ, ਡਾ. ਤਰਸੇਮ ਬਾਂਸਲ, ਡਾ. ਅਸ਼ੋਕ ਕਮਰਾ, ਡਾ. ਨਵਦੀਪ ਗਰੋਵਰ ਮੌਜੂਦ ਸਨ।ਕੋਲਕਾਤਾ ਵਿੱਚ ਡਾਕਟਰ ਨਾਲ ਜਬਰ-ਜਨਾਹ ਕੀਤੇ ਜਾਣ ਮਗਰੋਂ ਉਸ ਦਾ ਕਤਲ ਕੀਤੇ ਜਾਣ ਦੇ ਮਾਮਲੇ ਵਿੱਚ ਡਾਕਟਰ ਨੂੰ ਇਨਸਾਫ ਦਿਵਾਉਣ ਲਈ ਇੱਥੇ ਇੰਡੀਅਨ ਮੈਡੀਕਲ ਐਸੋਸੀਏਸ਼ਨ (ਆਈਐੱਮਏ) ਵੱਲੋਂ ਮੋਮਬੱਤੀ ਮਾਰਚ ਕੱਢਿਆ ਗਿਆ।ਜਾਣਕਾਰੀ ਦਿੰਦਿਆਂ ਆਈਐੱਮਏ ਰਾਮਪੁਰਾ ਫੂਲ ਦੇ ਪ੍ਰਧਾਨ ਡਾ. ਗੁਰਪ੍ਰੀਤ ਸਿੰਘ ਮਾਹਲ ਨੇ ਦੱਸਿਆ ਕਿ ਕੋਲਕਾਤਾ ਵਿੱਚ ਹੋਏ ਡਾਕਟਰ ਦੇ ਜਬਰ-ਜਨਾਹ ਤੇ ਕਤਲ ਮਾਮਲੇ ਵਿੱਚ ਇਨਸਾਫ ਦਿਵਾਉਣ ਲਈ ਇਹ ਮੋਮਬੱਤੀ ਮਾਰਚ ਤੇ ਰੋਸ ਮਾਰਚ ਸਿਵਲ ਹਸਪਤਾਲ ਰਾਮਪੁਰਾ ਫੂਲ ਤੋਂ ਸ਼ੁਰੂ ਹੋ ਕੇ ਮੇਨ ਚੌਕ ਭਗਤ ਸਿੰਘ ਦੇ ਬੁੱਤ ਤੱਕ ਕੱਢਿਆ ਗਿਆ। ਇਸ ਉਪਰੰਤ ਮੋਮਬੱਤੀਆਂ ਬਾਲ ਕੇ ਇਕ ਮਿੰਟ ਦਾ ਮੌਨ ਰੱਖਿਆ ਗਿਆ।ਕੌਮੀ ਆਈਐੱਮਏ ਦੇ ਸੱਦੇ 'ਤੇ ਬਰਨਾਲਾ ਦੇ ਸਮੂਹ ਪਾਈਵੇਟ ਹਸਪਤਾਲਾਂ ਦੇ ਡਾਕਟਰਾਂ ਵੱਲੋਂ ਕੋਲਕੱਤਾ ਦੇ ਹਸਪਤਾਲ 'ਚ ਵਾਪਰੀ ਘਟਨਾ ਸਬੰਧੀ ਹੜਤਾਲ ਕਰਕੇ ਸਾਰੀਆਂ ਸੇਵਾਵਾਂ ਠੱਪ ਰੱਖੀਆਂ ਗਈਆਂ। ਸਮੂਹ ਡਾਕਟਰਾਂ ਨੇ ਨਾਅਰੇਬਾਜ਼ੀ ਕਰਦਿਆਂ ਕਿਹਾ ਕਿ ਕੋਲਕੱਤਾ ਦੇ ਹਸਪਤਾਲ ਵਿੱਚ ਡਾਕਟਰ ਨਾਲ ਕੀਤੇ ਜਬਰ-ਜਨਾਹ ਅਤੇ ਉਸ ਦੀ ਹੱਤਿਆ ਦੀ ਉੱਚ ਪੱਧਰੀ ਜਾਂਚ ਕਰਵਾ ਕੇ ਮੁਲਜ਼ਮਾਂ ਨੂੰ ਬਣਦੀ ਕਾਨੂੰਨੀ ਸਖ਼ਤ ਸਜ਼ਾ ਦਿੱਤੀ ਜਾਵੇ। ਰੋਸ ਪ੍ਰਦਰਸ਼ਨ 'ਚ ਸ਼ਾਮਲ ਮਹਿਲਾ ਡਾਕਟਰਾਂ ਨੇ ਇਨਸਾਫ਼ ਲਈ ਸੰਘਰਸ਼ ਕਰਨ ਦਾ ਸੱਦਾ ਦਿੱਤਾ। ਜ਼ਿਲ੍ਹਾ ਬਰਨਾਲਾ ਆਈਐੱਮਏ ਦੇ ਪ੍ਰਧਾਨ ਡਾ. ਨਵਦੀਪ ਸਿੰਘ ਨੇ ਕਿਹਾ ਕਿ ਇਹੋ ਜਿਹੀ ਘਿਣਾਉਣੀ ਹਰਕਤ ਕਰਨ ਵਾਲੇ ਮੁਲਜ਼ਮਾਂ ਨੂੰ ਫ਼ਾਂਸੀ ਦੀ ਸਜ਼ਾ ਹੋਣੀ ਚਾਹੀਦੀ ਹੈ। ਇਸ ਮੌਕੇ ਆਈਐੱਮਏ ਦੇ ਜਨਰਲ ਸਕੱਤਰ ਰੋਹਿਤ ਬਾਂਸਲ,, ਖਜ਼ਾਨਚੀ ਡਾ. ਰਾਜਿੰਦਰ ਸਿੰਗਲਾ ਮੌਜੂਦ ਸਨ।ਪੱਛਮੀ ਬੰਗਾਲ ਵਿੱਚ ਮਹਿਲਾ ਡਾਕਟਰ ਨਾਲ ਵਾਪਰੀ ਘਿਨਾਉਣੀ ਘਟਨਾ ਉੱਤੇ ਸਖ਼ਤ ਇਤਰਾਜ਼ ਪ੍ਰਗਟ ਕਰਦੇ ਹੋਏ ਆਈਐੱਮਏ ਨੇ ਓਪੀਡੀ ਸੇਵਾਵਾਂ ਬੰਦ ਰੱਖੀਆਂ। ਸਿਰਫ ਐਮਰਜੈਂਸੀ ਸੇਵਾਵਾਂ ਜਾਰੀ ਰਹੀਆਂ। ਪ੍ਰਾਈਵੇਟ ਹਸਪਤਾਲਾਂ ਵਿੱਚ ਓਪੀਡੀ ਬੰਦ ਹੋਣ ਕਾਰਨ ਆਮ ਲੋਕਾਂ ਨੂੰ ਭਾਰੀ ਦਿੱਕਤਾਂ ਦਾ ਸਾਹਮਣਾ ਕਰਨਾ ਪਿਆ। ਲੋਕਾਂ ਨੂੰ ਮਜਬੂਰਨ ਜ਼ਿਲ੍ਹਾ ਸਿਵਲ ਹਸਪਤਾਲ ਜਾਣਾ ਪਿਆ ਜਿਸ ਕਰਕੇ ਉੱਥੇ ਭੀੜ ਜ਼ਿਆਦਾ ਹੋਣ ਕਾਰਨ ਲੋਕਾਂ ਨੂੰ ਦਿੱਕਤ ਦਾ ਸਾਹਮਣਾ ਕਰਨਾ ਪਿਆ। ਆਈਐੱਮਏ ਸਿਰਸਾ ਦੇ ਸੀਨੀਅਰ ਮੈਂਬਰ ਡਾਕਟਰ ਅਸ਼ੋਕ ਪਾਰੀਕ ਨੇ ਮੰਗ ਕੀਤੀ ਕਿ ਕੇਂਦਰ ਸਰਕਾਰ ਇਸ ਮਾਮਲੇ ਦਾ ਤੁਰੰਤ ਨੋਟਿਸ ਲੈ ਕੇ ਮੁਲਜ਼ਮਾਂ ਨੂੰ ਸਖ਼ਤ ਤੋਂ ਸਖ਼ਤ ਸਜ਼ਾ ਦੇਵੇ, ਤਾਂ ਜੋ ਭਵਿੱਖ 'ਚ ਅਜਿਹੀਆਂ ਘਟਨਾਵਾਂ ਨਾ ਵਾਪਰਨ। ਡਾ. ਅਸ਼ੀਸ਼ ਖੁਰਾਣਾ ਨੇ ਦੱਸਿਆ ਕਿ ਆਈਐੱਮਏ ਦੇ ਸੱਦੇ 'ਤੇ ਸ਼ਨਿਚਰਵਾਰ ਸਵੇਰੇ 6 ਤੋਂ ਐਤਵਾਰ ਸਵੇਰੇ 6 ਵਜੇ ਤੱਕ ਓਪੀਡੀ ਬੰਦ ਰੱਖਣ ਦਾ ਸੱਦਾ ਦਿੱਤਾ ਗਿਆ ਸੀ। ਸਿਰਫ਼ ਐਮਰਜੈਂਸੀ ਸੇਵਾਵਾਂ ਹੀ ਜਾਰੀ ਹਨ। ਆਈਐੱਮਏ ਦੀ ਮੀਟਿੰਗ ਚੱਲ ਰਹੀ ਹੈ। ਮੀਟਿੰਗ ਵਿੱਚ ਆਉਣ ਵਾਲੇ ਅੰਦੋਲਨ ਸਬੰਧੀ ਫੈਸਲੇ ਲਏ ਜਾਣਗੇ। ਜੇ ਸਰਕਾਰ ਨੇ ਇਸ ਮਾਮਲੇ ਵਿੱਚ ਤੁਰੰਤ ਕਾਰਵਾਈ ਨਾ ਕੀਤੀ ਤਾਂ ਆਉਣ ਵਾਲੇ ਅੰਦੋਲਨ ਦੀ ਰੂਪਰੇਖਾ ਉਲੀਕੀ ਜਾਵੇਗੀ।

# ਦਰਣੋਚਾਰੀਆ ਸਟੇਡੀਅਮ ਵਿੱਚ ਜ਼ਿਲ੍ਹਾ ਪੱਧਰੀ ਖੇਡ ਮੁਕਾਬਲੇ ਕਰਵਾਏ



ਸ਼ਾਹਬਾਦ ਮਾਰਕੰਡਾ, 21 ਅਗਸਤ
-ਕੌਮੀ ਪੱਤ੍ਰਿਕਾ ਬਿਊਰੋ-
ਇੱਥੇ ਹਰਿਆਣਾ ਸੀਐੱਮ ਕੱਪ 2024 ਤਹਿਤ ਦਰਣੋਚਾਰੀਆ ਸਟੇਡੀਅਮ ਵਿੱਚ ਜ਼ਿਲ੍ਹਾ ਪੱਧਰੀ ਵਾਲੀਵਾਲ, ਖੋ-ਖੋ , ਬਾਸਕਟਬਾਲ, ਕਬੱਡੀ, ਹੈਂਡ ਬਾਲ ਤੇ ਫੁਟਬਾਲ ਮੁਕਾਬਲੇ ਕਰਵਾਏ ਗਏ। ਇਨ੍ਹਾਂ ਵਿੱਚ ਜ਼ਿਲ੍ਹਾ ਫ਼ਤਿਹਬਾਦ ਦੇ ਸਾਰੇ ਬਲਾਕਾਂ ਪਿਹੋਵਾ, ਸ਼ਾਹਬਾਦ, ਲਾਡਵਾ, ਬਾਬੈਨ, ਇਸਮਾਈਲਾਬਾਦ, ਪਿਪਲੀ ਤੇ ਥਾਨੇਸਰ ਦੀਆਂ ਟੀਮਾਂ ਨੇ ਹਿੱਸਾ ਲਿਆ। ਜ਼ਿਲ੍ਹਾ ਖੇਡ ਅਧਿਕਰੀ ਮਨੋਜ ਕੁਮਾਰ ਨੇ ਦੱਸਿਆ ਕਿ ਇਨ੍ਹਾਂ ਖੇਡਾਂ ਵਿਚ ਪਹਿਲਾ ਸਥਾਨ ਪ੍ਰਾਪਤ ਕਰਨ ਵਾਲੀਆਂ ਟੀਮਾਂ ਜ਼ੋਨ ਪੱਧਰੀ ਮੁਕਾਬਲਿਆਂ ਵਿਚ ਹਿੱਸਾ ਲੈਣਗੀਆਂ, ਜੋ ਕਿ ਜ਼ਿਲ੍ਹਾ ਅੰਬਾਲਾ ਵਿਚ 21 ਅਗਸਤ ਨੂੰ ਕਰਵਾਏ ਜਾਣਗੇ। ਉਨ੍ਹਾਂ ਦੱਸਿਆ ਕਿ ਬਲਾਕ ਪੱਧਰੀ ਮੁਕਾਬਲਿਆਂ ਵਿਚ ਲੜਕਿਆਂ ਤੇ ਲੜਕੀਆਂ ਦੇ ਬਾਸਕਟਬਾਲ ਮੁਕਾਬਲੇ ਵਿਚ ਥਾਨੇਸਰ ਬਲਾਕ ਦੇ ਦਰੋਣਾਚਾਰੀਆ ਸਟੇਡੀਅਮ ਟੀਮ ਪਹਿਲੇ ਸਥਾਨ 'ਤੇ , ਲੜਕਿਆਂ ਦੀ ਕਬੱਡੀ ਵਿਚ ਥਾਨੇਸਰ ਦੀ ਕੇਯੂਕੇ ਚੈਲੇਂਜਰ ਤੇ ਲੜਕੀਆਂ ਦੀ ਕਬੱਡੀ ਟੀਮ ਵਿਚ ਲਾਡਵਾ ਸਰਕਾਰੀ ਸਕੂਲ ਦੀ ਟੀਮ ਨੇ ਪਹਿਲਾ ਹਾਸਲ ਕੀਤਾ। ਇਸੇ ਤਰ੍ਹਾਂ ਲੜਕਿਆਂ ਦੇ ਹੈਂਡਬਾਲ ਮੁਕਾਬਲੇ ਵਿਚ ਥਾਨੇਸਰ ਤੇ ਲੜਕੀਆਂ ਦੀ ਹੈਂਡਬਾਲ ਵਿਚ ਸ਼ਾਹਬਾਦ ਦੀ ਸਤਲੁਜ ਸੀਨਅਰ ਸੈਕੰਡਰੀ ਸਕੂਲ ਦੀ ਟੀਮ ਨੇ ਪਹਿਲਾ ਸਥਾਨ ਹਾਸਲ ਕੀਤਾ। ਲੜਕਿਆਂ ਦੇ ਖੋ-ਖੋ ਮੁਕਾਬਲੇ ਵਿਚ ਥਾਨੇਸਰ ਦੇ ਸਰਕਾਰੀ ਸਕੂਲ ਦੇਵੀਦਾਸਪੁਰਾ ਟੀਮ ਜੇਤੂ ਰਹੀ। ਉਨ੍ਹਾਂ ਦੱਸਿਆ ਲੜਕਿਆਂ ਦੇ ਫੁਟਬਾਲ ਵਿਚ ਥਾਨੇਸਰ ਦੀ ਕੇਕੇਆਰ 1 ਤੇ ਲੜਕੀਆਂ ਦੀ ਫੁਟਬਾਲ ਵਿਚ ਸ਼ਾਹਬਾਦ ਦੇ ਆਰੀਆ ਕੰਨਿਆ ਸੀਨੀਅਰ ਸੈਕੰਡਰੀ ਸਕੂਲ ਸ਼ਾਹਬਾਦ ਦੀ ਟੀਮ ਨੇ ਪਹਿਲਾ, ਲੜਕਿਆਂ ਦੀ ਵਾਲੀਵਾਲ ਵਿਚ ਥਾਨੇਸਰ ਦੀ ਸਾਈਂ ਕੁਰੂਕਸ਼ੇਤਰਾ ਦੀ ਟੀਮ ਤੇ ਲੜਕੀਆਂ ਦੀ ਵਾਲੀਵਾਲ ਵਿਚ ਥਾਨੇਸਰ ਦੇ ਸੁਨੀਲ ਕੁਮਾਰ ਮੈਮੋਰੀਅਲ ਸਟੇਡੀਅਮ ਅਮੀਨ ਪਹਿਲੇ ਸਥਾਨ 'ਤੇ ਰਹੀ।

# ਚੈੱਕ ਦੀ ਅਦਾਇਗੀ ਨਾ ਕਰਨ 'ਤੇ ਬੈਂਕ ਅੱਗੇ ਨਾਅਰੇਬਾਜ਼ੀ



ਡੱਬਵਾਲੀ,21 ਅਗਸਤ
-ਕੌਮੀ ਪੱਤ੍ਰਿਕਾ ਬਿਊਰੋ-
ਕੋਟਕ ਮਹਿੰਦਰਾ ਬੈਂਕ (ਡੱਬਵਾਲੀ ਸ਼ਾਖਾ) ਵੱਲੋਂ 24 ਦਿਨਾਂ ਤੋਂ ਨਗਰ ਪ੍ਰੀਸ਼ਦ ਡੱਬਵਾਲੀ ਦੇ 11.24 ਲੱਖ ਰੁਪਏ ਚੈੱਕ ਦੀ ਆਰਟੀਜੀਐੱਸ ਨਾ ਕਰਨ 'ਤੇ ਠੇਕੇਦਾਰ ਮੁਨੀਸ਼ ਜੈਨ ਨੇ ਚੌਟਾਲਾ ਰੋਡ 'ਤੇ ਬੈਂਕ ਅੱਗੇ ਧਰਨਾ ਦਿੱਤਾ ਗਿਆ। ਜ਼ਿਕਰਯੋਗ ਹੈ ਕਿ ਨਗਰ ਪ੍ਰੀਸ਼ਦ ਨੇ 25 ਜੁਲਾਈ ਨੂੰ ਪਰਮਵੀਰ ਕੰਸਟਰਸ਼ਨਜ਼ ਨੂੰ 11.24 ਲੱਖ 85 ਰੁਪਏ ਦਾ ਚੈੱਕ ਜਾਰੀ ਕੀਤਾ ਸੀ। ਚੈਕ ਆਰਟੀਜੀਐੱਸ ਲਈ ਬੈਂਕ ਭੇਜਿਆ ਗਿਆ। ਬੈਂਕ ਨੇ ਪ੍ਰੀਸ਼ਦ ਅਕਾਊਂਟੈਂਟ ਤਬਦੀਲ ਹੋਣ ਦੇ ਤਕਨੀਕੀ ਬਹਾਨੇ ਤਹਿਤ ਅਦਾਇਗੀ ਨਹੀਂ ਕੀਤੀ। ਠੇਕੇਦਾਰ ਮੁਨੀਸ਼ ਜੈਨ ਡੱਬਵਾਲੀ ਦੇ ਸੀਨੀਅਰ ਕਾਂਗਰਸ ਇੰਦਰ ਜੈਨ ਦੇ ਪੁੱਤਰ ਹਨ।

ਇਸ ਦੌਰਾਨ ਨਗਰ ਪ੍ਰੀਸ਼ਦ ਚੇਅਰਮੈਨ ਟੇਕ ਚੰਦ ਛਾਬੜਾ, ਹਰਿਆਣਾ ਪ੍ਰਦੇਸ਼ ਵਪਾਰ ਮੰਡਲ ਡੱਬਵਾਲੀ ਸ਼ਾਖਾ ਦੇ ਗੁਰਦੀਪ ਕਾਮਰਾ, ਕੱਚਾ ਆੜ੍ਹਤੀਆ ਐਸੋਸੀਏਸ਼ਨ ਦੇ ਜਨਰਲ ਸਕੱਤਰ ਰਾਜੇਸ਼ ਜਿੰਦਲ, ਸਮਾਜ ਸੇਵੀ ਸੁਰਿੰਦਰ ਸਿੰਗਲਾ, ਕੌਂਸਲਰ ਸਮਨਦੀਪ ਬਰਾੜ ਆਦਿ ਬੈਂਕ ਵਿੱਚ ਪੁੱਜ ਗਏ, ਜਿਨ੍ਹਾਂ ਬੈਂਕ ਸਟਾਫ਼ ਤੋਂ ਕਾਫ਼ੀ ਜਵਾਬਤਲਬੀ ਕੀਤੀ।ਬੈਂਕ ਦੇ ਗੈਰ ਜ਼ਿੰਮੇਵਾਰਾਨਾ ਰਵੱਈਏ ਖਿਲਾਫ਼ ਨਗਰ ਪ੍ਰੀਸ਼ਦ ਦੇ ਚੇਅਰਮੈਨ ਟੇਕ ਚੰਦ ਛਾਬੜਾ ਨੇ ਬੈਂਕ ਵਿੱਚੋਂ ਨਗਰ ਪ੍ਰੀਸ਼ਦ ਦਾ ਖਾਤਾ ਬੰਦ ਕਰਵਾਉਣ ਦਾ ਐਲਾਨ ਕੀਤਾ। ਮੁਨੀਸ਼ ਜੈਨ ਨੇ ਕਿਹਾ ਕਿ ਬੈਂਕ ਵੱਲੋਂ ਅਦਾਇਗੀ ਲਈ ਕਾਫ਼ੀ ਖੱਜਲ ਖੁਆਰ ਕੀਤਾ ਜਾ ਰਿਹਾ ਹੈ। ਮੁਨੀਸ਼ ਨੇ ਦੱਸਿਆ ਕਿ ਅੱਜ ਜਦੋਂ ਉਹ ਅਦਾਇਗੀ ਦੀ ਚਾਰਾਜੋਈ ਲਈ ਬੈਂਕ ਪੁੱਜੇ ਤਾਂ ਮੈਨੇਜਰ ਨੇ ਕਿਹਾ ਕਿ ਨਗਰ ਪ੍ਰੀਸ਼ਦ ਦੇ ਈਓ ਦਾ ਤਬਾਦਲਾ ਹੋ ਗਿਆ। ਤੁਹਾਡਾ ਮਾਮਲਾ ਬੈਂਕ ਦੇ ਉੱਚ ਅਧਿਕਾਰੀਆਂ ਨੂੰ ਭੇਜ ਦਿੱਤਾ ਹੈ। ਮੁਨੀਸ਼ ਜੈਨ, ਗੁਰਦੀਪ ਕਾਮਰਾ ਤੇ ਰਾਜੇਸ਼ ਜਿੰਦਲ ਨੇ ਕਿਹਾ ਕਿ ਜਾਰੀ ਚੈੱਕ 'ਤੇ ਈਓ ਅਤੇ ਅਕਾਊਂਟੈਂਟ ਦੇ ਦਸਤਖ਼ਤ ਹੋਣ ਦੀ ਸੂਰਤ ਵਿੱਚ ਨਿਯਮਾਂ ਅਨੁਸਾਰ ਆਰਟੀਜੀਐਸ ਤੁਰੰਤ ਹੋਣੀ ਚਾਹੀਦੀ ਸੀ।

# ਬੇਟੀ ਬਚਾਓ ਦਾ ਨਾਅਰਾ ਦੇਣ ਵਾਲੀ ਸਰਕਾਰ ਦੇ ਰਾਜ ਵਿੱਚ ਬੇਟੀਆਂ ਸੁਰੱਖਿਅਤ ਨਹੀਂ : ਬਲਰਾਜ ਸਿੰਘ ਮੱਲੋਕੇ



ਜ਼ੀਰਾ, 21 ਅਗਸਤ
-ਕੌਮੀ ਪੱਤ੍ਰਿਕਾ ਬਿਊਰੋ-
ਬੇਟੀ ਬਚਾਓ ਅਤੇ ਬੇਟੀ ਪੜਾਓ ਦਾ ਨਾਅਰਾ ਦੇਣ ਵਾਲੀ ਭਾਜਪਾ ਸਰਕਾਰ ਦੇ ਰਾਜ ਵਿੱਚ ਬੇਟੀਆਂ ਸੁਰੱਖਿਅਤ ਨਹੀਂ ਹਨ । ਇਹਨਾਂ ਸ਼ਬਦਾਂ ਦਾ ਪ੍ਰਗਟਾਵਾ ਕ੍ਰਾਂਤੀਕਾਰੀ ਕਿਸਾਨ ਯੂਨੀਅਨ ਪੰਜਾਬ ਦੇ ਐੱਨ ਆਰ ਆਈ ਵਿੰਗ ਯੂ ਐੱਸ ਏ ਦੇ ਆਗੂ ਬਲਰਾਜ ਸਿੰਘ ਮੱਲੋਕੇ ਨੇ ਫੋਨ ਤੇ ਇਸ ਪੱਤਰਕਾਰ ਨਾਲ ਕੀਤਾ ।

ਉਹਨਾਂ ਕਿਹਾ ਕਿ ਚੱਲ ਰਹੇ ਆਜ਼ਾਦੀ ਦੇ ਦਿਨਾਂ ਵਿੱਚ ਲੋਕਾਂ ਨੂੰ ਜੀਵਨ ਦਾਨ ਦੇਣ ਵਾਲੀ ਕਲਕੱਤਾ ਦੀ ਇੱਕ ਡਾਕਟਰ ਨੂੰ ਉਸ ਦੇ ਹਸਪਤਾਲ ਵਿੱਚ ਹੀ ਉਸ ਨਾਲ ਕੁਕਰਮ ਕਰਨ ਤੋਂ ਬਾਅਦ ਦਰਿੰਦਿਆਂ ਵੱਲੋਂ ਬੇਰਹਿਮੀ ਨਾਲ ਮਾਰ ਦਿੱਤਾ ਗਿਆ ਪਰ ਹਸਪਤਾਲ ਸਟਾਫ ਵੱਲੋਂ ਇਹ ਕਹਿਣਾ ਕਿ ਇਸ ਨੇ ਖੁਦਕੁਸ਼ੀ ਕੀਤੀ ਹੈ ਅਤੇ ਬਾਅਦ ਵਿੱਚ ਲੋਕਾਂ ਦੇ ਦਬਾਅ ਹੇਠ ਇਹ ਮੰਨਣਾ ਕਿ ਇਸ ਮਹਿਲਾ ਡਾਕਟਰ ਨਾਲ ਬੁਰੀ ਤਰ੍ਹਾਂ ਨਾਲ ਰੇਪ ਕੀਤਾ ਗਿਆ ਹੈ ਅਤੇ ਉਸ ਨੂੰ ਜਾਨ ਤੋਂ ਮਾਰ ਦਿੱਤਾ ਗਿਆ ਹੈ । ਉਹਨਾਂ ਕਿਹਾ ਕਿ ਬੇਸ਼ੱਕ ਪੁਲਿਸ ਵੱਲੋਂ ਇੱਕ ਦੋਸ਼ੀ ਨੂੰ ਫੜ ਵੀ ਲਿਆ ਗਿਆ ਹੈ ਪਰ ਅਜਿਹੇ ਘਿਨਾਉਣੇ ਅਤੇ ਰੂਹ ਕੰਬਾਊ ਕਾਂਡ ਨੂੰ ਅੰਜਾਮ ਇੱਕ ਵਿਅਕਤੀ ਵੱਲੋਂ ਨਹੀਂ ਸਗੋਂ ਅਨੇਕਾਂ ਵਿਅਕਤੀਆਂ ਵੱਲੋਂ ਦਿੱਤਾ ਗਿਆ ਲੱਗ ਰਿਹਾ ਹੈ।

ਇਸੇ ਤਰ੍ਹਾਂ ਹੀ ਝਾਰਖੰਡ ਵਿਖੇ ਇੱਕ ਪੰਜਾਬਣ ਨਬਾਲਗ ਮੁਟਿਆਰ ਨਾਲ ਵੀ ਜਬਰ ਜਨਾਹ ਦੀ ਘਟਨਾ ਸਾਹਮਣੇ ਆਈ ਹੈ । ਬਲਰਾਜ ਸਿੰਘ ਮੱਲੋਕੇ ਨੇ ਕਿਹਾ ਕਿ ਭਾਰਤ ਦੇ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਵੱਲੋਂ ਜੋਰ ਸ਼ੋਰ ਨਾਲ ਬੇਟੀ ਬਚਾਓ ਬੇਟੀ ਪੜ੍ਹਾਓ ਦਾ ਨਾਅਰਾ ਲਗਾਇਆ ਜਾ ਰਿਹਾ ਹੈ ਪਰ ਇਸ ਨਾਅਰੇ ਅਤੇ ਆਜ਼ਾਦੀ ਦੇ ਦਿਨ ਨੂੰ ਅਜਿਹੀਆਂ ਘਟਨਾਵਾਂ ਮੂੰਹ ਚਿੜਾ ਰਹੀਆਂ ਹਨ ।

ਉਹਨਾਂ ਕਿਹਾ ਕਿ ਭਾਰਤ ਦੇਸ਼ ਦੇ ਕਿਸੇ ਵੀ ਸੂਬੇ ਵਿੱਚ ਔਰਤਾਂ ਤਾਂ ਕੀ ਕੋਈ ਵੀ ਸੁਰੱਖਿਅਤ ਨਹੀਂ ਹੈ ਅਤੇ ਅਮਨ ਚੈਨ ਦੀ ਸਥਿਤੀ ਡਾਵਾਂ ਡੋਲ ਹੋਈ ਪਈ ਹੈ, ਜਿਸ ਦੀ ਤਾਜ਼ਾ ਉਦਾਹਰਣ ਪੰਜਾਬ ਦੇ ਮੁੱਖ ਮੰਤਰੀ ਸਰਦਾਰ ਭਗਵੰਤ ਸਿੰਘ ਮਾਨ ਤੋਂ ਮਿਲਦੀ ਹੈ ਕਿ ਉਹਨਾਂ ਨੂੰ ਆਜ਼ਾਦੀ ਦਿਹਾੜੇ ਮੌਕੇ ਆਪਣਾ ਭਾਸ਼ਣ ਵੀ ਸੁਰੱਖਿਆ ਕਵੱਚ ਲਾ ਕੇ ਦੇਣਾ ਪਿਆ । ਸਰਦਾਰ ਮੱਲੋਕੇ ਨੇ ਅੱਗੇ ਕਿਹਾ ਕਿ ਜੇਕਰ ਭਾਰਤ ਸਰਕਾਰ ਵੱਲੋਂ ਮਣੀਪੁਰ, ਝਾਰਖੰਡ ਆਦਿ ਦੀਆਂ ਘਟਨਾਵਾਂ ਦੇ ਦੋਸ਼ੀਆਂ ਨੂੰ ਸਖਤ ਸਜ਼ਾਵਾਂ ਦਿੱਤੀਆਂ ਹੁੰਦੀਆਂ ਤਾਂ ਸ਼ਾਇਦ ਇਹ ਹੁਣ ਵਾਲੀਆਂ ਘਟਨਾਵਾਂ ਨਾ ਵਾਪਰਦੀਆਂ ।

ਇਸ ਮੌਕੇ ਬਲਰਾਜ ਸਿੰਘ ਮੱਲੋਕੇ ਦੇ ਨਾਲ ਅਮਰੀਕਾ ਰਹਿ ਰਹੇ ਕਿਸਾਨ ਆਗੂ ਬਲਜੀਤ ਸਿੰਘ, ਰਸ਼ਪਾਲ ਸਿੰਘ, ਹਰਬੇਲ ਸਿੰਘ, ਬਲਜਿੰਦਰ ਸਿੰਘ, ਤਰਸੇਮ ਸਿੰਘ, ਹਰਮਨਦੀਪ ਸਿੰਘ, ਬਲਵੀਰ ਸਿੰਘ, ਰਵਿੰਦਰ ਸਿੰਘ ਆਦਿ ਹਾਜ਼ਰ ਸਨ ।

# ਮੈਨੂਅਲ ਸਕਵੈਂਜਰ ਐਕਟ ਸਬੰਧੀ ਉਪ ਮੰਡਲ ਮੈਜਿਸਟਰੇਟ ਅਹਿਮਦਗੜ੍ਹ ਨੇ ਕੀਤੀ ਬੈਠਕ



ਮਲੇਰਕੋਟਲਾ, 21 ਅਗਸਤ
-ਕੌਮੀ ਪੱਤ੍ਰਿਕਾ ਬਿਊਰੋ-
ਉਪ ਮੰਡਲ ਮੈਜਿਸਟਰੇਟ ਅਹਿਮਦਗੜ੍ਹ ਗੁਰਮੀਤ ਕੁਮਾਰ ਬਾਂਸਲ ਪਰੋਬੀਸ਼ਨ ਆਫ ਇੰਪਲਾਈਮੈਂਟ ਆਫ ਮੈਨੂਅਲ ਸਕਵੈਂਜਰ ਐਂਡ ਦੇਅਰ ਰੀਹੈਬਲੀਟੇਸ਼ਨ ਐਕਟ 2013 ਤਹਿਤ ਕੀਤੇ ਜਾਣ ਵਾਲੇ ਸਰਵੇ ਸਬੰਧੀ ਤਹਿਸੀਲ ਪੱਧਰੀ ਸਰਵੇ ਅਤੇ ਵਿਜੀਲੈਂਸ ਮੋਨਟਰਿੰਗ ਕਮੇਟੀ ਦੀ ਮੀਟਿੰਗ ਹੋਈ । ਪਰੋਬੀਸ਼ਨ ਆਫ਼ ਇੰਪਲਾਈਮੈਂਟ ਆਫ਼ ਮੈਨੂਅਲ ਸਕਵੈਂਜਰ ਐਂਡ ਦੇਅਰ ਰੀਹੈਬਲੀਟੇਸ਼ਨ ਐਕਟ 2013 ਅਧੀਨ ਸਰਵੇ ਸਬੰਧੀ ਅਧਿਕਾਰੀਆਂ ਦੀ ਮੀਟਿੰਗ 'ਚ ਨਗਰ ਕੌਂਸਲ ਤੋਂ ਤਹਿਸੀਲ ਸਮਾਜਿਕ ਨਿਆਂ ਅਤੇ ਅਧਿਕਾਰਤਾ ਅਫ਼ਸਰ ਹਰਪ੍ਰੀਤ ਸਿੰਘ,ਸੀ.ਡੀ.ਪੀ.ਓ. ਗੁਰਮੀਤ ਸਿੰਘ,ਜੂਨੀਅਰ ਇੰਜੀਨੀਅਰ ਸ੍ਰੀ ਹਰਜੀਤ ਸਿੰਘ,ਸੈਨਟਰੀ ਇੰਸਪੈਕਟਰ ਸ੍ਰੀ ਹੁਸਣ ਲਾਲ ,ਗੈਰ ਸਰਕਾਰ ਮੈਂਬਰ ਸੂਰਾਜ ਖਾਨ,ਰਿੰਕੂ ਗਰਗ, ਸਹਾਇਕ ਮੈਨੇਜਰ ਐਸ.ਬੀ. ਆਈ ਬੈਂਕ ਅਨੁਰਾਗ,ਐਸ.ਐਚ.ਓ ਸੁਖਵਿੰਦਰ ਸਿੰਘ ਤੋਂ ਇਲਾਵਾ ਹੋਰ ਸਬੰਧਤ ਵਿਭਾਗ ਦੇ ਅਧਿਕਾਰੀ ਹਾਜ਼ਰ ਹੋਏ । ਮੀਟਿੰਗ ਦੌਰਾਨ ਉਪ ਮੰਡਲ ਮੈਜਿਸਟ੍ਰੇਟ,ਅਹਿਮਦਗੜ੍ਹ ਨੇ ਹਦਾਇਤ ਕੀਤੀ ਕਿ ਮਲੀਨ ਕਿੱਤਾ ਕਰਨ ਵਾਲਿਆਂ ਦੇ ਪਿੰਡਾਂ ਵਿੱਚ ਸਰਵੇ ਲਈ ਪੰਚਾਇਤ ਸਕੱਤਰਾਂ ਅਤੇ ਸ਼ਹਿਰਾਂ ਵਿੱਚ ਸਰਵੇ ਲਈ ਸੈਨਟਰੀ ਇੰਸਪੈਕਟਰਾਂ ਨੂੰ ਇਨੂਮੀਰੇਟਰ ਲਗਾ ਕੇ ਸਰਵੇ ਦਾ ਕੰਮ ਮੁਕੰਮਲ ਕੀਤਾ ਜਾਵੇ ਤਾਂ ਜੋ ਪਟੀਸ਼ਨਰ ਡਾ. ਬਲਰਾਮ ਸਿੰਘ ਦੁਆਰਾ ਦਾਇਰ ਰਿੱਟ ਪਟੀਸ਼ਨ (ਸੀ) ਨੰ 324/2020 ਮਿਤੀ 20.10.2023 ਰਾਹੀਂ ਹੋਏ ਫ਼ੈਸਲੇ ਅਨੁਸਾਰ ਮਾਨਯੋਗ ਸੁਪਰੀਮ ਕੋਰਟ ਦੇ ਹੁਕਮ ਪ੍ਰਾਪਤ ਹੋਏ ਹਨ ਕਿ ਮੈਨੂਅਲ ਸਕਵੈਂਜਰ/ ਇਨਸੈਂਟਰੀਲੈਟਰੀਨ ਦਾ ਸਰਵੇ ਕੀਤਾ ਜਾਵੇ। ਮੀਟਿੰਗ ਦੌਰਾਨ ਉਨ੍ਹਾਂ ਸਮੂਹ ਸਬੰਧਤ ਵਿਭਾਗਾਂ ਦੇ ਅਧਿਕਾਰੀਆਂ ਤੇ ਨੁਮਾਇੰਦਿਆਂ ਨੂੰ ਹਦਾਇਤ ਕੀਤੀ ਸਰਵੇ ਸਬੰਧੀ ਜੋ ਵੀ ਡਾਟਾ ਇੱਕਤਰ ਕੀਤਾ ਜਾਂਦਾ ਹੈ ਉਸ ਨੂੰ ਤਹਿਸੀਲ ਸਮਾਜਿਕ ਨਿਆਂ ਅਤੇ ਅਧਿਕਾਰਕਤਾ ਅਫ਼ਸਰ ਨੂੰ ਤੁਰੰਤ ਜਾਣੂ ਕਰਵਾਇਆ ਜਾਵੇ ਤਾਂ ਜੋ ਸਰਵੇ ਨੂੰ ਸਮੇ ਸਿਰ ਮੁਕੰਮਲ ਕੀਤਾ ਜਾਸਕੇ । ਉਨ੍ਹਾਂ ਬਲਾਕ ਵਿਕਾਸ ਪੰਚਾਇਤ ਅਫ਼ਸਰ ਅਤੇ ਕਾਰਜ ਸਾਧਕ ਅਫ਼ਸਰ ਅਹਿਮਦਗੜ੍ਹ ਨੂੰ ਹਦਾਇਤ ਕੀਤੀ ਕਿ ਸਰਵੇ ਮੁਕੰਮਲ ਹੋਣ ਉਪਰੰਤ ਇਸ ਦੀ ਰਿਪੋਰਟ ਤਹਿਸੀਲ ਪੱਧਰੀ ਵਿਜੀਲੈਂਸ ਕਮੇਟੀ ਦੀ ਅਗਲੀ ਮੀਟਿੰਗ ਵਿੱਚ ਲਿਆਂਦੀ ਜਾਵੇ ਤਾਂ ਜੋ ਇਸ ਸਬੰਧੀ ਯੋਗ ਕਾਰਵਾਈ ਨੂੰ ਅਮਲ ਵਿੱਚ ਲਿਆਂਦਾ ਜਾ ਸਕੇ ।

# ਸੱਪਾਂ ਦਾ ਸੰਸਾਰ



- ਸਾਡੇ ਦੇਸ਼ (ਭਾਰਤ) ਵਿਚ 300 ਕਿਸਮ ਦੇ ਸੱਪ ਮਿਲਦੇ ਹਨ ਜਿਨ੍ਹਾਂ ਵਿੱਚੋਂ 50 ਦੇ ਲਗਪਗ ਜ਼ਹਿਰੀਲੇ ਹੁੰਦੇ ਹਨ।
- ਜ਼ਿਆਦਾ ਠੰਢੇ ਦੇਸ਼ ਜਿਵੇਂ ਆਈਸਲੈਂਡ ਅਤੇ ਅੰਟਾਰਕਟਿਕਾ ਵਿਚ ਸੱਪ ਨਹੀਂ ਮਿਲਦੇ।
- ਪਾਣੀ ਵਾਲੇ ਸੱਪ, ਸਾਹ ਆਪਣੀ ਚਮੜੀ ਦੁਆਰਾ ਲੈਂਦੇ ਹਨ। ਜਿਸ ਕਾਰਨ ਉਹ ਪਾਣੀ ਵਿਚ ਵਧੇਰੇ ਸਮਾਂ ਲੰਘਾ ਲੈਂਦੇ ਹਨ।
- ਸਭ ਤੋਂ ਵੱਧ ਸੱਪ 'ਸਨੇਕ ਆਈਲੈਂਡ' (ਬ੍ਰਾਜੀਲ) ਵਿਚ ਹੁੰਦੇ ਹਨ।
- ਦੱਖਣੀ ਅਫਰੀਕਾ ਵਿਚ ਇਕ ਵਿਸ਼ੇਸ਼ ਕਿਸਮ ਦਾ ਸੱਪ 'ਹਾਰਨਡ ਵਾਇਪਰ' ਮਿਲਦਾ ਹੈ ਜਿਸ ਦੇ ਸਿਰ ਉਪਰ ਦੋ ਸਿੰਗ ਹੁੰਦੇ ਹਨ।
- ਸੱਪਾਂ ਦੀਆਂ ਪਲਕਾਂ ਨਹੀਂ ਹੁੰਦੀਆਂ, ਇਨ੍ਹਾਂ ਦੀ ਜਗ੍ਹਾ 'ਤੇ ਇਕ ਬਾਰੀਕ ਅਤੇ ਪਾਰਦਰਸ਼ੀ ਝਿੱਲੀ ਹੁੰਦੀ ਹੈ ਜਿਹੜੀ ਅੱਖਾਂ ਦੀ ਸੁਰੱਖਿਆ ਲਈ ਕੰਮ ਕਰਦੀ ਹੈ।
- ਦੁਨੀਆ ਦਾ ਸਭ ਤੋਂ ਛੋਟਾ ਸੱਪ 'ਥ੍ਰੈਡ' ਹੁੰਦਾ ਹੈ ਜਿਸ ਦੀ ਲੰਬਾਈ ਲਗਪਗ 10-12 ਸੈਂਟੀਮੀਟਰ ਹੁੰਦੀ ਹੈ।
- ਹਰੇਕ ਸੱਪ ਸਾਲ ਵਿਚ ਘੱਟੋ ਘੱਟ ਤਿੰਨ ਵਾਰ ਆਪਣੀ ਕੁੰਜ (ਚਮੜੀ) ਉਤਾਰਦਾ ਹੈ।

ਸਭ ਤੋਂ ਲੰਬਾ ਸੱਪ 'ਪਾਈਥਨ ਰੇਟਿਕੁਲੇਟਸ' ਹੁੰਦਾ ਹੈ ਜਿਸ ਦੀ ਲੰਬਾਈ 30 ਫੁੱਟ ਤਕ ਹੁੰਦੀ ਹੈ।

- ਰਮੇਸ਼ ਬੱਗਾ ਚੋਹਲਾ
9463132719

*ਧਰਤੀ 'ਤੇ ਜੀਵਨ ਦੀ ਹੋਂਦ ਕਾਇਮ ਹੋਣ ਲਈ ਕਈ ਚੀਜ਼ਾਂ ਦੀ ਜ਼ਰੂਰਤ ਸੀ। ਜਿਵੇਂ ਆਕਸੀਜਨ, ਪਾਣੀ, ਢੁੱਕਵਾਂ ਤਾਪਮਾਨ ਤੇ ਓਜ਼ੋਨ ਪਰਤ। ਕੁਦਰਤ ਦੀਆਂ ਇਹ ਨਿਆਮਤਾਂ ਜਦੋਂ ਇਕੱਠੀਆਂ ਹੋਈਆਂ ਤਾਂ ਜੀਵਨ ਧੜਕਣਾ ਸ਼ੁਰੂ ਹੋਇਆ...*




16 ਸਤੰਬਰ ਨੂੰ ਵਿਸ਼ਵ ਓਜ਼ੋਨ ਦਿਵਸ ਮੌਕੇ

# ਕੁਦਰਤ ਦੇ ਸੁਹੱਪਣ ਲਈ ਓਜ਼ੋਨ ਪਰਤ ਦੀ ਮਹੱਤਤਾ

**ਅਮਨਪ੍ਰੀਤ ਪਰਮ ਸਹੋਤਾ**

ਓਜ਼ੋਨ ਪਰਤ ਧਰਤੀ ਤੋਂ 10-50 ਕਿਲੋਮੀਟਰ ਉਪਰ ਵਾਯੂਮੰਡਲ ਵਿਚ ਹੁੰਦੀ ਹੈ। ਓਜ਼ੋਨ ਇਕ ਗੈਸ ਹੈ, ਜਿਸ ਦੇ ਅਣੂਆਂ ਵਿਚ ਆਕਸੀਜਨ ਦੇ ਤਿੰਨ ਪ੍ਰਮਾਣੂ ਹੁੰਦੇ ਹਨ ਜਦਕਿ ਸਾਧਾਰਨ ਆਕਸੀਜਨ ਵਿਚ ਕੇਵਲ ਦੋ ਹੀ ਹੁੰਦੇ ਹਨ। ਸਮਤਲ ਮੰਡਲ ਵਿਚ ਸਥਿਤ ਇਹ ਪਰਤ ਸਾਡੇ ਲਈ ਬੇਹੱਦ ਜ਼ਰੂਰੀ ਹੈ ਕਿਉਂਕਿ ਇਹ ਪਰਤ ਸੂਰਜ ਤੋਂ ਆ ਰਹੀਆਂ ਸ਼ਕਤੀਸ਼ਾਲੀ ਪਰਾਵੈਂਗਣੀ ਕਿਰਨਾਂ ਨੂੰ ਧਰਤੀ 'ਤੇ ਪਹੁੰਚਣ ਤੋਂ ਰੋਕਦੀਆਂ ਹਨ। ਜੇ ਵਾਯੂਮੰਡਲ ਵਿਚ ਇਹ ਪਰਤ ਨਾ ਹੋਵੇ ਜਾਂ ਇਸ ਵਿਚ ਕੋਈ ਛੇਕ ਹੋ ਜਾਵੇ ਤਾਂ ਸੂਰਜ ਦੀਆਂ ਇਹ ਖ਼ਤਰਨਾਕ ਕਿਰਨਾਂ ਜ਼ਿਆਦਾ ਮਾਤਰਾ ਵਿਚ ਧਰਤੀ 'ਤੇ ਪੁੱਜਣਗੀਆਂ।

ਵਿਸ਼ਵ ਸਿਹਤ ਸੰਸਥਾ ਅਨੁਸਾਰ ਪਰਾਵੈਂਗਣੀ ਕਿਰਨਾਂ ਦੀ ਥੋੜ੍ਹੀ ਮਾਤਰਾ ਦੀ ਵਰਤੋਂ ਕਈ ਬਿਮਾਰੀਆ ਦੇ ਇਲਾਜ ਲਈ ਕੀਤੀ ਜਾਂਦੀ ਹੈ ਪਰ ਇਨ੍ਹਾਂ ਕਿਰਨਾਂ ਦੀ ਜ਼ਿਆਦਾ ਮਾਤਰਾ ਨਾਲ ਅੱਖਾਂ ਅਤੇ ਅੱਖ ਦੇ ਲੈਂਨਜ਼ ਨੂੰ ਨੁਕਸਾਨ ਪਹੁੰਚਦਾ ਹੈ। ਮੋਤੀਆ ਬਿੰਦ ਅਤੇ ਚਮੜੀ ਦੇ ਕੈਂਸਰ ਆਦਿ ਵਰਗੀਆਂ ਬਿਮਾਰੀਆਂ ਹੋਣ ਦਾ ਖ਼ਤਰਾ ਵੱਧ ਸਕਦਾ ਹੈ। ਇਹ ਖ਼ਤਰਨਾਕ ਪਰਾਵੈਂਗਣੀ ਕਿਰਨਾਂ ਸਾਡੇ ਸਰੀਰ ਦੀ ਰੋਗ ਰੋਕੂ ਸ਼ਕਤੀ ਨੂੰ ਵੀ ਨਸ਼ਟ ਕਰ ਦਿੰਦੀਆ ਹਨ। ਇਸ ਤੋਂ ਇਲਾਵਾ ਓਜ਼ੋਨ ਪਰਤ ਦੀ ਘਾਟ ਪ੍ਰਿਥਵੀ ਦੇ ਮੌਸਮ 'ਤੇ ਵੀ ਬੁਰਾ ਪ੍ਰਭਾਵ ਪਾਉਂਦੀ ਹੈ।

ਓਜ਼ੋਨ ਪਰਤ ਨੂੰ ਨਸ਼ਟ ਕਰਨ ਵਿਚ ਕਲੋਰੋਫਲੋਰੋਕਾਰਬਨ ਅਹਿਮ ਭੂਮਿਕਾ ਨਿਭਾਉਂਦੇ ਹਨ। ਇਹ ਰਸਾਇਣ ਕਲੋਰੀਨ, ਫਲੋਰੀਨ ਅਤੇ ਕਾਰਬਨ ਦੇ ਪ੍ਰਮਾਣੂਆਂ ਦਾ ਮਿਸ਼ਰਣ ਹੁੰਦੇ ਹਨ। ਇਨ੍ਹਾਂ ਰਸਾਇਣਾ ਦੀ ਖੋਜ 1928 ਵਿਚ ਹੋਈ। ਇਨ੍ਹਾਂ ਰਸਾਇਣਾ ਦੀ ਵਰਤੋਂ ਰੈਫਰੀਜਰੇਟਰਾਂ ਵਿਚ ਅਮੋਨੀਆ ਦੀ ਥਾਂ 'ਤੇ ਕੀਤੀ ਜਾਂਦੀ ਸੀ। ਇਨ੍ਹਾਂ ਦੀ ਵਰਤੋਂ ਏਅਰ ਕੰਡਿਸ਼ਨਰਜ਼ ਵੀ ਕੀਤੀ ਜਾਣ ਲੱਗੀ ਕਿਉਂਕਿ ਇਹ ਸਾਡੇ ਜੀਵਨ ਲਈ ਨੁਕਸਾਨ ਰਹਿਤ, ਬੇਹੱਦ ਸਥਿਰ, ਨਾ ਜਲਣਸ਼ੀਲ ਅਤੇ ਨਾ ਹੀ ਜ਼ਹਿਰੀਲੇ ਹੁੰਦੇ ਹਨ।

ਇਸ ਤੋਂ ਇਲਾਵਾ ਬਰੋਮੋਫਲੋਰੋਕਾਰਬਨ, ਕਾਰਬਨ ਟੈਟਰਾਕਲੋਰਾਈਡ ਆਦਿ ਦੀ ਵੀ ਵਰਤੋਂ ਕੀਤੀ ਜਾਣ ਲੱਗੀ ਪਰ ਇਨ੍ਹਾਂ ਦੀ ਜ਼ਿਆਦਾ ਵਰਤੋਂ ਦੇ ਖ਼ਤਰਨਾਕ ਸਿੱਟੇ ਓਜ਼ੋਨ ਪਰਤ ਦੇ ਨਸ਼ਟ ਹੋਣ ਦੇ ਰੂਪ ਵਿਚ ਸਾਹਮਣੇ ਆਏ। ਵਿਗਿਆਨੀਆਂ ਅਨੁਸਾਰ ਕਲੋਰੋਫਲੋਰੋਕਾਰਬਨ ਤੱਤ ਜਦੋਂ ਵਾਯੂਮੰਡਲ ਦੀਆਂ ਉਪਰਲੀਆਂ ਪਰਤਾਂ ਵਿਚ ਪਹੁੰਚ ਜਾਂਦਾ ਹੈ ਤਾਂ ਸੂਰਜ ਤੋਂ ਆ ਰਹੀਆਂ ਪਰਾਵੈਂਗਣੀ ਕਿਰਨਾਂ ਵੱਲੋਂ ਇਨ੍ਹਾਂ ਤੱਤਾਂ ਦੇ ਰਸਾਇਣਿਕ ਬੰਧਨ ਤੋੜੇ ਜਾਂਦੇ ਹਨ, ਜਿਸ ਨਾਲ ਕਲੋਰੀਨ ਪ੍ਰਮਾਣੂ ਪੈਦਾ ਹੋ ਜਾਂਦਾ ਹੈ। ਇਹ ਪ੍ਰਮਾਣੂ ਓਜ਼ੋਨ ਦੇ ਕਣਾਂ ਨੂੰ ਸਾਧਾਰਨ ਆਕਸੀਜਨ ਵਿਚ ਬਦਲ ਦਿੰਦੇ ਹਨ। ਇਸ ਤਰ੍ਹਾਂ ਨਾਲ ਓਜ਼ੋਨ ਦੇ ਹਜ਼ਾਰਾਂ ਕਣ ਨਸ਼ਟ ਹੋ ਜਾਂਦੇ ਹਨ। ਔਸਤ ਅਨੁਸਾਰ ਇਕ ਇਕਹਿਰਾ ਕਲੋਰੀਨ ਪਰਮਾਣੂ ਇਕ ਲੱਖ ਓਜ਼ੋਨ ਅਣੂਆਂ ਨਾਲ ਕਿਰਿਆ ਕਰ ਸਕਦਾ ਹੈ। ਸੋ ਇਸ ਤੋਂ ਪਤਾ ਲਗਦਾ ਹੈ ਕਿ ਕਲੋਰੋਫਲੋਰੋਕਾਰਬਨ, ਬਰੋਮੋਫਲੋਰੋਕਾਰਬਨ ਤੇ ਕਾਰਬਨ ਟੈਟਰਾਕਲੋਰਾਈਡ ਵਰਗੇ ਤੱਤਾਂ ਦਾ ਵਾਯੂਮੰਡਲ ਵਿਚ ਪਹੁੰਚਣਾ ਕਿੰਨ੍ਹਾ ਖ਼ਤਰਨਾਕ ਹੈ। ਇਨ੍ਹਾਂ ਰਸਾਇਣਾ ਦੇ ਖ਼ਤਰਨਾਕ ਪ੍ਰਭਾਵਾਂ ਕਰ ਕੇ ਰੈਫਰੀਜਰੇਟਰਾਂ ਤੇ ਏ ਸੀ ਵਿਚ ਹਾਈਡ੍ਰੋਕਲੋਰੋਫਲੋਰੋਕਾਰਬਨ ਨੂੰ ਇਨ੍ਹਾਂ ਦੇ ਬਦਲ ਵਜੋਂ ਵਰਤਿਆ ਜਾਣ ਲੱਗਾ।

ਇਸ ਤੋਂ ਇਲਾਵਾ ਕੁਦਰਤ ਦੀ ਸਾਂਭ-ਸੰਭਾਲ ਲਈ ਹੋਏ ਸਮਝੌਤੇ ਤਹਿਤ ਹੋਰ ਵੀ ਕਦਮ ਉਠਾਏ ਜਾ ਰਹੇ ਹਨ ਤਾਂ ਕਿ ਜੀਵਨ ਰੱਖਿਅਕ ਪਰਤ ਦੀ ਸੰਭਾਲ ਕੀਤੀ ਜਾਵੇ। ਪਿਆਰੇ ਬੱਚਿਓ ਆਓ 16 ਸਤੰਬਰ ਨੂੰ ਵਿਸ਼ਵ ਓਜ਼ੋਨ ਦਿਵਸ ਦੇ ਮੌਕੇ 'ਤੇ ਅਸੀ ਵੀ ਆਪਣੇ ਵਾਤਾਵਰਨ ਦੀ ਸੰਭਾਲ ਦੀ ਸੰਭਾਲ ਲਈ ਵੱਧ ਤੋਂ ਵੱਧ ਰੁੱਖ ਲਗਾਈਏ।

**ਪ੍ਰੋ: ਐੱਚ.ਐੱਸ.ਡਿੰਪਲ**

# ਸਮੂਹਿਕ ਆਤਮਹੱਤਿਆ ਕਰਨ ਵਾਲੇ ਜੀਵ

*ਚੂਹੇ ਦੀ ਸ਼ਕਲ ਅਤੇ ਆਕਾਰ ਵਾਲੇ ਹਜ਼ਾਰਾਂ ਜੀਵ ਜਦ ਸਮੁੰਦਰ ਵੱਲ ਦੌੜਦੇ ਹੋਏ ਛਾਲਾਂ ਮਾਰਦੇ ਵਿਖਾਈ ਦਿੰਦੇ ਹਨ ਤਾਂ ਮਨ ਵਿਚ ਇਕ ਸਵਾਲ ਉੱਠਦਾ ਹੈ। ਇਹ ਕੀ ਹੈ? ਕੀ ਇਹ ਸਮੂਹਿਕ ਖ਼ੁਦਕਸ਼ੀ ਹੈ? ਜਾਂ ਕੁਝ ਹੋਰ? ਇਹ ਕ੍ਰਮ ਲਗਾਤਾਰ ਕਈ ਦਿਨ, ਹਫ਼ਤੇ ਅਤੇ ਮਹੀਨੇ ਚਲਦਾ ਰਹਿੰਦਾ ਹੈ ਜਿਸ ਨੂੰ ਕੁਝ ਜੀਵ ਵਿਗਿਆਨੀ ਕੁਦਰਤੀ ਸਮਝੌਤਾ ਅਤੇ ਕੁਝ ਭੁਲੇਖੇ ਵਿਚ ਆਤਮ-ਹੱਤਿਆ ਆਖ ਦਿੰਦੇ ਹਨ...*

ਯੂਰਪ ਦੇ ਨਾਰਵੇ, ਸਵੀਡਨ, ਡੈਨਮਾਰਕ ਅਤੇ ਸਕੈਂਡੇਨੇਵੀਆ ਵਰਗੇ ਅਨੇਕਾਂ ਦੇਸ਼ਾਂ ਦੇ ਵਿਚ ਅਜਿਹਾ ਆਮ ਵੇਖਣ ਨੂੰ ਮਿਲਦਾ ਹੈ ਪਰ ਹਰ ਸਾਲ ਨਹੀਂ, ਸਗੋਂ ਚਾਰ ਪੰਜ ਸਾਲ ਦੇ ਬਾਅਦ!...

ਚੂਹੇ ਦੀ ਸ਼ਕਲ ਅਤੇ ਆਕਾਰ ਵਾਲੇ ਇਸ ਜੀਵ ਦਾ ਨਾਂ ਲੈਮਿੰਗ ਹੈ ਅਤੇ ਇਹ ਚਾਰ-ਪੰਜ ਇੰਚ ਲੰਮਾ ਜੀਵ ਧੜ ਵਿਚ ਚੂਹੇ ਤੋਂ ਕੁਝ ਭਾਰੀ ਹੁੰਦਾ ਹੈ ਪਰ ਵਿਗਿਆਨੀਆਂ ਅਨੁਸਾਰ ਇਹ ਚੂਹੇ ਦੀ ਜਾਤੀ ਦਾ ਹੀ ਜੀਵ ਹੈ, ਜਿਸ ਨੂੰ ਜੰਗਲੀ ਚੂਹਾ ਵੀ ਆਖਿਆ ਜਾ ਸਕਦਾ ਹੈ।

- ਇਸਦਾ ਰੰਗ ਪੀਲਾ ਹੁੰਦਾ ਹੈ ਅਤੇ ਇਸ ਦੀ ਚਮੜੀ 'ਤੇ ਕਾਲੇ ਗੂੜ੍ਹੇ ਭੂਰੇ ਧੱਬੇ ਪਾਏ ਜਾਂਦੇ ਹਨ।
- ਇਹ ਸ਼ਾਕਾਹਾਰੀ ਜੀਵ ਹੈ, ਜੋ ਰੁੱਖਾਂ ਦੇ ਪੱਤੇ ਅਤੇ ਡੱਕੇ ਆਦਿ ਖਾ ਕੇ ਗੁਜ਼ਾਰਾ ਕਰਦਾ ਹੈ।
- ਗਰੀਨ ਲੈਂਡ ਅਤੇ ਕੈਨੇਡਾ ਵਿਚ ਇਹ ਕਾਫ਼ੀ ਮਾਤਰਾ 'ਚ ਪਾਇਆ ਜਾਂਦਾ ਹੈ।
- ਸਰਦੀਆਂ ਵਿਚ ਇਹ ਧਰਤੀ 'ਚ ਸੁਰਾਖ਼ ਕਰਦੇ ਹਨ ਅਤੇ ਇਨ੍ਹਾਂ ਦੀ ਪ੍ਰਜਨਣ ਗਤੀ ਬਹੁਤ ਤੇਜ਼ ਮੰਨੀ ਜਾਂਦੀ ਹੈ।
- ਮਾਦਾ ਲੈਮਿੰਗ ਇਕ ਸਾਲ ਵਿਚ ਘੱਟ ਤੋਂ ਘੱਟ 10 ਬੱਚੇ ਜਣ ਦਿੰਦੀ ਹੈ। ਆਪਣੇ ਬੱਚਿਆਂ ਲਈ ਇਹ ਘਾਹ ਦਾ ਇਕ ਆਲ੍ਹਣਾ ਬਣਾਉਂਦੇ ਹਨ ਅਤੇ ਇਸ ਨੂੰ ਕੋਮਲ ਮੁਲਾਇਮ ਰੱਖਣ ਦੇ ਲਈ ਵਾਲਾਂ ਦਾ ਫ਼ਰਸ਼ ਤਿਆਰ ਕਰਦੀ ਹੈ।
- ਭਾਵੇਂ ਵਿਗਿਆਨਕ ਤੌਰ 'ਤੇ ਇਸ ਵੱਲੋਂ ਆਤਮਹੱਤਿਆ ਕਰਨ ਦੇ ਕਾਰਨ ਨੂੰ ਸਮਝਣ ਵਿਚ ਅਸਫਲ ਰਹੇ ਹਨ ਪਰ ਫਿਰ ਵੀ ਵਿਗਿਆਨੀਆਂ ਨੇ ਇਸ ਬਾਰੇ ਅਲੱਗ ਅਲੱਗ ਅਨੁਮਾਨ ਲਗਾਏ ਹਨ। ਇਕ ਅਨੁਮਾਨ ਅਨੁਸਾਰ ਲੈਮਿੰਗਾਂ ਦੀ ਗਿਣਤੀ ਜਦ ਬਹੁਤ ਵੱਧ ਜਾਂਦੀ ਹੈ ਤਾਂ ਇਨ੍ਹਾਂ ਦਾ ਭੋਜਨ ਘੱਟ ਜਾਂਦਾ ਹੈ ਅਤੇ ਭੋਜਨ ਦੀ ਭਾਲ ਵਿਚ ਲੈਮਿੰਗਾਂ ਦੇ ਝੁੰਡ ਸਮੂਹਿਕ ਰੂਪ ਵਿਚ ਭੋਜਨ ਦੀ ਭਾਲ ਵਿਚ ਜੁੱਟ ਜਾਂਦੇ ਹਨ। ਜਦ ਜੰਗਲਾਂ ਵਿਚ ਇਨ੍ਹਾਂ ਨੂੰ ਕੋਈ ਭੋਜਨ ਨਹੀਂ ਮਿਲਦਾ ਤਾਂ ਇਹ ਸਮੁੰਦਰ ਵਿਚ ਭੋਜਨ ਲੱਭਣ ਲਈ ਵੜ ਜਾਂਦੇ ਹਨ। ਸਮੁੰਦਰ ਦਾ ਪਾਣੀ ਇਨ੍ਹਾਂ ਦੇ ਸਰੀਰ ਦੇ ਅਨੁਕੂਲ ਨਾ ਹੋਣ ਕਾਰਨ ਇਹ ਸਮੁੰਦਰ ਵਿਚ ਡੁੱਬਣ ਤੋਂ ਬਾਅਦ ਮਰ ਜਾਂਦੇ ਹਨ। ਇਹ ਵੀ ਕਿਹਾ ਜਾਂਦਾ ਹੈ ਕਿ ਖਾਣੇ ਦੀ ਭਾਲ 'ਚ ਜਦ ਇਹ ਇਧਰ-ਉਧਰ ਭਟਕਦੇ ਹਨ ਤਾਂ ਥੱਕ ਜਾਂਦੇ ਹਨ।
- ਦਿਨ ਸਮੇਂ ਭੋਜਨ ਦੀ ਭਾਲ ਕਰਦੇ ਹਨ ਅਤੇ ਰਾਤ ਸਮੇਂ ਆਰਾਮ ਕਰਦੇ ਹਨ।
- ਅਨੇਕਾਂ ਸ਼ਿਕਾਰੀ ਪੰਛੀ ਇਨ੍ਹਾਂ ਦਾ ਪਿੱਛਾ ਕਰਦੇ ਹੋਏ ਇਨ੍ਹਾਂ ਦਾ ਸਫਾਇਆ ਵੀ ਕਰ ਦਿੰਦੇ ਹਨ ਅਤੇ ਬਚੇ ਖੁਚੇ ਲੈਮਿੰਗ ਖੇਤਾਂ, ਸੜਕਾਂ, ਜੰਗਲਾਂ ਅਤੇ ਝੀਲਾਂ ਵਿਚ ਭੋਜਨ ਨਾ ਲੱਭ ਸਕਣ ਕਾਰਨ ਨਿਰਾਸ਼ ਹੋ ਕੇ ਸਮੁੰਦਰ ਵਿਚ ਤੈਰਨ ਲਗਦੇ ਹਨ ਅਤੇ ਮੱਛੀਆਂ ਆਦਿ ਫੜ ਕੇ ਗੁਜ਼ਾਰਾ ਕਰਦੇ ਹਨ।
- ਸਮੁੰਦਰ ਦੀ ਖ਼ੁਰਾਕ ਅਤੇ ਜੀਵਨ ਇਨ੍ਹਾਂ ਦੇ ਸਰੀਰ ਦੇ ਅਨੁਕੂਲ ਨਾ ਹੋਣ ਕਰ ਕੇ ਅਤੇ ਮਹੀਨਾ ਭਰ ਲਗਾਤਾਰ ਦੌੜਨ ਕਾਰਨ ਹੋਈ ਥਕਾਵਟ ਕਰਕੇ ਕੁਝ ਹੀ ਦਿਨਾਂ ਵਿਚ ਸਾਗਰ ਵਿਚ ਡੁੱਬ ਕੇ ਮਰ ਜਾਂਦੇ ਹਨ ਜਾਂ ਦੂਜੇ ਸਮੁੰਦਰੀ ਜੀਵਾਂ ਦਾ ਭੋਜਨ ਬਣਦੇ ਹਨ।
- ਸਮੁੰਦਰ ਵਿਚ ਡੁੱਬ ਜਾਣ ਦਾ ਡਰ ਜਾਂ ਅਸਮਰਥਾ ਬਾਰੇ ਵਿਗਿਆਨੀਆਂ ਨੂੰ ਅਜੇ ਤਕ ਪਤਾ ਨਹੀਂ ਲੱਗਾ। ਕੁਦਰਤ ਦੇ ਇਸ ਅਨੋਖੀ ਪ੍ਰਕਿਰਿਆ ਦੇ ਰਹੱਸ ਤੋਂ ਪਰਦਾ ਉਠਾਉਣ ਲਈ ਜੀਵ ਜੰਤੂ ਵਿਗਿਆਨੀ ਲਗਾਤਾਰ ਕੋਸ਼ਿਸ਼ਾਂ ਕਰ ਰਹੇ ਹਨ ਪਰ ਅਜੇ ਕੋਈ ਸੁਰਾਗ਼ ਜਾਂ ਆਧਾਰ ਹੱਥ ਨਹੀਂ ਲੱਗਾ।
- ਵੇਖਿਆ ਜਾਵੇ ਤਾਂ ਇਹ ਇਕ ਸੱਚਾਈ ਹੈ ਕਿ ਸਮੂਹਿਕ ਆਤਮਹੱਤਿਆ ਕਰਨ ਦਾ ਇਹ ਇਕੋ ਇਕ ਨਮੂਨਾ ਨਹੀਂ ਹੈ।
- ਆਸਾਮ 'ਚ 'ਖਾਜਿੜਾ' ਨਾਮੀ ਪਿੰਡ ਵਿਚ ਜਤਿੰਗਾ ਨਾਂ ਦੇ ਪੰਛੀ ਵੱਡੀ ਗਿਣਤੀ ਵਿਚ ਹਰ ਸਾਲ ਖ਼ੁਦਕੁਸ਼ੀ ਕਰਨ ਲਈ ਆਉਂਦੇ ਹਨ।
- ਇਹ ਇਕ ਦੁਰਲਭ ਪ੍ਰਾਣੀ ਹੋਣ ਕਰ ਕੇ ਕਈ ਵਾਰ ਪਸ਼ੂ ਪ੍ਰੇਮੀ ਇਨ੍ਹਾਂ ਨੂੰ ਮਰਨ ਤੋਂ ਬਚਾਉਣ ਲਈ ਕੋਸ਼ਿਸ਼ ਵੀ ਕਰਦੇ ਹਨ।
- ਇਕਹਿਰੇ ਜਾਂ ਸਮੂਹਿਕ ਰੂਪ 'ਚ ਆਤਮਹੱਤਿਆ ਕਰਨ ਦੀ ਪ੍ਰਵਿਰਤੀ ਜੀਵ ਵਿਗਿਆਨੀਆਂ ਲਈ ਇਕ ਅਜੀਬ ਰਹੱਸ ਬਣੀ ਹੋਈ ਹੈ।





ਬਾਲ ਕਥਾ

# ਨਸੀਹਤ

**ਬੱਚਿਓ! ਸਾਨੂੰ ਕਦੇ ਵੀ ਕਿਸੇ ਦੀ ਨਕਲ ਨਹੀਂ ਕਰਨੀ ਚਾਹੀਦੀ। ਨਕਲ ਨਾਲ ਕੀਤਾ ਗਿਆ ਕੰਮ ਸਾਨੂੰ ਖ਼ੁਸ਼ੀ ਨਹੀਂ ਦਿੰਦਾ। ਆਓ ਜਾਣਦੇ ਹਾਂ ਕਿ ਅੱਜ ਦੀ ਕਹਾਣੀ ਸਾਨੂੰ ਕੀ ਸਿੱਖਿਆ ਦਿੰਦੀ ਹੈ...**

ਇਕ ਜੰਗਲ ਵਿਚ ਨਦੀ ਕਿਨਾਰੇ ਕਿੱਕਰ ਦੇ ਰੁੱਖ 'ਤੇ ਇਕ ਚਿੱਟਾ ਬਗਲਾ ਰਹਿੰਦਾ ਸੀ। ਜਿਸ ਦੇ ਨੇੜਲੇ ਰੁੱਖ ਤੇ ਇਕ ਕਾਲਾ ਕਾਂ ਵੀ ਰਹਿੰਦਾ ਸੀ। ਉਹ ਨਦੀ ਕੰਢੇ ਸ਼ਹਿ ਲਾ ਕੇ ਬੈਠੇ ਬਗਲੇ ਨੂੰ ਮੱਛੀਆਂ ਦਾ ਸ਼ਿਕਾਰ ਕਰਦਾ ਵੇਖਦਾ ਰਹਿੰਦਾ ਸੀ। ਕੁਝ ਚਿਰ ਬਾਅਦ ਹੌਲੀ-ਹੌਲੀ ਕਾਂ ਅਤੇ ਬਗਲਾ ਦੋਸਤ ਬਣ ਗਏ। ਦੁਪਹਿਰ ਤਕ ਬਗਲਾ ਮੱਛੀਆਂ ਦਾ ਕਿੰਨਾ ਸਾਰਾ ਸ਼ਿਕਾਰ ਕਰ ਲੈਂਦਾ ਫਿਰ ਦੋਵੇਂ ਮਿੱਤਰ ਇਕੱਠੇ ਖਾਣਾ ਖਾਂਦੇ। ਰੋਜ਼ ਮੱਛੀਆਂ ਦਾ ਸਵਾਦੀ ਖਾਣਾ ਖਾ ਕਾਂ ਮੋਟਾ ਤਾਜ਼ਾ ਹੋ ਗਿਆ। ਬਗਲਾ ਕਿਵੇਂ ਸ਼ਿਕਾਰ ਕਰਦਾ ਹੈ, ਕਾਂ ਰੁੱਖ 'ਤੇ ਬੈਠਾ ਵੇਖਦਾ ਰਹਿੰਦਾ। ਕਿੱਕਰ ਦੀ ਟੀਸੀ 'ਤੋਂ ਉੱਡਦਾ ਬਗਲਾ ਤੇਜ਼ੀ ਨਾਲ ਹੇਠਾਂ ਆਉਂਦਾ, ਆਪਣੀ ਲੰਮੀ ਚੁੰਝ ਖੋਲ੍ਹ ਮੱਛੀ 'ਤੇ ਝਟਪਦਾ ਤੇ ਲੈ ਜਾ ਕੇ ਅਤੇ ਨਦੀ ਕਿਨਾਰੇ ਰੇਤ 'ਤੇ ਛੁਪਾ ਆਉਂਦਾ।

ਕਾਂ ਨੇ ਸੋਚਿਆ ਕਿ ਇਹ ਕਿਹੜੀ ਵੱਡੀ ਗੱਲ ਹੈ। ਉਪਰ ਉੱਡਣਾ, ਮੱਛੀ 'ਤੇ ਨਜ਼ਰ ਟਿਕਾਈ ਰੱਖਣਾ। ਫਿਰ ਤੇਜ਼ੀ ਨਾਲ ਹੇਠਾਂ ਆਉਣਾ, ਚੁੰਝ ਨਾਲ ਪਾਣੀ 'ਚੋਂ ਮੱਛੀ ਫੜਨਾ ਅਤੇ ਕੰਢੇ ਜਾ ਬੈਠਣਾ। ਇਸ ਤਰ੍ਹਾਂ ਉਸ ਦੀ ਮੱਛੀ ਚੁੰਝ 'ਚ ਆ ਹੀ ਜਾਵੇਗੀ। ਹੋਰ ਕਿੱਥੇ ਜਾਵੇਗੀ? ਸਭ ਕੁਝ ਸੋਚ ਵਿਚਾਰ ਕੇ ਕਾਂ ਉੱਡਿਆ। ਸੁਸਤ ਉਡਾਣ ਭਰਦਾ ਨਦੀ ਉਪਰ ਆਇਆ। ਉਸਨੇ ਵੀ ਬਗਲੇ ਵਾਂਗ ਉਪਰੋਂ ਉਡਾਰੀ ਮਾਰ, ਹੇਠਾਂ ਆ, ਪੈਰ ਪਾਣੀ 'ਤੇ ਰੱਖੇ ਤੇ ਚੁੰਝ ਪਾਣੀ 'ਚ ਮਾਰ ਮੱਛੀ ਫੜਨ ਪਿਆ ਪਰ ਮੱਛੀ ਫੁਰਤੀ ਨਾਲ ਪਾਣੀ 'ਚ ਡੁੱਬਕੀ ਮਾਰ ਗਈ।

ਕਾਂ ਬੁਰੀ ਤਰ੍ਹਾਂ ਭਿੱਜ ਗਿਆ। ਨਿਕਲਣ ਦੀ ਕੋਸ਼ਿਸ਼ ਕਰਦਾ ਉਹ ਥੱਕ ਹਾਰ ਗਿਆ। ਉਸ ਨੂੰ ਡੁੱਬਦਾ ਵੇਖ ਬਗਲਾ ਤੇਜ਼ੀ ਨਾਲ ਉੱਡਦਾ ਹੇਠਾਂ ਆਇਆ ਤੇ ਕਾਂ ਨੂੰ ਬਚਾਉਣ ਦੀ ਕੋਸ਼ਿਸ਼ ਕਰਨ ਲੱਗਾ। ਬਗਲੇ ਨੇ ਬੜੀ ਮੁਸ਼ਕਲ ਨਾਲ ਕਾਂ ਨੂੰ ਕੰਢੇ ਲਿਆਂਦਾ। ਕੁੱਝ ਦੇਰ ਆਰਾਮ ਕਰ, ਖੰਭ ਸੁਕਾ ਕਾਲਾ ਕਾਂ ਉੱਡਣ ਯੋਗ ਹੋ ਗਿਆ। ਬਗਲੇ ਨੇ ਕਾਲੇ ਕਾਂ ਨੂੰ ਨਸੀਹਤ ਕੀਤੀ 'ਕਦੀ ਕਿਸੇ ਦੀ ਨਕਲ ਨਹੀਂ ਕਰਨੀ ਚਾਹੀਦੀ'। ਕਾਂ ਬੜਾ ਸ਼ਰਮਿੰਦਾ ਹੋਇਆ। ਉਸ ਬਗਲੇ ਦੀ ਨਸੀਹਤ ਅੱਗੇ ਸਿਰ ਝੁਕਾਉਂਦਿਆ ਪ੍ਰਣ ਕੀਤਾ ਕਿ ਉਹ ਅੱਗੇ ਤੋਂ ਕਿਸੇ ਦੀ ਨਕਲ ਕਦੀ ਨਹੀਂ ਕਰੇਗਾ।

- ਗੁਰਪ੍ਰੀਤ ਕੌਰ ਗਿੱਲ

## ਬਾਲ ਕੈਨਵਸ



ਨਾਂ : ਰਾਜਨ ਬਾਲਾ
ਜਮਾਤ : ਤੀਜੀ
ਪਤਾ: ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਅੰਮ੍ਰਿਤਸਰ।






ਨਾਂ : ਪ੍ਰਮੀਤ ਸਿੰਘ
ਜਮਾਤ : ਦੂਜੀ
ਪਤਾ ਜੋਤੀ ਕਾਨਵੈਂਟ ਸਕੂਲ, ਸੁਲਤਾਨਪੁਰ ਲੋਧੀ।



ਨਾਂ : ਅੰਮਿਤ ਕੁਮਾਰ
ਜਮਾਤ : ਨੌਵੀ
ਪਤਾ : ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਜਗਰਾਓਂ।



ਨਾਂ : ਹਰਸਿਮਰਤ ਕੌਰ
ਜਮਾਤ : ਤੀਜੀ
ਪਤਾ : ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਫਤਹਿਗੜ੍ਹ ਸਾਹਿਬ।








ਨਾਂ : ਰਾਹੁਲ
ਜਮਾਤ : ਪੰਜਵੀ
ਪਤਾ : ਜੀਪੀਐੱਸ ਮਲਵਾਲ ਸਕੂਲ, ਫਿਰੋਜ਼ਪੁਰ।



ਨਾਂ : ਪਿੰਟੂ
ਜਮਾਤ : ਪੰਜਵੀ
ਪਤਾ : ਜੀਪੀਐੱਸ ਮਲਵਾਲ ਸਕੂਲ, ਫਿਰੋਜ਼ਪੁਰ।



# ਇੰਟਰਨੈਸ਼ਨਲ ਸਪੇਸ ਸਟੇਸ਼ਨ 'ਆਈਐੱਸਐੱਸ'

*ਐੱਸਟ੍ਰਾਨਾਟ ਪੁਲਾੜ 'ਤੇ ਜਾਂਦੇ ਹਨ। ਇਨ੍ਹਾਂ ਲਈ ਉੱਥੇ ਇੰਟਰਨੈਸ਼ਨਲ ਸਪੇਸ ਸਟੇਸ਼ਨ ਬਣਾਇਆ ਗਿਆ ਹੈ। ਆਓ ਜਾਣਦੇ ਹਾਂ ਇਸ ਬਾਰੇ...*

ਅੰਤਰਿਸ਼ ਸਟੇਸ਼ਨ (ਸਪੇਸ ਸਟੇਸ਼ਨ) ਨੂੰ ਆਰਬੀਟਲ ਸਟੇਸ਼ਨ ਵੀ ਕਿਹਾ ਜਾਂਦਾ ਹੈ। ਇਹ ਸਪੇਸ 'ਚ ਇਨਸਾਨਾਂ ਦੁਆਰਾ ਬਣਾਇਆ ਗਿਆ ਇਕ ਅਜਿਹਾ ਸਟੇਸ਼ਨ ਹੈ, ਜਿੱਥੇ ਵਿਗਿਆਨੀ ਨਵੀਆਂ-ਨਵੀਆਂ ਖੋਜਾਂ ਕਰਦੇ ਹਨ। ਇਸ ਸਟੇਸ਼ਨ ਨਾਲ ਧਰਤੀ ਅਤੇ ਆਕਾਸ਼ ਦੇ ਬਾਰੇ 'ਚ ਨਵੀਆਂ ਨਵੀਆਂ ਜਾਣਕਾਰੀਆਂ ਲਈਆਂ ਜਾ ਸਕਦੀਆਂ ਹਨ।

### ਕਿੰਝ ਬਣਿਆ ਸਪੇਸ ਸੈਂਟਰ

ਆਈਐੱਸਐੱਸ ਨੂੰ 20 ਨਵੰਬਰ 1998 ਨੂੰ ਲਾਂਚ ਕੀਤਾ ਗਿਆ ਸੀ। ਪਹਿਲਾਂ ਇਸ ਨੂੰ 15 ਸਾਲਾਂ ਲਈ ਇਸਤੇਮਾਲ ਕਰਨ ਦੀ ਗੱਲ ਸੀ ਪਰ ਬਾਅਦ 'ਚ ਇਸ ਨੂੰ 2020 ਤਕ ਕੀਤਾ ਗਿਆ। 2003 'ਚ ਸ਼ਟਲਯਾਨ ਕੋਲੰਬੀਆ ਨੇ ਹਾਦਸੇ ਤੋਂ ਬਾਅਦ ਨਾਸਾ ਨੇ ਆਈਐੱਸਐੱਸ ਨੂੰ ਖ਼ਾਲੀ ਛੱਡਣ ਦਾ ਫ਼ੈਸਲਾ ਕੀਤਾ ਸੀ ਪਰ ਕੁਝ ਸਮੇਂ ਬਾਅਦ ਹੀ ਹਰ ਸਮੇਂ ਪੁਲਾੜ ਯਾਤਰੀ ਦੇ ਉੱਥੇ ਰੱਖਣ ਦਾ ਫ਼ੈਸਲਾ ਕੀਤਾ ਗਿਆ।

### ਰੋਚਕ ਤੱਥ

- ਇੰਟਰਨੈਸ਼ਨਲ ਸਪੇਸ ਸਟੇਸ਼ਨ ਨੂੰ ਬਣਾਉਣ 'ਚ 16 ਦੇਸ਼ ਸ਼ਾਮਲ ਹਨ- ਅਮਰੀਕਾ, ਰੂਸ, ਕੈਨੇਡਾ, ਜਾਪਾਨ, ਬੈਲਜ਼ੀਅਮ, ਬ੍ਰਾਜ਼ੀਲ, ਡੈਨਮਾਰਕ, ਫਰਾਂਸ, ਜਰਮਨੀ, ਇਟਲੀ, ਨੀਦਰਲੈਂਡ, ਨਾਰਵੇ, ਸਪੇਨ, ਸਵੀਜ਼ਨ ਅਤੇ ਯੂਕੇ।
- ਇਸ ਸਟੇਸ਼ਨ ਨੂੰ ਬਣਾਉਣ 'ਚ ਲਗਪਗ 120 ਬਿਲੀਅਨ ਡਾਲਰ ਖ਼ਰਚ ਹੋਏ ਹਨ।
- ਸਪੇਸ ਸਟੇਸ਼ਨ 357 ਫੁੱਟ 'ਚ ਬਣਿਆ ਹੋਇਆ ਹੈ, ਜੋ ਇਕ ਫੁੱਟਬਾਲ ਦੇ ਮੈਦਾਨ ਤੋਂ ਵੀ ਵੱਡਾ ਹੈ।
- ਕਲਪਨਾ ਚਾਵਲਾ ਅਤੇ ਉਨ੍ਹਾਂ ਦੇ ਸਾਥੀਆਂ ਦੀ ਮੌਤ ਜਿਸ ਸਪੇਸ ਸਟੇਸ਼ਨ ਦੀ ਧਰਤੀ 'ਤੇ ਉਤਰਦੇ ਸਮੇਂ ਧਮਾਕੇ ਕਾਰਨ ਹੋਈ ਸੀ, ਉਹ ਇੰਟਰਨੈਸ਼ਨਲ ਸਪੇਸ ਸਟੇਸ਼ਨ ਤੋਂ ਹੀ ਵਾਪਸ ਆ ਰਿਹਾ ਸੀ।
- ਸਪੇਸ ਸਟੇਸ਼ਨ ਦਾ ਭਾਰ ਕਰੀਬ 4,19,455 ਕਿਲੋਗ੍ਰਾਮ ਹੈ। ਇਸ ਤਰ੍ਹਾਂ ਇਹ ਮਨੁੱਖ ਦੁਆਰਾ ਪੁਲਾੜ 'ਚ ਭੇਜੀ ਗਈ ਸਭ ਤੋਂ ਭਾਰੀ ਵਸਤੂ ਹੈ।
- ਪੁਲਾੜ ਯਾਤਰੀ ਦਿਨ 'ਚ ਤਿੰਨ ਵਾਰ ਖਾਣਾ ਖਾਂਦੇ ਹਨ ਪਰ ਉਹ ਖਾਣਾ ਬੈਠ ਕੇ ਨਹੀ ਖਾਂਦੇ। ਉਹ ਬਸ ਖ਼ੁਦ ਨੂੰ ਸਥਿਰ ਰੱਖ ਕੇ ਹਵਾ 'ਚ ਤੈਰਦੇ ਰਹਿੰਦੇ ਹਨ।
- ਇੰਟਰਨੈਸ਼ਨਲ ਸਪੇਸ ਸਟੇਸ਼ਨ 'ਤੇ ਹੁਣ ਤਕ ਕਰੀਬ 15 ਦੇਸ਼ਾਂ ਦੇ 200 ਤੋਂ ਜ਼ਿਆਦਾ ਵਿਗਿਆਨੀ ਗਏ ਹਨ। ਭਾਰਤੀ ਮੂਲ ਦੀ ਕਲਪਨਾ ਚਾਵਲਾ ਅਤੇ ਸੁਨੀਤਾ ਵਿਲਿਅਮਜ਼ ਵੀ ਇੱਥੇ ਜਾ ਚੁੱਕੀਆਂ ਹਨ।
- ਭਾਰਤੀ ਹਵਾਈ ਸੈਨਾ ਦੇ ਲੀਡਰ ਰਾਕੇਸ਼ ਸ਼ਰਮਾ 2 ਅਪ੍ਰੈਲ 1984 ਨੂੰ ਦੋ ਹੋਰ ਸੋਵੀਅਤ ਪੁਲਾੜ ਯਾਤਰੀਆਂ ਦੇ ਨਾਲ ਸਪੇਸ ਸ਼ਟਲ ਸੋਇਊਜ਼ ਟੀ-11 'ਚ ਸਵਾਰ ਹੋ ਕੇ ਪੁਲਾੜ 'ਚ ਪਹੁੰਚੇ ਸੀ।
- ਰਾਕੇਸ਼ ਸ਼ਰਮਾ ਭਾਰਤ ਦੇ ਪਹਿਲੇ ਅਤੇ ਵਿਸ਼ਵ ਦੇ 138 ਵੇਂ ਪੁਲਾੜ ਯਾਤਰੀ ਸੀ।
- ਉਹ 8 ਦਿਨਾਂ ਤਕ ਪੁਲਾੜ 'ਚ ਸੋਵੀਅਤ ਰੂਸ ਦੁਆਰਾ ਸਥਾਪਿਤ ਪੁਲਾੜ ਕੇਂਦਰ ਸੋਲਯੁਜ਼-7 'ਚ ਰਹੇ।
- ਇਸ ਦੌਰਾਨ ਉਨ੍ਹਾਂ ਨੇ ਪੁਲਾੜ ਤੋਂ ਉੱਤਰੀ ਭਾਰਤ ਦੇ ਅਨੇਕਾਂ ਚਿੱਤਰ ਲਏ।
- ਜਦੋਂ ਕੋਈ ਐੱਸਟ੍ਰਨਾਟ ਸਪੇਸ 'ਚ ਕਦਮ ਰੱਖਦਾ ਹੈ ਤਾਂ ਉਸ ਨੂੰ 'ਸਪੇਸ ਵਾਕ' ਕਹਿੰਦੇ ਹਨ। 18 ਮਾਰਚ 1965 ਨੂੰ ਰੂਸੀ ਪੁਲਾੜ ਯਾਤਰੀ ਅਲੇਕਸੀ ਲਿਓਨੋਵ ਨੇ ਪਹਿਲੀ ਵਾਰ ਸਪੇਸ ਵਾਕ ਕੀਤੀ ਸੀ। ਸੁਨੀਤਾ ਵਿਲੀਅਮਜ਼ ਨੇ ਸਪੇਸ 'ਚ ਸਭ ਤੋਂ ਜ਼ਿਆਦਾ ਦਿਨ ਰਹਿਣ ਅਤੇ ਸਭ ਤੋਂ ਲੰਬੀ ਸਪੇਸ ਵਾਕ ਕਰਨ ਦਾ ਰਿਕਾਰਡ ਬਣਾਇਆ ਸੀ।

ਐੱਸਟ੍ਰਨਾਟ ਇਕ ਖ਼ਾਸ ਤਰ੍ਹਾਂ ਦੇ ਕੱਪੜੇ ਪਹਿਨਦੇ ਹਨ। ਇਕ ਮੋਟਾ ਜਿਹਾ ਸੂਟ, ਉਸ 'ਤੇ ਹੈਲਮੇਟ ਅਤੇ ਆਕਸੀਜਨ ਮਾਸਕ ਵੀ ਲੱਗਾ ਰਹਿੰਦਾ ਹੈ। ਇਹ ਸੂਟ ਸਰੀਰ ਅਤੇ ਪੁਲਾੜ ਦਾ ਤਾਪਮਾਨ ਬੈਲੇਂਸ ਕਰਦਾ ਹੈ। ਇਸ ਅੰਦਰ ਇਕ ਲਾਈਫ਼ ਸਪੋਰਟਿੰਗ ਸਿਸਟਮ ਹੁੰਦਾ ਹੈ। ਜਿਸ ਨਾਲ ਐਸਟ੍ਰਨਾਟ ਨੂੰ ਸਾਫ਼ ਆਕਸੀਜਨ ਪ੍ਰਾਪਤ ਹੁੰਦੀ ਹੈ। ਇਸ ਸੂਟ ਅੰਦਰ ਗੈਸ ਅਤੇ ਲਿਕੁਇਟ ਨੂੰ ਰੀਚਾਰਜ ਅਤੇ ਡਿਸਚਾਰਜ ਕਰਨ ਦੀ ਵਿਵਸਥਾ ਵੀ ਹੁੰਦੀ ਹੈ।

### ਸਪੇਸ ਸ਼ਟਲ

ਸਪੇਸ ਸ਼ਟਲ ਨਾਸਾ ਦੁਆਰਾ ਬਣਾਈ ਗਈ ਇਕ ਮਸ਼ੀਨ ਹੈ। ਇਸ ਦੀ ਸਹਾਇਤਾ ਨਾਲ ਆਰਬਿਟਰੀ ਲੈਬੋਰਟਰੀ ਦੇ ਨਾਲ-ਨਾਲ ਚੰਦਰਮਾ ਅਤੇ ਮੰਗਲ ਤੇ ਪੁਲਾੜ ਦੇ ਦੂਜੇ ਖੇਤਰਾਂ ਤਕ ਪਹੁੰਚਿਆ ਜਾ ਸਕਦਾ ਹੈ। ਨਾਸਾ ਦੁਆਰਾ ਚਲਾਏ ਜਾ ਰਹੇ ਸਪੇਸ ਸ਼ਟਲ ਪ੍ਰੋਗਰਾਮ 'ਚ ਹੁਣ ਤਕ ਕਰੀਬ 100 ਪ੍ਰੋਗਰਾਮ ਚਲਾਏ ਜਾ ਚੁੱਕੇ ਹਨ। ਜੋ ਸਮੇਂ-ਸਮੇਂ 'ਤੇ ਪੁਲਾੜੀ ਜਾਣਕਾਰੀ ਮੁਹੱਈਆ ਕਰਵਾਉਂਦੇ ਹਨ।



# ਕੰਗਨਾ ਦੀ ਫਿਲਮ ਖਿਲਾਫ ਪੰਜਾਬ ਭਾਜਪਾ, "ਪਹਿਲਾਂ ਪੁੱਛ ਤਾਂ ਲੈਂਦੀ"

**ਏਜੰਸੀਆਂ**

ਚੰਡੀਗੜ੍ਹ 21 ਅਗਸਤ। ਹਿਮਾਚਲ ਪ੍ਰਦੇਸ ਦੀ ਮੰਡੀ ਸੀਟ ਤੋਂ ਭਾਜਪਾ ਦੀ ਸੰਸਦ ਮੈਂਬਰ ਅਦਾਕਾਰਾ ਕੰਗਨਾ ਰਣੌਤ ਦੀ ਆਉਣ ਵਾਲੀ ਫਿਲਮ 'ਐਮਰਜੈਂਸੀ' ਵਿਵਾਦਾਂ 'ਚ ਘਿਰ ਗਈ ਹੈ। ਹੁਣ ਇਸ ਫਿਲਮ ਨੂੰ ਲੈ ਕੇ ਪੰਜਾਬ ਭਾਜਪਾ ਨੇ ਪ੍ਰਤੀਕਿਰਿਆ ਦਿੱਤੀ ਹੈ।



ਭਾਰਤੀ ਜਨਤਾ ਪਾਰਟੀ ਦੀ ਪੰਜਾਬ ਇਕਾਈ ਦੇ ਸੀਨੀਅਰ ਲੀਡਰ ਹਰਜੀਤ ਸਿੰਘ ਗਰੇਵਾਲ ਨੇ ਕਿਹਾ ਕਿ ਇਹ ਲੋਕਤੰਤਰ ਵਾਲਾ ਦੇਸ਼ ਹੈ, ਜੇ ਇੱਥੇ ਕਿਸੇ ਧਰਮ ਬਾਰੇ ਕੋਈ ਗੱਲ ਕਰਨੀ ਹੋਵੇ ਤਾਂ ਪਹਿਲਾਂ ਉਸ ਦੀ ਮਨਜ਼ੂਰੀ ਲੈਣੀ ਚਾਹੀਦੀ ਹੈ। ਫਿਲਮ ਬਣਾਉਣ ਵਾਲਿਆਂ ਨੂੰ ਇਸ ਵੱਲ ਧਿਆਨ ਦੇਣਾ ਚਾਹੀਦਾ ਸੀ।ਹਰਜੀਤ ਗਰੇਵਾਲ ਨੇ ਕਿਹਾ ਕਿ ਉਹ ਜਰਨੈਲ ਸਿੰਘ ਭਿੰਡਰਾਂਵਾਲਿਆਂ ਦੀ ਸੋਚ ਨਾਲ ਸਹਿਮਤ ਨਹੀਂ ਹੈ ਪਰ ਕਿਸੇ ਦਾ ਵੀ ਨਿਰਾਦਰ ਨਹੀਂ ਹੋਣਾ ਚਾਹੀਦਾ। ਉਨ੍ਹਾਂ ਕਿਹਾ ਕਿ ਅਜਿਹਾ ਕਰਨ ਤੋਂ ਪਹਿਲਾਂ ਫਿਲਮ ਬਣਾਉਣ ਵਾਲਿਆਂ ਨੂੰ ਸਿੱਖ ਸੰਸਥਾਂ ਨਾਲ ਗੱਲ ਕਰਨੀ ਚਾਹੀਦੀ ਸੀ ਤਾਂ ਕਿ ਕੋਈ ਅਜਿਹੇ ਮਸਲੇ ਪੈਦਾ ਨਾ ਹੋਣ। ਭਾਜਪਾ ਲੀਡਰ ਨੇ ਕਿਹਾ ਕਿ ਫਿਲਮ ਬਣਾਉਣ ਵਾਲਿਆਂ ਨੂੰ ਇਸ ਵੱਲ ਧਿਆਨ ਦੇਣਾ ਚਾਹੀਦਾ ਹੈ ਕਿ ਸੰਵੇਦਨਸ਼ੀਲ ਮੁੱਦੇ ਬਾਰੇ ਪਹਿਲਾਂ ਗੱਲ ਕਰ ਲੈਣੀ ਚਾਹੀਦੀ ਸੀ। ਲੋਕਤੰਤਰ 'ਚ ਪਿਆਰ ਨਾਲ ਹੀ ਕੰਮ ਚੱਲਦਾ, ਜਿਹੜਾ ਕੜਵਾਹਟ ਵਧਾਉਂਦਾ ਉਹ ਲੋਕਤੰਤਰ ਨੂੰ ਕਮਜੋਰ ਕਰਦਾ। ਇਸ ਤੋਂ ਪਹਿਲਾਂ ਐਮ.ਪੀ. ਭਾਈ ਖਾਲਸਾ ਨੇ ਕਿਹਾ ਕਿ ਦੇਸ਼ ਅੰਦਰ ਸਿੱਖਾਂ ਉੱਪਰ ਨਫਰਤੀ ਹਮਲੇ ਹੋਣ ਦੀਆਂ ਖਬਰਾਂ ਅਕਸਰ ਸਾਹਮਣੇ ਆਉਂਦੀਆਂ ਰਹਿੰਦੀਆਂ ਹਨ, ਅਜਿਹੇ ਵਿਚ ਇਹ ਫਿਲਮ ਸਿੱਖਾਂ ਪ੍ਰਤੀ ਨਫਰਤ ਫੈਲਾਉਣ ਦਾ ਕੰਮ ਕਰੇਗੀ। ਉਨ੍ਹਾਂ ਕਿਹਾ ਕਿ ਸਿੱਖਾਂ ਨੇ ਇਸ ਦੇਸ਼ ਲਈ ਵੱਡੀਆਂ ਕੁਰਬਾਨੀਆਂ ਕੀਤੀਆਂ ਹਨ ਜਿਨ੍ਹਾਂ ਨੂੰ ਫਿਲਮਾਂ ਰਾਹੀਂ ਪੂਰੀ ਤਰ੍ਹਾਂ ਉਜਾਗਰ ਨਹੀਂ ਕੀਤਾ ਗਿਆ ਪ੍ਰੰਤੂ ਸਿੱਖਾਂ ਨੂੰ ਬਦਨਾਮ ਕਰਨ ਦੀ ਹਰ ਸੰਭਵ ਕੋਸ਼ਿਸ਼ ਕੀਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਸਮਾਜ ਅੰਦਰ ਭਾਈਚਾਰਕ ਸਾਂਝ ਅਤੇ ਅਮਨ-ਕਾਨੂੰਨ ਦੀ ਸਥਿਤੀ ਬਣਾਈ ਰੱਖਣ ਲਈ ਇਤਰਾਜਯੋਗ ਫਿਲਮਾਂ ਜਾਂ ਗੀਤਾਂ ਉੱਪਰ ਪਾਬੰਦੀ ਲੱਗਣੀ ਚਾਹੀਦੀ ਹੈ। ਉਨ੍ਹਾਂ ਸਮਾਜ ਅੰਦਰ ਸਦਭਾਵਨਾ ਤੇ ਸ਼ਾਂਤੀ ਕਾਇਮ ਰੱਖਣ ਦੀ ਵਚਨਬੱਧਤਾ ਪ੍ਰਗਟਾਉਂਦਿਆਂ ਕਿਹਾ ਕਿ ਉਹ ਸਮਾਜ ਵਿਰੋਧੀ ਕਾਰਵਾਈਆਂ ਰੋਕਣ ਲਈ ਹਮੇਸ਼ਾ ਦ੍ਰਿੜ ਹਨ।

# ਕੋਲਕਾਤਾ ਕਤਲਕਾਂਡ: ਪੰਜਾਬ ਦੇ ਸਿਹਤ ਮੰਤਰੀ ਵੱਲੋਂ ਪੀੜਤਾ ਦੇ ਪਰਿਵਾਰ ਲਈ 10 ਕਰੋੜ ਰੁਪਏ ਐਕਸ ਗ੍ਰੇਸ਼ੀਆ ਤੇ ਨਿਆਂ ਦੀ ਮੰਗ

**ਸਰਦੂਲ ਸਿੰਘ**

ਚੰਡੀਗੜ੍ਹ/ਜਲੰਧਰ 21 ਅਗਸਤ। ਕੋਲਕਾਤਾ 'ਚ ਮਹਿਲਾ ਡਾਕਟਰ ਦੀ ਜਬਰ-ਜਿ?ਨਾਹ ਤੋਂ ਬਾਅਦ ਹੱਤਿਆ ਦੇ ਮਾਮਲੇ 'ਚ ਪੰਜਾਬ ਦੇ ਸਿਹਤ ਮੰਤਰੀ ਡਾ. ਬਲਬੀਰ ਸਿੰਘ ਨੇ ਕੇਂਦਰ ਤੇ ਪੱਛਮੀ ਬੰਗਾਲ ਸਰਕਾਰ ਤੋਂ ਪੀੜਤ ਡਾਕਟਰ ਦੇ ਮਾਪਿਆਂ ਲਈ 10 ਕਰੋੜ ਰੁਪਏ ਦੇ ਐਕਸ-ਗ੍ਰੇਸ਼ੀਆ ਤੋਂ ਇਲਾਵਾ ਪੀੜਤ ਲਈ ਜਲਦੀ ਨਿਆਂ ਤੇ ਦੋਸ਼ੀਆਂ ਨੂੰ ਮਿਸਾਲੀ ਸਜ਼ਾ ਦੇਣ ਦੀ ਮੰਗ ਕੀਤੀ ਹੈ। ਉਨ੍ਹਾਂ ਕੇਂਦਰ ਸਰਕਾਰ ਨੂੰ ਦੇਸ਼ ਭਰ 'ਚ ਮੈਡੀਕਲ ਪੇਸ਼ੇਵਰਾਂ ਵਿਰੁੱਧ ਹਿੰਸਾ ਰੋਕਣ ਲਈ ਸਖ਼ਤ ਕੇਂਦਰੀ ਕਾਨੂੰਨ ਲਿਆਉਣ ਦੀ ਵੀ ਅਪੀਲ ਕੀਤੀ। ਉਨ੍ਹਾਂ ਨੇ ਪੰਜਾਬ ਭਵਨ ਵਿਖੇ ਇੰਡੀਅਨ ਮੈਡੀਕਲ ਐਸੋਸੀਏਸ਼ਨ (ਆਈ. ਐੱਮ. ਏ.), ਪੰਜਾਬ ਸਿਵਲ ਮੈਡੀਕਲ ਸਰਵਿਸਿਜ਼ (ਪੀ.ਸੀ.ਐੱਮ.ਐੱਸ.) ਐਸੋਸੀਏਸ਼ਨ, ਰੈਜ਼ੀਡੈਂਟ ਡਾਕਟਰਜ਼ ਐਸੋਸੀਏਸ਼ਨ ਤੇ ਮੈਡੀਕਲ ਐਂਡ ਡੈਂਟਲ ਟੀਚਰਜ਼ ਐਸੋਸੀਏਸ਼ਨ ਦੇ ਨੁਮਾਇੰਦਿਆਂ ਨਾਲ ਮੀਟਿੰਗ ਕੀਤੀ। ਉਨ੍ਹਾਂ ਅੰਦੋਲਨਕਾਰੀ ਡਾਕਟਰਾਂ ਨੂੰ ਭਰੋਸਾ ਦਿੱਤਾ ਕਿ ਉਹ ਮੈਡੀਕਲ ਪੇਸ਼ੇਵਰਾਂ ਖ਼ਿ?ਲਾਫ ਹਮਲੇ ਰੋਕਣ ਲਈ ਕੇਂਦਰੀ ਕਾਨੂੰਨ ਲਿਆਉਣ ਲਈ ਕੇਂਦਰੀ ਸਿਹਤ ਮੰਤਰੀ ਨੂੰ ਪੱਤਰ ਲਿਖਣਗੇ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਸਾਰੇ ਡਾਕਟਰਾਂ ਖਾਸ ਕਰਕੇ ਮਹਿਲਾ ਹੈਲਥਕੇਅਰ ਸਟਾਫ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਵਚਨਬੱਧ ਹੈ। ਉਨ੍ਹਾਂ ਨੇ ਵਿਭਾਗ ਦੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਮੈਡੀਕਲ ਪੇਸ਼ੇਵਰਾਂ ਖਾਸ ਕਰਕੇ ਮਹਿਲਾ ਸਟਾਫ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਸੂਬੇ ਦੀਆਂ ਸਾਰੀਆਂ ਸਰਕਾਰੀ ਸਿਹਤ ਸੰਸਥਾਵਾਂ 'ਚ ਸੁਰੱਖਿਆ ਆਡਿਟ ਕਰਨ ਲਈ ਜ਼ਿਲਾ ਸਿਹਤ ਬੋਰਡਾਂ ਦਾ ਗਠਨ ਕੀਤਾ ਜਾਵੇ। ਉਨ੍ਹਾਂ ਸਰਕਾਰੀ



ਸਿਹਤ ਸੰਸਥਾਵਾਂ ਦੇ ਮੁਖੀਆਂ ਨੂੰ 48 ਘੰਟਿਆਂ ਦੇ ਅੰਦਰ-ਅੰਦਰ ਸੁਰੱਖਿਆ ਤੇ ਬੁਨਿਆਦੀ ਢਾਂਚੇ ਨਾਲ ਸਬੰਧਤ ਮਿਆਰੀ ਸੰਚਾਲਨ ਪ੍ਰਕਿਰਿਆਵਾਂ (ਐੱਸ. ਓ. ਪੀਜ਼) ਨੂੰ ਆਪਣੇ ਅਦਾਰਿਆਂ 'ਚ ਲਾਗੂ ਕਰਨ ਲਈ ਵੀ ਕਿਹਾ। ਉਨ੍ਹਾਂ ਕਿਹਾ ਕਿ ਸਿਹਤ ਸੰਸਥਾਵਾਂ 'ਚ ਕਿਤੇ ਵੀ ਡਾਰਕ ਸਪਾਟ ਨਹੀਂ ਹੋਣਾ ਚਾਹੀਦਾ ਤੇ ਰਾਤ ਦੀ ਸ਼ਿਫਟ ਦੌਰਾਨ ਜਦੋਂ ਵੀ ਮਹਿਲਾ ਮੈਡੀਕਲ ਪੇਸ਼ੇਵਰ ਨੇ ਦੂਰ ਦੇ ਵਾਰਡਾਂ 'ਚ ਮਰੀਜ਼ਾਂ ਨੂੰ ਦੇਖਣ ਜਾਣਾ ਹੋਵੇ ਤਾਂ ਉਨ੍ਹਾਂ ਨਾਲ ਦੋ ਪੁਰਸ਼ ਸਟਾਫ ਮੈਂਬਰ ਜ਼ਰੂਰ ਹੋਣੇ ਚਾਹੀਦੇ ਹਨ। ਇਸ ਦੌਰਾਨ ਸੰਸਦ ਮੈਂਬਰ ਡਾ. ਰਾਜ ਕੁਮਾਰ ਚੱਬੇਵਾਲ, ਵਿਧਾਇਕ ਡਾ. ਇੰਦਰਬੀਰ ਸਿੰਘ ਨਿੱਝਰ, ਵਿਧਾਇਕ ਡਾ. ਸੁਖਵਿੰਦਰ ਕੁਮਾਰ ਸੁੱਖੀ, ਬਾਬਾ ਫ਼ਰੀਦ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਰਾਜੀਵ ਸੂਦ, ਸਕੱਤਰ ਸਿਹਤ ਕੁਮਾਰ ਰਾਹੁਲ, ਪੀ. ਐੱਸ. ਐੱਚ. ਸੀ. ਦੇ ਐੱਮ. ਡੀ. ਵਰਿੰਦਰ ਕੁਮਾਰ ਸ਼ਰਮਾ, ਆਈ. ਜੀ. (ਹੈੱਡਕੁਆਰਟਰ) ਡਾ. ਸੁਖਚੈਨ ਸਿੰਘ ਗਿੱਲ, ਡਾਕਟਰੀ ਸਿੱਖਿਆ ਤੇ ਖੋਜ ਵਿਭਾਗ ਦੇ ਡਾਇਰੈਕਟਰ ਡਾ. ਅਵਨੀਸ਼ ਕੁਮਾਰ, ਸਿਹਤ ਤੇ ਪਰਿਵਾਰ ਭਲਾਈ ਦੇ ਡਾਇਰੈਕਟਰ ਡਾ. ਹਿਤਿੰਦਰ ਕੌਰ ਆਦਿ ਹਾਜਰ ਸਨ। ਇਨ੍ਹਾਂ ਤੋਂ ਇਲਾਵਾ ਆਈ. ਐੱਮ. ਏ.,ਪੰਜਾਬ ਦੇ ਪ੍ਰਧਾਨ ਡਾ. ਸੁਨੀਲ ਕਤਿਆਲ, ਪੀ. ਸੀ. ਐੱਮ. ਐੱਸ. ਏ. ਦੇ ਪ੍ਰਧਾਨ ਡਾ. ਅਖਿਲ ਸਰੀਨ, ਮੈਡੀਕਲ ਤੇ ਡੈਂਟਲ ਅਧਿਆਪਕ ਐਸੋਸੀਏਸ਼ਨ ਦੇ ਪ੍ਰਧਾਨ ਡਾ. ਦਰਸ਼ਨਜੀਤ, ਰੈਜ਼ੀਡੈਂਟ ਡਾਕਟਰ ਐਸੋਸੀਏਸ਼ਨ ਦੇ ਪ੍ਰਧਾਨ ਡਾ. ਰਾਮ ਮੇਹਰ ਸ਼ਰਮਾ , ਡਾ. ਸ਼ਿਵਾਂਸ਼ੀ, ਡਾ. ਅਕਸ਼ੈ (ਪਟਿਆਲਾ) ਤੇ ਮੈਡੀਕਲ ਕਾਲਜਾਂ ਦੇ ਡਾਇਰੈਕਟਰ-ਕਮ-ਪ੍ਰਿੰਸੀਪਲਜ਼ ਡਾ. ਰਾਜੀਵ ਦੇਵਗਨ, ਡਾ. ਰਾਜਨ ਸਿੰਗਲਾ ਤੇ ਡਾ. ਸੰਜੇ ਗੁਪਤਾ ਸਮੇਤ ਹੋਰ ਪਤਵੰਤੇ ਮੌਜੂਦ ਸਨ। ਇਸ ਮੌਕੇ ਪੰਜਾਬ ਸਰਕਾਰ ਵੱਲੋਂ ਡਾਕਟਰ ਭਾਈਚਾਰੇ ਨੂੰ ਪੂਰਨ ਸਹਿਯੋਗ ਦਾ ਭਰੋਸਾ ਦਿੰਦਿਆਂ ਡਾ. ਬਲਬੀਰ ਸਿੰਘ ਨੇ ਸਾਰੇ ਡਾਕਟਰਾਂ ਨੂੰ ਆਪਣੀ ਹੜਤਾਲ ਖਤਮ ਕਰ ਕੇ ਡਿਊਟੀ ਮੁੜ ਸ਼ੁਰੂ ਕਰਨ ਦੀ ਅਪੀਲ ਕੀਤੀ।

# ਸਿਹਤ ਸਹੂਲਤਾਂ ਵਿੱਚ ਲਿਆਂਦਾ ਜਾਵੇਗਾ ਵਿਸ਼ਵ ਪੱਧਰੀ ਸੁਧਾਰ: ਕੈਬਨਿਟ ਮੰਤਰੀ ਕਟਾਰੂਚੱਕ

ਭੋਆ/ਦੀਨਾਨਗਰ 21 ਅਗਸਤ। ਪੰਜਾਬ ਦੇ ਕੈਬਨਿਟ ਮੰਤਰੀ ਲਾਲ ਚੰਦ ਕਟਾਰੂਚੱਕ ਨਾਲ ਸਿਵਲ ਸਰਜਨ ਗੁਰਦਾਸਪੁਰ ਡਾਕਟਰ ਭਾਰਤ ਭੂਸ਼ਨ ਅਤੇ ਸਿਵਲ ਸਰਜਨ ਪਠਾਨਕੋਟ ਡਾਕਟਰ ਗੁਰਮੀਤ ਸਿੰਘ ਵੱਲੋਂ ਵਿਸ਼ੇਸ਼ ਮੁਲਾਕਾਤ ਕੀਤੀ ਗਈ। ਇਸ ਮੌਕੇ ਉਨ੍ਹਾਂ ਖੇਤਰ ਵਿੱਚ ਸਿਹਤ ਸਹੂਲਤਾਂ ਦੀ ਸਮੀਖਿਆ ਕੀਤੀ । ਇਸ ਮੌਕੇ ਮੰਤਰੀ ਲਾਲ ਚੰਦ ਕਟਾਰੂਚੱਕ ਨੇ ਕਿਹਾ ਕਿ ਸਿਹਤ ਸੰਸਥਾਵਾਂ ਵਿੱਚ ਬੁਨਿਆਦੀ ਢਾਂਚੇ ਨੂੰ ਮਜਬੂਤ ਕਰਨ ਦੇ ਨਾਲ ਹੀ ਸਿਹਤ ਮੁਲਾਜਮਾਂ ਦੀ ਸੁਰੱਖਿਆ ਵੀ ਯਕੀਨੀ ਬਣਾਈ ਜਾਵੇਗੀ । ਨਸ਼ਾ ਮੁਕਤੀ ਲਈ ਸਮੂਹ ਔਟ ਮਰੀਜਾਂ ਦੀ ਕਾਉਸਲਿੰਗ ਕੀਤੀ ਜਾਵੇ । ਮਰੀਜਾਂ ਦੀ ਇਛਾਸ਼ਕਤੀ ਮਜਬੂਤ ਕਰਕੇ ਉਨ੍ਹਾਂ ਨੂੰ ਨਸ਼ਾ ਮੁਕਤੀ



ਲਈ ਪ੍ਰੇਰਿਤ ਕੀਤਾ ਜਾਵੇ । ਆਯੁਸ਼ਮਾਨ ਭਾਰਤ ਬੀਮਾ ਯੋਜਨਾ ਦੇ ਕੰਮ ਵਿੱਚ ਪਾਰਦਸ਼ਿਤਾ ਲਿਆਂਦੀ ਜਾਵੇ । ਇਸ ਮੌਕੇ ਸਿਵਲ ਸਰਜਨ ਗੁਰਦਾਸਪੁਰ ਡਾ. ਭਾਰਤ ਭੂਸ਼ਨ ਨੇ ਗੁਰਦਾਸਪੁਰ ਵਿੱਚ ਮੈਡੀਕਲ ਕਾਲਜ ਦੀ ਮਨਜੂਰੀ ਅਤੇ ਅਰਬਨ ਸੀਐਚਸੀ ਵਿੱਚ ਸਟਾਫ ਦੀ ਤਾਇਨਾਤੀ ਬਾਰੇ ਗੱਲਬਾਤ ਕੀਤੀ ਗਈ। ਇਸ ਮੌਕੇ ਉਨ੍ਹਾਂ ਨੂੰ ਕੈਬਨਿਟ ਮੰਤਰੀ ਨੇ ਭਰੋਸਾ ਦਿਵਾਇਆ ਕਿ ਇਸ ਮਾਮਲੇ ਵਿੱਚ ਜਲਦ ਕਾਰਵਾਈ ਹੋਵੇਗੀ। ਇਸ ਮੌਕੇ ਸਤੀਸ ਸੈਣੀ ਸਮੇਤ ਹੋਰ ਕਈ ਅਧਿਕਾਰੀ ਹਾਜਰ ਸਨ ।

# ਨਿਹੰਗ ਸਿੰਘਾਂ ਅਤੇ ਜਵਾਨ ਦੀ ਝੜਪ ਦੇ ਮਾਮਲੇ 'ਚ ਆਇਆ ਨਵਾਂ ਮੋੜ

ਜਲੰਧਰ 21 ਅਗਸਤ। ਨਿਹੰਗ ਸਿੰਘਾਂ ਦੀ ਸ਼ਿਕਾਇਤ 'ਤੇ ਜੀ. ਆਰ. ਪੀ. ਥਾਣੇ ਦੀ ਪੁਲਸ ਨੇ ਆਰ. ਪੀ. ਐੱਫ. ਕਰਮਚਾਰੀ ਗੁਰਪ੍ਰੀਤ ਸਿੰਘ ਖ਼ਿ?ਲਾਫ ਐੱਫ. ਆਈ. ਆਰ. ਨੰਬਰ 83 ਅਧੀਨ ਪਰਚਾ ਦਰਜ ਕਰ ਲਿਆ ਹੈ। ਇਸ ਮਗਰੋਂ ਨਿਹੰਗ ਸਿੰਘਾਂ ਵੱਲੋਂ ਧਰਨਾ-ਪ੍ਰਦਰਸ਼ਨ ਖਤਮ ਕਰ ਦਿੱਤਾ ਗਿਆ, ਜਦਕਿ ਇਸ ਤੋਂ ਪਹਿਲਾਂ ਗੁਰਪ੍ਰੀਤ ਸਿੰਘ ਦੀ ਸ਼ਿਕਾਇਤ 'ਤੇ ਨਿਹੰਗਾਂ ਖ਼ਿ?ਲਾਫ ਐੱਫ. ਆਈ. ਆਰ. ਨੰਬਰ 82 ਦਰਜ ਕੀਤੀ ਗਈ ਸੀ। ਝਗੜਾ ਸ਼ਨੀਵਾਰ ਦੇਰ ਰਾਤ ਕਰਤਾਰਪੁਰ ਦੇ ਰੇਲਵੇ ਫਾਟਕ 'ਤੇ ਹੋਇਆ ਸੀ, ਜਿਸ ਤਹਿਤ ਆਰ. ਪੀ. ਐੱਫ. ਕਰਮਚਾਰੀ ਗੁਰਪ੍ਰੀਤ ਸਿੰਘ ਨੇ ਨਿਹੰਗਾਂ 'ਤੇ ਕਾਤਲਾਨਾ ਹਮਲਾ ਕਰਨ ਦਾ ਦੋਸ਼ ਲਾਉਂਦੇ ਹੋਏ ਜੀ. ਆਰ. ਪੀ. ਥਾਣੇ ਵਿਚ ਸ਼ਿਕਾਇਤ ਦਰਜ ਕਰਵਾਈ ਸੀ। ਗੁਰਪ੍ਰੀਤ ਸਿੰਘ ਦਾ ਦੋਸ਼ ਸੀ ਕਿ ਫਾਟਕ ਨੰਬਰ ਸੀ-55 'ਤੇ ਹੋਈ ਟੱਕਰ ਤੋਂ ਬਾਅਦ ਉਨ੍ਹਾਂ 'ਤੇ ਤੇਜਧਾਰ ਹਥਿਆਰਾਂ ਨਾਲ ਹਮਲਾ ਕੀਤਾ ਗਿਆ। ਜੀ. ਆਰ. ਪੀ. ਥਾਣੇ ਦੀ ਪੁਲਸ ਨੇ ਇਸ ਸ਼ਿਕਾਇਤ 'ਤੇ ਨਿਹੰਗ ਸਿੰਘਾਂ ਦੇ ਖ਼ਿ?ਲਾਫ ਪਰਚਾ ਦਰਜ ਕੀਤਾ ਸੀ। ਇਸ ਤੋਂ ਬਾਅਦ ਨਿਹੰਗਾਂ ਨੇ ਜੀ. ਆਰ. ਪੀ. ਥਾਣੇ ਦੇ ਬਾਹਰ ਧਰਨਾ ਲਾਉਂਦੇ ਹੋਏ ਪੁਲਸ 'ਤੇ ਧੱਕਾ ਕਰਨ ਦਾ ਦੋਸ਼ ਲਾਇਆ। ਨਿਹੰਗਾਂ ਦਾ ਕਹਿਣਾ ਸੀ ਕਿ ਉਸ ਸਮੇਂ ਗੁਰਪ੍ਰੀਤ ਸਿੰਘ ਨੇ ਉਨ੍ਹਾਂ 'ਤੇ ਹਮਲਾ ਕੀਤਾ ਸੀ, ਜਿਸ ਤੋਂ ਬਾਅਦ ਉਹ ਆਪਣੇ ਸਾਥੀ ਨੂੰ ਹਸਪਤਾਲ ਲੈ ਕੇ ਗਏ ਅਤੇ ਇਲਾਜ ਕਰਵਾਇਆ ਪਰ ਪੁਲਸ ਨੇ ਉਨ੍ਹਾਂ 'ਤੇ ਹੀ ਪਰਚਾ ਦਰਜ ਕਰ ਦਿੱਤਾ। ਨਿਹੰਗ ਸਿੰਘਾਂ ਦੇ ਧਰਨੇ ਕਾਰਨ ਤਾਜਾ ਘਟਨਾਕ੍ਰਮ ਵਿਚ ਜੀ. ਆਰ. ਪੀ. ਥਾਣੇ ਦੀ ਪੁਲਸ ਨੇ ਆਰ. ਪੀ. ਐੱਫ. ਕਰਮਚਾਰੀ ਗੁਰਪ੍ਰੀਤ ਸਿੰਘ 'ਤੇ ਬੀ. ਐੱਨ. ਐੱਸ. ਦੀ ਧਾਰਾ 299, 315 ਅਤੇ 318 ਤਹਿਤ ਪਰਚਾ ਦਰਜ ਕੀਤਾ। ਐੱਸ. ਐੱਚ. ਓ. ਪਲਵਿੰਦਰ ਸਿੰਘ ਭਿੰਡਰ ਨੇ ਕਿਹਾ ਕਿ ਦੋਵਾਂ ਧਿਰਾਂ ਦੇ ਬਿਆਨਾਂ 'ਤੇ ਪਰਚਾ ਦਰਜ ਕਰ ਲਿਆ ਗਿਆ ਹੈ। ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ।

# ਕੌਮਾਂਤਰੀ ਡਰੱਗ ਰੈਕੇਟ ਦਾ ਪਰਦਾਫਾਸ਼, ਹਿਮਾਚਲ ਦੇ ਭਾਗਸੂਨਾਥ ਨਿਵਾਸੀ ਸਣੇ 2 ਮੁਲਜਮ ਗ੍ਰਿਫਤਾਰ

**ਕਿਸ਼ਨ ਪਾਲ**

ਜਲੰਧਰ 21 ਅਗਸਤ। ਕਮਿਸਨਰੇਟ ਪੁਲਸ ਨੇ ਇਕ ਕੌਮਾਂਤਰੀ ਡਰੱਗ ਰੈਕੇਟ ਦਾ ਪਰਦਾਫਾਸ ਕਰਦੇ ਹੋਏ ਹਿਮਾਚਲ ਦੇ ਭਾਗਸੂਨਾਥ ਨਿਵਾਸੀ ਸਮੇਤ ਕੁੱਲ 2 ਵਿਅਕਤੀਆਂ ਨੂੰ ਗ੍ਰਿਫਤਾਰ ਕਰਨ ਵਿਚ ਸਫਲਤਾ ਹਾਸਲ ਕੀਤੀ ਹੈ। ਕਾਬੂ ਮੁਲਜਮਾਂ ਕੋਲੋਂ ਪੁਲਸ ਨੇ ਭਾਰੀ ਮਾਤਰਾ ਵਿਚ ਹੈਰੋਇਨ ਅਤੇ ਅਫੀਮ ਦੀ ਵੱਡੀ ਖੇਪ ਬਰਾਮਦ ਕੀਤੀ ਹੈ। ਉਕਤ ਜਾਣਕਾਰੀ ਦਿੰਦਿਆਂ ਪੁਲਸ ਕਮਿਸਨਰ ਸਵਪਨ ਸਰਮਾ ਨੇ ਦੱਸਿਆ ਕਿ ਕਮਿਸਨਰੇਟ ਪੁਲਸ ਵੱਲੋਂ ਗੁਪਤ ਸੂਚਨਾ ਦੇ ਆਧਾਰ 'ਤੇ ਟੀ-ਪੁਆਇੰਟ ਪਿੰਡ ਭੋਡੇ ਸਪਰਾਏ ਮੋੜ ਜਮਸੇਰ ਰੋਡ 'ਤੇ ਵਾਹਨਾਂ ਦੀ ਚੈਕਿੰਗ ਕੀਤੀ ਜਾ ਰਹੀ ਸੀ। ਇਸ ਦੌਰਾਨ ਪੁਲਸ ਪਾਰਟੀ ਨੇ ਪਿੰਡ ਜੰਡਿਆਲਾ ਵੱਲੋਂ ਮੋਢੇ 'ਤੇ ਬੈਗ ਚੁੱਕੀ ਪੈਦਲ ਆ ਰਹੇ ਇਕ ਵਿਅਕਤੀ ਨੂੰ ਸੱਕ ਦੇ ਆਧਾਰ 'ਤੇ ਰੋਕਿਆ। ਤਲਾਸੀ ਲੈਣ 'ਤੇ ਪੁਲਸ ਨੂੰ ਉਕਤ ਵਿਅਕਤੀ ਕੋਲੋਂ 1.25 ਕਿਲੋ ਹੈਰੋਇਨ ਬਰਾਮਦ ਹੋਈ, ਜਿਸ 'ਤੇ ਪੁਲਸ ਪਾਰਟੀ ਨੇ ਤੁਰੰਤ ਕਾਰਵਾਈ ਕਰਦੇ ਹੋਏ ਮਨਜੀਤ ਸਿੰਘ ਉਰਫ ਮਨੀ ਵਾਸੀ ਪਿੰਡ ਉਮਰੇਵਾਲ ਥਾਣਾ ਮਹਿਤਪੁਰ



ਨੂੰ ਹਿਰਾਸਤ 'ਚ ਲੈ ਲਿਆ। ਪੁਲਸ ਕਮਿਸਨਰ ਨੇ ਦੱਸਿਆ ਕਿ ਮਾਮਲੇ ਦੀ ਜਾਂਚ ਦੌਰਾਨ ਪੁਲਸ ਨੂੰ ਪਤਾ ਲੱਗਾ ਕਿ ਮਨਜੀਤ ਸਿੰਘ ਅਤੇ ਇਕ ਹੋਰ ਸਾਥੀ ਨਸ਼ੇ ਵਾਲੇ ਪਦਾਰਥਾਂ ਦੀ ਸਮੱਗਲਿੰਗ ਦੇ ਦੋਸ਼ ਵਿਚ ਇਸ ਡਰੱਗ ਰੈਕੇਟ ਵਿਚ ਸ਼ਾਮਲ ਸਨ। ਉਨ੍ਹਾਂ ਦੱਸਿਆ ਕਿ ਇਸ ਤੋਂ ਬਾਅਦ ਪੁਲਸ ਪਾਰਟੀ ਨੇ ਜੁਗਰਾਜ ਸਿੰਘ ਵਾਸੀ ਭਾਗਸੂਨਾਥ (ਹਿਮਾਚਲ ਪ੍ਰਦੇਸ) ਨੂੰ ਗ੍ਰਿਫਤਾਰ ਕਰਕੇ ਉਸ ਕੋਲੋਂ 5.58 ਕਿਲੋ ਅਫੀਮ ਬਰਾਮਦ ਕੀਤੀ। ਕਮਿਸਨਰੇਟ ਪੁਲਸ ਨੇ ਦੋਵਾਂ ਮੁਲਜਮਾਂ ਖ਼ਿ?ਲਾਫ ਕੇਸ ਦਰਜ ਕਰ ਲਿਆ ਹੈ। ਕਾਬੂ ਮੁਲਜਮਾਂ ਖ਼ਿ?ਲਾਫ ਪਹਿਲਾਂ ਵੀ ਕਈ ਸ਼ਹਿਰਾਂ ਵਿਚ ਮਾਮਲੇ ਦਰਜ ਹਨ, ਜਿਨ੍ਹਾਂ ਦਾ ਪੁਲਸ ਪਤਾ ਲਾ ਰਹੀ ਹੈ। ਉਨ੍ਹਾਂ ਦੱਸਿਆ ਕਿ ਫਿਲਹਾਲ ਪੁਲਸ ਜਾਂਚ ਵਿਚ ਸਾਹਮਣੇ ਆਇਆ ਹੈ ਕਿ ਫੜੇ ਗਏ ਮੁਲਜਮਾਂ ਵਿਚੋਂ ਮਨਜੀਤ ਨੇ ਛੋਟੀ ਉਮਰ ਵਿਚ ਹੀ ਨਸਾ ਵੇਚਣਾ ਸੁਰੂ ਕਰ ਦਿੱਤਾ ਸੀ, ਜਦਕਿ ਜੁਗਰਾਜ ਕਿਸਾਨ ਹੋਣ ਕਰਕੇ ਅਤੇ ਆਮਦਨ ਘੱਟ ਹੋਣ ਕਾਰਨ ਇਸ ਡਰੱਗ ਰੈਕੇਟ ਵਿਚ ਸਾਮਲ ਹੋ ਗਿਆ। ਫ਼ਿ?ਲਹਾਲ ਪੁਲਸ ਗ੍ਰਿਫਤਾਰ ਮੁਲਜਮਾਂ ਤੋਂ ਪੁੱਛਗਿੱਛ ਕਰ ਰਹੀ ਹੈ।

# ਬਰਨਾਲਾ ਦੀ ਧੀ ਨੇ ਕੈਨੇਡਾ 'ਚ ਚਮਕਾਇਆ ਨਾਂ, ਬਣੀ ਸਹਾਇਕ ਜੇਲ੍ਹ ਸੁਪਰਡੈਂਟ

ਧਨੌਲਾ 21 ਅਗਸਤ। ਜ਼ਿ?ਲ੍ਹਾ ਬਰਨਾਲਾ ਦੇ ਪਿੰਡ ਅਤਰਗੜ੍ਹ ਦੀ ਇਕ (24) ਸਾਲਾ ਮੁਟਿਆਰ ਸਤਵੀਰ ਕੌਰ ਨੇ ਆਪਣੇ ਸੁਪਨਿਆਂ ਨੂੰ ਸਾਕਾਰ ਕਰਦਿਆਂ ਹੋਇਆਂ ਮਿਹਨਤ ਦੇ ਦਮ 'ਤੇ ਕੈਨੇਡਾ 'ਚ ਸਹਾਇਕ ਜੇਲ੍ਹ ਸੁਪਰਡੈਂਟ ਬਣਕੇ ਜ਼ਿ?ਲ੍ਹਾ ਬਰਨਾਲਾ ਦਾ ਮਾਣ ਵਧਾਇਆ ਹੈ। ਉਸ ਦੀ ਇਸ ਪ੍ਰਾਪਤੀ 'ਤੇ ਪਿੰਡ ਅਤਰਗੜ੍ਹ 'ਚ ਖੁਸ਼ੀ ਦਾ ਮਾਹੌਲ ਹੈ। ਗੱਲਬਾਤ



ਕਰਦਿਆਂ ਹੋਇਆਂ ਸਤਵੀਰ ਕੌਰ ਦੇ ਪਿਤਾ ਹਰਬੰਸ ਸਿੰਘ ਨੇ ਦੱਸਿਆ ਕਿ ਸਤਵੀਰ ਕੌਰ ਚਾਰ ਭੈਣ-ਭਰਾਵਾਂ ਵਿਚੋਂ ਸਭ ਤੋਂ ਵੱਡੀ ਹੈ, ਜਿਸ ਨੇ ਆਪਣੀ ਮੁੱਢਲੀ ਪੜ੍ਹਾਈ ਪਿੰਡ ਦੇ ਹੀ ਪ੍ਰਾਈਵੇਟ ਮਸਕਟ ਸਕੂਲ ਵਿਚ ਕੀਤੀ ਤੇ 12 ਕਲਾਸ ਮੈਡੀਕਲ ਨਾਲ ਕਿੰਗਜ਼ ਬਰਨਾਲਾ ਤੋਂ ਕਰਦਿਆਂ ਹੋਇਆਂ 2018 ਵਿਚ ਕੈਨੇਡਾ ਦੇ ਸਹਿਰ ਵਿੰਨੀਪੈਗ ਵਿਚ ਪੜ੍ਹਨ ਲਈ ਗਈ। ਕੈਨੇਡਾ ਵਿਚ ਉਸ ਨੇ ਪੜ੍ਹਾਈ ਪੂਰੀ ਕਰਨ ਉਪਰੰਤ ਸਰਕਰੀ ਬੱਸ ਦੇ ਡਰਾਈਵਰ ਵੱਜੋਂ ਨੌਕਰੀ ਹਾਸਲ ਕੀਤੀ। ਪਰ ਸਤਵੀਰ ਕੌਰ ਇਸ ਤੋਂ ਵੱਡਾ ਮੁਕਾਮ ਹਾਸਲ ਕਰਨਾ ਚਾਹੁੰਦੀ ਸੀ। ਉਸ ਨੇ ਡਰਾਇਵਰੀ ਦੇ ਨਾਲ-ਨਾਲ ਸਹਾਇਕ ਜੇਲ੍ਹ ਸੁਪਰਡੈਂਟ ਵੱਜੋਂ 16 ਅਗਸਤ 2024 ਨੂੰ ਆਪਣੀ ਟ੍ਰੇਨਿੰਗ ਪੂਰੀ ਕਰਦਿਆਂ ਉਸ ਦੀ ਚੋਣ ਹੋ ਗਈ ਤੇ ਉਹ ਹੁਣ ਕੇਨੈਡਾ ਦੇ ਅਲਬਰਟਾ ਸਹਿਰ ਤੋਂ ਕਰੀਬ 300 ਕਿਲੋਮੀਟਰ ਟਾਪੂ 'ਤੇ ਬਣੀ ਜੇਲ੍ਹ ਵਿਚ ਉਸ ਨੂੰ ਸਹਾਇਕ ਜੇਲ੍ਹ ਸੁਪਰਡੈਂਟ ਵੱਜੋਂ ਤਾਇਨਾਤ ਕੀਤਾ ਗਿਆ। ਇੱਥੇ ਉਹ 9 ਸਤੰਬਰ 2024 ਨੂੰ ਆਪਣੀ ਡਿਊਟੀ ਸੁਰੂ ਕਰ ਦੇਵੇਗੀ। ਉਸ ਦੇ ਪਿਤਾ ਨੇ ਦੱਸਿਆ ਕਿ ਸਾਡੀ ਧੀ ਦੀ ਮਿਹਨਤ ਰੰਗ ਲਿਆਈ ਹੈ। ਉਨ੍ਹਾਂ ਨੂੰ ਇਸ ਨਿਯੁਕਤੀ 'ਤੇ ਬਹੁਤ ਖੁਸ਼ੀ ਮਹਿਸੂਸ ਹੋ ਰਹੀ ਹੈ।

# ਕਲਯੁਗੀ ਚਾਚੇ ਦੀ ਕਰਤੂਤ- ਫੋਨ ਹੈਕ ਕਰ ਕੇ ਭਤੀਜੀ ਦੀਆਂ ਨਿੱਜੀ ਤਸਵੀਰਾਂ ਕੀਤੀਆਂ ਵਾਇਰਲ

ਫਿਰੋਜ਼ਪੁਰ 21 ਅਗਸਤ। ਆਪਣੀ ਭਤੀਜੀ ਦਾ ਫੋਨ ਹੈਕ ਕਰ ਕੇ ਉਸ ਦੀਆਂ ਨਿੱਜੀ ਫੋਟੋਆਂ ਵਾਇਰਲ ਕਰਨ ਵਾਲੇ ਕਲਯੁਗੀ ਚਾਚੇ ਦੇ ਖਿਲਾਫ ਪੁਲਸ ਨੇ ਜਾਂਚ ਤੋਂ ਬਾਅਦ ਪਰਚਾ ਦਰਜ ਕਰ ਲਿਆ ਹੈ। ਥਾਣਾ ਸਦਰ ਪੁਲਸ ਨੂੰ ਮਾਰਚ ਮਹੀਨੇ ਵਿਚ ਦਿੱਤੀ ਸ਼ਿਕਾਇਤ ਵਿਚ ਪਿੰਡ ਚਾਂਦੀਵਾਲਾ ਦੀ ਰਹਿਣ ਵਾਲੀ ਪੀੜਤਾ ਨੇ ਦੱਸਿਆ ਕਿ ਉਸ ਦਾ ਚਾਚਾ ਰਮਨ ਸਿੰਘ ਵਾਸੀ ਘੁਬਾਇਆ ਅਕਸਰ ਉਨਾਂ ਦੇ ਘਰ ਆਉਂਦਾ ਜਾਂਦਾ ਰਹਿੰਦਾ ਹੈ। ਉਸ ਦੇ ਚਾਚੇ ਨੇ ਉਸ ਦੇ ਫੋਨ ਤੋਂ ਵਟਸਐਪ ਸਕੈਨ ਕਰ ਲਿਆ ਅਤੇ ਉਸ ਦੀਆਂ ਆਪਣੇ ਪਤੀ ਦੇ ਨਾਲ ਖਿੱਚੀਆਂ ਹੋਈਆਂ ਕਈ ਫੋਟੋਆਂ ਹੈਕ ਕਰ ਲਈਆਂ। ਇਸ ਤੋਂ ਬਾਅਦ ਦੋਸ਼ੀ ਨੇ ਇੰਸਟਾਗ੍ਰਾਮ ਤੇ ਉਸ ਦੇ ਨਾਂ ਦੀ ਆਈ.ਡੀ. ਬਣਾ ਕੇ ਉੱਥੇ ਉਸ ਦੀਆਂ ਨਿੱਜੀ ਫੋਟੋਆਂ ਵਾਇਰਲ ਕਰ ਦਿੱਤੀਆਂ। ਇਸ ਸਬੰਧੀ ਜਦ ਉਸ ਨੂੰ ਅਤੇ ਉਸ ਦੇ ਪਤੀ ਨੂੰ ਪਤਾ ਲੱਗਾ ਤਾਂ ਉਨ੍ਹਾਂ ਨੇ ਚਾਚਾ ਰਮਨ ਸਿੰਘ ਨੂੰ ਰੋਕਣ ਦੀ ਕੋਸ਼ਿਸ਼ ਕੀਤੀ, ਪਰ ਉਹ ਉਲਟਾ ਉਨਾਂ ਨੂੰ ਬਦਨਾਮ ਕਰਨ ਦੀਆਂ ਧਮਕੀਆਂ ਦੇਣ ਲੱਗ ਪਿਆ। ਇੰਸਪੈਕਟਰ ਜਸਵੰਤ ਸਿੰਘ ਦੇ ਅਨੁਸਾਰ ਸ਼ਿਕਾਇਤ ਦੀ ਜਾਂਚ ਵਿਚ ਦੋਸ਼ ਸਹੀ ਪਾਏ ਜਾਣ 'ਤੇ ਰਮਨ ਸਿੰਘ ਦੇ ਖਿਲਾਫ ਪਰਚਾ ਦਰਜ ਕਰ ਲਿਆ ਗਿਆ ਹੈ ਅਤੇ ਉਸ ਦੀ ਭਾਲ ਕੀਤੀ ਜਾ ਰਹੀ ਹੈ।

# ਪੰਜਾਬ 'ਚ ਵੱਡਾ ਹਾਦਸਾ, ਪੁਲ ਹੇਠਾਂ ਖੜ੍ਹੇ ਨੌਜਵਾਨ 'ਤੇ ਡਿੱਗਿਆ ਪੱਥਰ, ਥਾਈਂ ਮੌਤ

ਅਬੋਹਰ 21 ਅਗਸਤ। ਅੱਜ ਸਵੇਰੇ ਅਬੋਹਰ-ਮਲੋਟ ਰੋਡ 'ਤੇ ਸਥਿਤ ਪਿੰਡ ਬੱਲੂਆਣਾ ਵਿਖੇ ਨਿਰਮਾਣ ਅਧੀਨ ਪੁਲ ਦੇ ਹੇਠਾਂ ਖੜ੍ਹੇ ਦੋ ਮਜ਼ਦੂਰਾਂ 'ਤੇ ਵੱਡਾ ਪੱਥਰ ਆ ਡਿੱਗਾ, ਜਿਸ ਕਾਰਨ ਇਕ ਮਜ਼ਦੂਰ ਨੌਜਵਾਨ ਦੀ ਮੌਤ ਹੋ ਗਈ ਜਦਕਿ ਦੂਜਾ ਨੌਜਵਾਨ ਜ਼ਖਮੀ ਹੋ ਗਿਆ, ਜਿਸ ਨੂੰ ਮੁੱਢਲੀ ਸਹਾਇਤਾ ਤੋਂ ਬਾਅਦ ਰੈਫਰ ਕਰ ਦਿੱਤਾ ਗਿਆ। ਜਾਣਕਾਰੀ ਅਨੁਸਾਰ ਬੱਲੂਆਣਾ ਦਾ ਰਹਿਣ ਵਾਲਾ 28 ਸਾਲਾ ਨੌਜਵਾਨ ਲੱਖਾ ਪੁੱਤਰ ਰਾਜ ਕੁਮਾਰ ਜੋ ਕਿ ਬੀਤੇ ਦਿਨੀਂ ਆਪਣੀਆਂ ਭੈਣਾਂ ਵੱਲੋਂ ਰੱਖੜੀ ਬੰਨ੍ਹਵਾ ਕੇ ਮਜ਼ਦੂਰੀ ਕਰਨ ਲਈ ਅੱਜ ਸਵੇਰੇ ਘਰੋਂ ਨਿਕਲਿਆ ਸੀ ਅਤੇ ਆਪਣੇ ਦੋਸਤ ਮਨਦੀਪ ਪੁੱਤਰ ਗੁਲਜ਼ਾਰ ਨਾਲ ਬੱਲੂਆਣਾ 'ਚ ਬਣ ਰਹੇ ਪੁਲ ਦੇ ਹੇਠਾਂ ਖੜ੍ਹੇ ਹੋ ਕੇ ਕਿਸੇ ਦੇ ਆਉਣ ਦੀ ਉਡੀਕ ਕਰ ਰਹੇ ਸੀ ਕਿ ਇਸੇ ਦੌਰਾਨ ਪੁੱਲ ਦੇ ਉਪਰੋਂ ਇਕ ਟਰੱਕ ਦੀ ਟੱਕਰ ਨਾਲ ਇਕ ਵੱਡਾ ਪੱਥਰ ਇਨ੍ਹਾਂ ਦੋਵਾਂ 'ਤੇ ਆ ਡਿੱਗਿਆ। ਜਿਸ ਕਾਰਨ ਲੱਖਾ ਦੀ ਮੌਕੇ 'ਤੇ ਹੀ ਮੌਤ ਹੋ ਗਈ, ਜਦ ਕਿ ਮਨਦੀਪ ਸਿੰਘ ਜ਼ਖਮੀ ਹੋ ਗਿਆ ਅਤੇ ਉਸ ਨੂੰ ਮੁੱਢਲੀ ਸਹਾਇਤਾ ਤੋਂ ਬਾਅਦ ਰੈਫਰ ਕਰਨਾ ਪਿਆ। ਥਾਣਾ ਸਦਰ ਪੁਲਸ ਨੇ ਮ੍ਰਿਤਕ ਦੀ ਲਾਸ਼ ਨੂੰ ਹਸਪਤਾਲ ਦੇ ਮੁਰਦਾਘਰ 'ਚ ਰਖਵਾਇਆ ਹੈ।

# ਖਾਣ ਯੋਗ ਨਹੀਂ ਹਨ 12 ਫੀਸਦੀ ਭਾਰਤੀ ਮਸਾਲੇ, ਟੈਸਟਿੰਗ 'ਚ 474 ਨਮੂਨੇ ਹੋਏ ਫੇਲ੍ਹ

**ਏਜੰਸੀਆਂ**

ਨਵੀਂ ਦਿੱਲੀ 21 ਅਗਸਤ। ਦੇਸ ਵਿੱਚ ਵਿਕਣ ਵਾਲੇ 12% ਮਸਾਲੇ ਗੁਣਵੱਤਾ ਅਤੇ ਸੁਰੱਖਿਆ ਮਾਪਦੰਡਾਂ ਨੂੰ ਪੂਰਾ ਨਹੀਂ ਕਰਦੇ ਹਨ। ਫੂਡ ਸੇਫਟੀ ਐਂਡ ਸਟੈਂਡਰਡ ਅਥਾਰਟੀ ਆਫ ਇੰਡੀਆ () ਨੇ 4054 ਮਸਾਲਿਆਂ ਦੇ ਨਮੂਨਿਆਂ ਦੀ ਜਾਂਚ ਕੀਤੀ, ਜਿਨ੍ਹਾਂ ਵਿੱਚੋਂ 474 ਨਮੂਨੇ ਖਾਣਯੋਗ ਨਹੀਂ ਸਨ। ਮਈ ਤੋਂ ਜੁਲਾਈ ਦਰਮਿਆਨ ਹੋਈ ਇਸ ਜਾਂਚ ਦੀ ਜਾਣਕਾਰੀ ਆਰਟੀਆਈ ਰਾਹੀਂ ਹਾਸਲ ਕੀਤੀ ਗਈ ਹੈ। ਨੇ ਅਪ੍ਰੈਲ-ਮਈ 2024 ਵਿੱਚ ਸਿੰਗਾਪੁਰ ਅਤੇ ਹਾਂਗਕਾਂਗ ਵਿੱਚ ਮਸਾਲਿਆਂ ਦੀ ਗੁਣਵੱਤਾ ਅਤੇ ਪਾਬੰਦੀ ਦੀਆਂ ਖਬਰਾਂ 'ਤੇ ਸਵਾਲ ਉਠਾਏ ਜਾਣ ਤੋਂ ਬਾਅਦ ਇਹ ਟੈਸਟ ਸੁਰੂ ਕੀਤਾ ਸੀ। ਫੂਡ ਅਥਾਰਟੀ ਐਫਐਸਐਸਏਆਈ ਨੇ ਆਪਣੇ ਜਵਾਬ ਵਿੱਚ ਕਿਹਾ ਕਿ ਟੈਸਟ ਕੀਤੇ ਗਏ ਮਸਾਲਿਆਂ ਦੇ ਬ੍ਰਾਂਡ ਵੇਰਵੇ ਉਪਲਬਧ ਨਹੀਂ ਹਨ ਪਰ ਉਹ ਗੁਣਵੱਤਾ ਅਤੇ ਸੁਰੱਖਿਆ ਮਾਪਦੰਡਾਂ ਨੂੰ ਪੂਰਾ ਨਾ ਕਰਨ ਵਾਲੀਆਂ ਕੰਪਨੀਆਂ ਵਿਰੁੱਧ ਕਾਰਵਾਈ ਕਰ ਰਹੀ ਹੈ। ਇਸ ਦੇ ਨਾਲ ਹੀ, ਅਤੇ ਨੇ ਦਾਅਵਾ ਕੀਤਾ ਕਿ ਉਨ੍ਹਾਂ ਦੇ ਉਤਪਾਦ ਖਪਤਕਾਰਾਂ ਲਈ ਸੁਰੱਖਿਅਤ ਹਨ। ਅਤੇ ਐਵਰੈਸਟ ਦੇ ਮਸਾਲੇ ਭਾਰਤੀ ਮਾਰਕੀਟ ਦੇ ਨਾਲ-ਨਾਲ ਦੁਨੀਆ ਭਰ ਵਿੱਚ



ਵੇਚੇ ਜਾਂਦੇ ਹਨ। ਜਿਓਨ ਮਾਰਕੀਟ ਰਿਸਰਚ ਅਨੁਸਾਰ, 2022 ਵਿੱਚ ਭਾਰਤ ਦੇ ਘਰੇਲੂ ਮਸਾਲਾ ਬਾਜਾਰ ਦੀ ਕੀਮਤ 87,608 ਕਰੋੜ ਰੁਪਏ ਤੋਂ ਵੱਧ ਸੀ। ਵਿੱਤੀ ਸਾਲ 2023-24 ਵਿੱਚ ਭਾਰਤ ਤੋਂ ਮਸਾਲਿਆਂ ਦੇ ਨਿਰਯਾਤ ਦਾ ਮੁੱਲ 37,425 ਕਰੋੜ ਰੁਪਏ ਤੋਂ ਵੱਧ ਹੋਣ ਦਾ ਅਨੁਮਾਨ ਹੈ। ਅਪ੍ਰੈਲ 2024 ਵਿੱਚ, ਹਾਂਗਕਾਂਗ ਅਤੇ ਸਿੰਗਾਪੁਰ ਵਿੱਚ ਸਰਕਾਰ ਦੁਆਰਾ ਅਤੇ ਐਵਰੈਸਟ ਦੇ ਚਾਰ ਮਸਾਲਿਆਂ 'ਤੇ ਪਾਬੰਦੀ ਲਗਾਉਣ ਤੋਂ ਬਾਅਦ, ਭਾਰਤ ਸਰਕਾਰ ਨੇ ਹੁਣ ਫੂਡ ਕਮਿਸਨਰਾਂ ਨੂੰ ਸਾਰੀਆਂ ਕੰਪਨੀਆਂ ਦੇ ਮਸਾਲਿਆਂ ਦੇ ਨਮੂਨੇ ਇਕੱਠੇ ਕਰਨ ਲਈ ਕਿਹਾ ਸੀ। ਮੀਡੀਆ ਰਿਪੋਰਟਾਂ 'ਚ ਦਾਅਵਾ ਕੀਤਾ ਗਿਆ ਸੀ ਕਿ ਦੋਵਾਂ ਕੰਪਨੀਆਂ ਦੇ ਇਨ੍ਹਾਂ ਉਤਪਾਦਾਂ 'ਚ ਕੀਟਨਾਸਕ 'ਈਥਲੀਨ ਆਕਸਾਈਡ' ਦੀ ਜ਼ਿ?ਆਦਾ ਮਾਤਰਾ ਹੋਣ ਕਾਰਨ ਪਾਬੰਦੀ ਲਗਾਈ ਗਈ ਸੀ। ਇਨ੍ਹਾਂ ਉਤਪਾਦਾਂ ਵਿੱਚ ਇਸ ਕੀਟਨਾਸਕ ਦੀ ਜ਼ਿ?ਆਦਾ ਮਾਤਰਾ ਹੋਣ ਕਾਰਨ ਕੈਂਸਰ ਹੋਣ ਦਾ ਖਤਰਾ ਹੈ। ਹਾਂਗਕਾਂਗ ਦੇ ਫੂਡ ਸੇਫਟੀ ਡਿਪਾਰਟਮੈਂਟ ਨੇ ਕਿਹਾ ਸੀ ਕਿ ਗਰੁੱਪ ਦੇ ਤਿੰਨ ਮਸਾਲਿਆਂ ਦੇ ਮਿਸਰਣਾਂ - ਮਦਰਾਸ ਕਰੀ ਪਾਊਡਰ, ਸਾਂਭਰ ਮਸਾਲਾ ਪਾਊਡਰ ਅਤੇ ਕਰੀ ਪਾਊਡਰ ਵਿੱਚ ਉੱਚ ਮਾਤਰਾ ਵਿੱਚ ਐਥੀਲੀਨ ਆਕਸਾਈਡ ਪਾਇਆ ਗਿਆ ਸੀ। ਇਹ ਕਾਰਸੀਨੋਜਨਿਕ ਕੀਟਨਾਸਕ ਐਵਰੈਸਟ ਦੇ ਫਿਸ ਕਰੀ ਮਸਾਲਾ ਵਿੱਚ ਵੀ ਪਾਇਆ ਗਿਆ ਸੀ।

# ਸਪਾਂਸਰਸ਼ਿਪ ਤੇ ਫੌਸਟਰ ਕੇਅਰ ਸਕੀਮ ਲਾਗੂ ਕਰਨ 'ਚ ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ ਮੋਹਰੀ: ਡਾ. ਬਲਜੀਤ ਕੌਰ

**ਏਜੰਸੀਆਂ**

ਚੰਡੀਗੜ੍ਹ/ਮਲੋਟ 21 ਅਗਸਤ। ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਆਰਥਿਕ ਤੌਰ 'ਤੇ ਕਮਜ਼ੋਰ ਵਰਗਾਂ ਦੇ ਉਥਾਨ ਕਰਨ ਨੂੰ ਤਰਜੀਹ ਦਿੱਤੀ ਜਾ ਰਹੀ ਹੈ ਕਿਉਂਕਿ ਰੰਗਲੇ ਪੰਜਾਬ ਦੇ ਸੰਕਲਪ ਦੀ ਸਿੱਧੀ ਲਈ ਲਾਜਮੀ ਹੈ ਕਿ ਸਮਾਜ ਦੇ ਹਰ ਵਰਗ ਨੂੰ ਤਰੱਕੀ ਦੇ ਬਰਾਬਰ ਮੌਕੇ ਮਿਲਣ। ਇਹ ਸ਼ਬਦ ਪੰਜਾਬ ਦੇ ਸਮਾਜਿਕ ਸੁਰੱਖਿਆ, ਇਸਤਰੀ ਤੇ ਬਾਲ ਵਿਕਾਸ ਮੰਤਰੀ ਡਾ. ਬਲਜੀਤ ਕੌਰ ਨੇ ਮਲੋਟ ਵਿਖੇ ਬੇਸਹਾਰਾ ਬੱਚਿਆਂ ਦੀ ਭਲਾਈ ਲਈ ਸਰਕਾਰ ਵੱਲੋਂ ਚਲਾਈ ਜਾ ਰਹੀ ਸਪਾਂਸਰਸ਼ਿ?ਪ ਅਤੇ ਫੌਸਟਰ ਕੇਅਰ ਸਕੀਮ ਅਧੀਨ ਲਾਭਪਾਤਰੀਆਂ ਨੂੰ ਵਿੱਤੀ ਲਾਭ ਦੇਣ ਲਈ ਚੈਕ ਵੰਡਣ ਲਈ ਕਰਵਾਏ ਸਮਾਗਮ ਦੌਰਾਨ ਸੰਬੋਧਨ ਕਰਦਿਆਂ ਆਖੇ। ਇਸ ਮੌਕੇ ਉਨ੍ਹਾਂ ਨੇ ਆਖਿਆ ਕਿ ਹੁਣ ਤੱਕ ਕਰੀਬ 3 ਹਜਾਰ ਅਰਜੀਆਂ ਪ੍ਰਾਪਤ ਹੋਈਆਂ ਤੇ ਸੂਬੇ ਦੇ 1704 ਬੱਚਿਆਂ ਦੀ ਵਿੱਤੀ ਸਹਾਇਤਾ ਲਈ ਚਾਲੂ ਵਿੱਤੀ ਸਾਲ ਦੌਰਾਨ 7.91 ਕਰੋੜ ਰੁਪਏ ਜਾਰੀ ਕੀਤੇ ਗਏ ਹਨ। ਕੈਬਨਿਟ ਮੰਤਰੀ ਨੇ ਕਿਹਾ ਕਿ ਇਹ ਜਰੂਰੀ ਹੈ ਕਿ ਜੋ ਸਮਾਜ ਵਿਚ ਪਿੱਛੇ ਛੁੱਟ ਗਏ ਹਨ ਉਨ੍ਹਾਂ ਦੀ ਸਰਕਾਰ ਮਦਦ ਕਰੇ ਅਤੇ ਉਨ੍ਹਾਂ ਨੂੰ ਵੀ ਸਮਾਜ ਦੀ ਮੁੱਖ ਧਾਰਾ ਦਾ ਹਿੱਸੇਦਾਰ ਬਣਾਇਆ ਜਾਵੇ। ਉਨ੍ਹਾਂ ਨੇ ਕਿਹਾ ਕਿ ਰੰਗਲੇ ਪੰਜਾਬ ਦੇ ਸੁਪਨੇ ਨੂੰ ਸਕਾਰ ਕਰਨ ਲਈ ਜਰੂਰੀ ਹੈ ਕਿ ਹਰ ਇਕ ਨਾਗਰਿਕ ਨੂੰ ਅੱਗੇ ਵੱਧਣ ਲਈ ਬਰਾਬਰ ਦੇ ਮੌਕੇ ਮਿਲਣ। ਇਸੇ ਲਈ ਜਿੰਨ੍ਹਾਂ ਬੱਚਿਆਂ ਦੇ ਮਾਪਿਆਂ ਦੀ ਮੌਤ ਹੋ ਗਈ, ਤਲਾਕ ਹੋ ਗਿਆ ਜਾਂ ਮਾਪੇ ਕਿਸੇ ਗੰਭੀਰ ਬਿਮਾਰੀ ਤੋਂ ਪੀੜਤ ਹਨ ਜਾਂ ਕਿਸੇ ਕਾਰਨ ਜੇਲ੍ਹ ਵਿਚ ਬੰਦ ਹਨ ਅਜਿਹੇ ਬੱਚਿਆ ਨੂੰ ਇਸ ਸਕੀਮ ਤਹਿਤ 4000 ਰੁਪਏ ਪ੍ਰਤੀ ਮਹੀਨਾ ਦੀ ਮਦਦ ਦਿੱਤੀ ਜਾਂਦੀ ਹੈ ਤਾਂ ਜੋ ਇਹ ਬੱਚੇ ਕਿਸੇ ਤੇ ਬੋਝ ਨਾ ਬਣਨ ਸਗੋਂ ਚੰਗੀ ਵਿਦਿਆ ਹਾਸਲ ਕਰਕੇ ਸਮਾਜ ਦੇ ਜਿੰਮੇਵਾਰ ਨਾਗਰਿਕ ਬਣਨ। ਉਨ੍ਹਾਂ ਨੇ ਕਿਹਾ ਕਿ ਗਰੀਬੀ ਦੇ ਖੂਹ ਤੋਂ ਬਾਹਰ ਨਿਕਲਣ ਲਈ ਪੜ੍ਹਾਈ ਹੀ ਇਕੋ ਇਕ ਪੌੜੀ ਹੈ। ਕੈਬਨਿਟ ਮੰਤਰੀ ਨੇ ਕਿਹਾ ਕਿ ਸਪਾਂਸਰਸ਼ਿ?ਪ ਸਕੀਮ ਤਹਿਤ ਚਾਲੂ ਵਿੱਤੀ ਸਾਲ 2024-25 ਦੌਰਾਨ ਪੰਜਾਬ ਸਰਕਾਰ ਵੱਲੋਂ 7.91 ਕਰੋੜ ਰੁਪਏ ਸਪਾਂਸਰਸ਼ਿਪ ਸਕੀਮ ਅਧੀਨ ਜਾਰੀ ਕੀਤੇ ਗਏ ਹਨ। 31 ਮਾਰਚ 2025 ਤੱਕ 07 ਹਜਾਰ ਬੱਚੇ ਇਸ ਸਕੀਮ ਅਧੀਨ ਕਵਰ ਕੀਤੇ ਜਾਣੇ ਹਨ। ਉਨ੍ਹਾਂ ਨੇ ਕਿਹਾ ਕਿ ਸਰਕਾਰ ਵੱਲੋਂ ਹੈਲਪ ਲਾਈਨ ਨੰਬਰ 1098 ਕਾਰਜਸੀਲ ਹੈ। ਜਿਸ ਕਿਸੇ ਨੂੰ ਵੀ ਕੋਈ ਵੀ ਬੇਸਹਾਰਾ, ਬਾਲ ਮਜਦੂਰੀ ਕਰਦਾ ਜਾਂ ਭੀਖ ਮੰਗਦਾ ਬੱਚਾ ਮਿਲਦਾ ਹੈ ਤਾਂ ਇਸ ਨੰਬਰ ਉੱਤੇ ਜਾ ਸੂਚਨਾ ਦਿੱਤੀ ਜਾਵੇ। ਸੂਚਨਾ ਮਿਲਣ 'ਤੇ ਫੌਰੀ ਕਾਰਵਾਈ ਅਮਲ ਵਿੱਚ



ਲਿਆਂਦੀ ਜਾਵੇਗੀ। ਇਸ ਹੈਲਪਲਾਈਨ ਦੀ ਸੁਚੱਜੀ ਕਾਰਜਪ੍ਰਣਾਲੀ ਲਈ ਡਾ. ਬਲਜੀਤ ਕੌਰ ਨੇ ਦੱਸਿਆ ਕਿ ਇਸ ਸਕੀਮ ਅਧੀਨ ਜਿਨ੍ਹਾਂ ਪਰਿਵਾਰਾਂ ਦੀ ਸਲਾਨਾ ਆਮਦਨ ਸ਼ਹਿਰੀ ਖੇਤਰ ਵਿੱਚ 96000 ਰੁਪਏ ਅਤੇ ਪੇਂਡੂ ਖੇਤਰਾਂ ਵਿੱਚ 72000 ਰੁਪਏ ਤੱਕ ਹੈ, ਲਾਭ ਲੈਣ ਦੇ ਯੋਗ ਹਨ। ਆਰਥਿਕ ਤੌਰ 'ਤੇ ਕਮਜੋਰ ਪਰਿਵਾਰ ਦੇ ਬੱਚੇ ਜੋ ਇਸ ਸਕੀਮ ਦਾ ਲਾਭ ਲੈਣਾ ਚਾਹੁੰਦੇ ਹਨ ਉਹ ਇਸ ਸਕੀਮ ਸਬੰਧੀ, ਯੋਗਤਾਵਾਂ, ਆਦਿ ਸਬੰਧੀ ਸੂਚਨਾ ਆਪਣੇ ਜ਼ਿਲ੍ਹੇ ਦੇ ਜ਼ਿਲ੍ਹਾ ਬਾਲ ਸੁਰੱਖਿਆ ਯੂਨਿਟ ਜਾਂ ਬਾਲ ਭਲਾਈ ਕਮੇਟੀ ਤੋਂ ਪ੍ਰਾਪਤ ਕਰ ਕੇ ਯੋਗਤਾ ਅਨੁਸਾਰ ਆਪਣੀ ਅਰਜ਼ੀ ਦੇ ਸਕਦਾ ਹੈ। ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੈਬਨਿਟ ਮੰਤਰੀ ਨੇ ਕਿਹਾ ਕਿ ਕਲੱਕਤਾ ਵਿਚ ਇਕ ਮਹਿਲਾ ਡਾਕਟਰ ਨਾਲ ਹੋਈ ਅਣਹੋਣੀ ਦੇ ਮੱਦੇਨਜਰ ਪੰਜਾਬ ਸਰਕਾਰ ਵੱਲੋਂ ਚਲਾਈ ਜਾ ਰਹੀ 181 ਹੈਲਪਲਾਈਨ ਨੂੰ ਹੋਰ ਵਧੇਰੇ ਲਾਭਦਾਇਕ ਬਣਾਉਣ ਲਈ ਹੋਰ ਭਰਤੀ ਕੀਤੀ ਜਾਵੇਗੀ। ਇਸੇ ਤਰਾਂ ਔਰਤਾਂ ਖਿਲਾਫ ਅਪਰਾਧਾਂ ਦੇ ਕੇਸਾਂ ਵਿਚ ਦੋਸ਼ੀਆਂ ਨੂੰ ਸਖਤ ਸਜਾ ਮਿਲੇ ਇਸ ਲਈ ਕਾਨੂੰਨ ਹੋਰ ਸਖਤ ਕੀਤੇ ਜਾਣਗੇ ਅਤੇ ਕੰਮਕਾਜੀ ਥਾਂਵਾਂ ਤੇ ਖਾਸ ਕਰਕੇ ਜਿੱਥੇ ਰਾਤ ਸਮੇਂ ਵੀ ਔਰਤਾਂ ਨੂੰ ਕੰਮ ਕਰਨਾ ਪੈਂਦਾ ਹੈ ਵਿਖੇ ਸੁਰੱਖਿਆ ਯਕੀਨੀ ਬਣਾਈ ਜਾਵੇਗੀ।

# ਚਿੱਟੇ ਬਦਲੇ ਜਿਸਮ ਦੀ ਡੀਲ ਕਰ ਰਹੀ ਸੀ ਔਰਤ ! ਨਹੀਂ ਮੰਨੇ ਮੁੰਡੇ ਤਾਂ

ਜਲੰਧਰ 21 ਅਗਸਤ। ਦੇਰ ਰਾਤ ਜਲੰਧਰ ਬੱਸ ਸਟੈਂਡ 'ਤੇ ਭਾਰੀ ਹੰਗਾਮਾ ਹੋ ਗਿਆ। ਬੱਸ ਸਟੈਂਡ ਨੇੜੇ ਰੋਟੀ ਪੈਕ ਕਰਵਾਉਣ ਆਏ ਇਕ ਵਿਅਕਤੀ ਨੇ ਇਕ ਔਰਤ 'ਤੇ ਦੇਹ ਵਪਾਰ ਦਾ ਧੰਦਾ ਕਰਨ ਦਾ ਦੋਸ ਲਗਾਇਆ ਹੈ। ਜਦੋਂ ਉਸ ਨੂੰ ਰੋਕਿਆ ਗਿਆ ਤਾਂ ਉਸ ਨੇ ਹੰਗਾਮਾ ਕਰਨਾ ਸੂਰੂ ਕਰ ਦਿੱਤਾ। ਜਿਸ ਔਰਤ 'ਤੇ ਦੋਸ ਲਾਏ ਜਾ ਰਹੇ ਸਨ, ਨੇ ਕਿਹਾ ਕਿ ਉਸ ਨਾਲ ਛੇੜਛਾੜ ਕੀਤੀ ਗਈ ਹੈ। ਜਿਸ ਤੋਂ ਬਾਅਦ ਥਾਣਾ ਡਵੀਜਨ ਨੰਬਰ 6 ਦੀ ਚੌਕੀ ਬੱਸ ਸਟੈਂਡ ਦੀ ਪੁਲਸ ਨੇ ਪਹੁੰਚ ਕੇ ਕਿਸੇ ਤਰ੍ਹਾਂ ਮਾਮਲਾ ਸਾਂਤ ਕੀਤਾ। ਮਕਸੂਦਾਂ ਵਾਸੀ ਇੰਦਰਜੀਤ ਨੇ ਦੱਸਿਆ ਕਿ ਉਹ ਸੋਮਵਾਰ ਰਾਤ ਨੂੰ ਰੋਟੀ ਲੈਣ ਲਈ ਬੱਸ ਸਟੈਂਡ ਨੇੜੇ ਆਇਆ ਸੀ। ਜਦੋਂ ਇੰਦਰਜੀਤ ਰੋਟੀ ਲੈ ਰਿਹਾ ਸੀ ਤਾਂ ਉਕਤ ਔਰਤ ਨੇ ਬਾਹਰੋਂ ਆਏ ਮੁੰਡਿਆਂ ਨੂੰ ਗਾਲ੍ਹਾਂ ਕੱਢਣੀਆਂ ਸੁਰੂ ਕਰ ਦਿੱਤੀਆਂ। ਮੁੰਡਿਆਂ ਨੇ ਦੱਸਿਆ ਕਿ ਔਰਤ ਨਸ਼ੇ 'ਚ ਟੁੰਨ ਸੀ ਅਤੇ ਦੇਹ ਵਪਾਰ ਦੀ ਡੀਲ ਕਰ ਰਹੀ ਸੀ। ਇੰਦਰਜੀਤ ਦਾ ਦੋਸ ਹੈ ਕਿ ਉਕਤ ਔਰਤ ਨੌਜਵਾਨਾਂ ਦੇ ਮਗਰ ਲੱਗੀ ਹੋਈ ਸੀ ਕਿ ਉਹ ਉਨ੍ਹਾਂ ਨਾਲ ਮੁਫਤ 'ਚ ਸੌਂਵੇਗੀ, ਪਰ ਬਦਲੇ 'ਚ ਉਸ ਨੂੰ ਚਿੱਟਾ (ਨਸਾ) ਦਿੱਤਾ ਜਾਵੇ। ਇਸ ਦੇ ਨਾਲ ਹੀ ਇੰਦਰਜੀਤ ਨੇ ਦੋਸ ਲਾਇਆ ਹੈ ਕਿ ਜਦੋਂ ਉਕਤ ਔਰਤ ਵੱਲੋਂ ਉਨ੍ਹਾਂ 'ਤੇ ਪਥਰਾਅ ਵੀ ਕੀਤਾ ਗਿਆ। ਉੱਥੇ ਹੀ ਔਰਤ ਨੇ ਸਾਰੇ ਦੋਸਾਂ ਤੋਂ ਨਕਾਰਦਿਆਂ ਕਿਹਾ ਕਿ ਉਸ ਨਾਲ ਛੇੜਛਾੜ ਕੀਤੀ ਗਈ ਹੈ। ਉਸ ਨੇ ਕਿਹਾ ਕਿ ਉਹ ਦਿੱਲੀ ਜਾਣ ਲਈ ਇੱਥੇ ਆਈ ਸੀ, ਪਰ ਇੱਥੇ ਉਸ ਨਾਲ ਛੇੜਛਾੜ ਕੀਤੀ ਗਈ। ਹਾਲਾਂਕਿ ਕੁਝ ਸਮੇਂ ਬਾਅਦ ਔਰਤ ਅਜੀਬ ਹਰਕਤਾਂ ਕਰਨ ਲੱਗ ਪਈ ਤੇ ਅਤੇ ਗੱਲ ਕਰਦੇ ਹੋਏ ਭੱਜ ਗਈ।